ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।

12ਵਾਂ ਸਾਲ

ਹਫਤਾਵਾਰੀ

ਦੇਸ਼ ਦੁਆਬਾ

VOL - 12 ISSUE - 41

January 17, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਭਾਈ ਹਿੰਮਤ ਸਿੰਘ ਜੋ ਪੰਜ ਪਿਆਰਿਆਂ ਵਿਚ ਸ਼ਾਮਿਲ ਸਨ, ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ

ਅੰਮ੍ਰਿਤਸਰ (ਬਿਊਰੋ)– ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਤੋਂ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪਾਵਨ ਸਰੂਪ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਗਏ ਅਤੇ ਬੈਂਡ ਪਾਰਟੀਆਂ ਨੇ ਸ਼ਬਦ ਗਾਇਨ ਕੀਤਾ।

ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਜਾਹੋ-ਜਲਾਲ ਨਾਲ ਮਨਾਇਆ ਗਿਆ। ਇਸ ਮੌਕੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਹੋਰ ਹਸਤੀਆਂ ਨੇ ਤਖ਼ਤ ਵਿਖੇ ਮੱਥਾ ਟੇਕਿਆ। ਪ੍ਰਕਾਸ਼ ਪੁਰਬ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪੁੱਜੀ।

17 ਜਨਵਰੀ ਨੂੰ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੁਨੀਆ ਵਿਚ ਕ੍ਰਾਂਤੀਕਾਰੀ, ਵਿਦਵਾਨ, ਧਾਰਮਿਕ ਤੇ ਰਾਜਨੀਤਕ ਰਾਹ-ਦਸੇਰੇ ਤਾਂ ਲੱਖਾਂ ਹੋਣਗੇ ਪਰ ਮਾਨਵ ਜਾਤੀ ਦੇ ਕਲਿਆਣ ਵਾਸਤੇ ਪੂਰਾ ਪਰਿਵਾਰ ਕੁਰਬਾਨ ਕਰ ਦੇਣ ਵਾਲੇ ਸਿਰਫ ਤੇ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਹੋਏ ਹਨ। ਗੁਰੂ ਸਾਹਿਬ ਨੇ ਸੰਸਾਰੀ ਜਾਮੇ ਵਿਚ ਵਿਚਰਦਿਆਂ ਮਨੁੱਖੀ ਅਧਿਕਾਰਾਂ, ਸਰਬ-ਸਾਂਝੀਵਾਲਤਾ, ਮਨੁੱਖੀ ਬਰਾਬਰੀ ਅਤੇ ਧਰਮ ਦੀ ਆਜ਼ਾਦੀ ਲਈ ਸੰਘਰਸ਼ ਕੀਤਾ ਜੋ ਰਹਿੰਦੀ ਦੁਨੀਆ ਤੱਕ ਮਨੁੱਖਤਾ ਲਈ ਪ੍ਰੇਰਨਾ-ਸਰੋਤ ਰਹੇਗਾ।

ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸੂਬਾ ਵਾਸੀਆਂ ਨੂੰ ਵਧਾਈ ਦਿੱਤੀ ਹੈ। ਸ੍ਰੀ ਪੁਰੋਹਿਤ ਨੇ ਸਾਰਿਆਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਆਦਰਸ਼ਾਂ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸੱਦਾ ਦਿੱਤਾ।

ਮੋਦੀ ਨੇ ਪ੍ਰਕਾਸ਼ ਪੁਰਬ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ 10ਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੇ ਪ੍ਰਕਾਸ਼ ਪੁਰਬ 'ਤੇ ਸ਼ਰਧਾਂਜਲੀ ਭੇਟ ਕੀਤੀ। 'ਐਕਸ' 'ਤੇ ਪੋਸਟ ਵਿਚ ਸ੍ਰੀ ਮੋਦੀ ਨੇ ਕਿਹਾ, 'ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੇ ਪ੍ਰਕਾਸ਼ ਉਤਸਵ 'ਤੇ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਉਨ੍ਹਾਂ ਦੀ ਹਿੰਮਤ ਦੇ ਨਾਲ-ਨਾਲ ਦਇਆ ਨੂੰ ਵੀ ਯਾਦ ਕਰਦਾ ਹਾਂ। ਉਨ੍ਹਾਂ ਦਾ ਜੀਵਨ ਬਹੁਤ ਸਾਰੇ ਲੋਕਾਂ ਲਈ ਤਾਕਤ ਦਾ ਸਰੋਤ ਬਣਇਆ ਹੋਇਆ ਹੈ।'

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ

(ਰਿਪੋਰਟ ਦੇਖੋ ਸਫਾ 25 'ਤੇ)

ਕੈਨੇਡਾ ਪੜ੍ਹਨ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਕਮੀ

ਓਟਵਾ (ਬਿਊਰੋ)– ਕੈਨੇਡਾ ਵਿੱਚ ਸਿੱਖ ਵੱਖਵਾਦੀ ਆਗੂ ਦੇ ਕਤਲ ਤੋਂ ਬਾਅਦ ਪੈਦਾ ਹੋਏ ਕੂਟਨੀਤਕ ਵਿਵਾਦ ਕਾਰਨ ਭਾਰਤ ਵੱਲੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢੇ ਜਾਣ ਤੋਂ ਬਾਅਦ ਪਿਛਲੇ ਸਾਲ ਦੇ ਅਖੀਰ ਵਿੱਚ ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਸਟੱਡੀ ਪਰਮਿਟਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਕਮੀ ਆਈ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇੰਟਰਵਿਊ ਵਿੱਚ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਗਿਣਤੀ ਨੇੜੇ ਭਵਿੱਖ ਵਿੱਚ ਵਧਣ ਦੀ ਸੰਭਾਵਨਾ ਨਹੀਂ ਹੈ। ਭਾਰਤ 'ਚ ਬਹੁਤ ਸਾਰੀਆਂ ਅਰਜ਼ੀਆਂ ਨੂੰ ਪ੍ਰੋਸੈਸ ਕਰਨ ਦੀ ਸਮਰੱਥਾ ਅੱਧੀ ਰਹਿ ਗਈ ਹੈ। ਇਸ ਤੋਂ ਇਲਾਵਾ ਵਿਵਾਦ ਨੇ ਭਾਰਤੀ ਵਿਦਿਆਰਥੀਆਂ ਨੂੰ ਦੂਜੇ ਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਪ੍ਰੇਰਿਆ ਹੈ। ਇਨ੍ਹਾਂ ਕਾਰਕਾਂ ਕਾਰਨ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿੱਚ ਭਾਰਤੀਆਂ ਨੂੰ ਜਾਰੀ ਕੀਤੇ ਵਿਦਿਆਰਥੀ ਪਰਮਿਟਾਂ ਵਿੱਚ ਪਿਛਲੀ ਤਿਮਾਹੀ ਤੋਂ 86 ਫੀਸਦ ਦੀ ਗਿਰਾਵਟ ਆਈ, ਜੋ 108,940 ਤੋਂ 14,910 ਰਹਿ ਗਈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK

1003 Moffat Blvd,
Manteca CA 95336

209-239-1551

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE
FOR SAFETY, AUDITS AND
RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੁਨੀਆਂ ਦੀਆਂ ਦਸ ਸ਼ਕਤੀਸ਼ਾਲੀ ਔਰਤਾਂ 'ਚ ਸ਼ੁਮਾਰ ਹੈ ਭੈਣ ਕੁਮਾਰੀ ਮਾਇਆਵਤੀ - ਸੁਲਹਾਣੀ

ਬਹੁਜਨ ਸਮਾਜ ਬਨਾਉਣ ਲਈ ਦਿਆਨਤਦਾਰੀ ਨਾਲ ਆਪਣਾ ਯੋਗਦਾਨ ਪਾਉਣ ਬਸਪਾ ਕਾਰਜਕਰਤਾ -ਭੈਣੀ

ਭੈਣ ਕੁਮਾਰੀ ਮਾਇਆਵਤੀ ਦਾ ਸਿੱਕਾ ਉਹਨਾਂ ਦੇ ਵਿਰੋਧੀ ਧਿਰਾਂ ਵੀ ਮੰਨਦੇ ਹਨ। ਉਹ ਆਪਣੇ ਮਿਸ਼ਨ ਪ੍ਰਤੀ ਅਡਿੱਗ, ਅਡੋਲ ਤੇ ਸਮਰਪਿਤ ਹੈ। ਉਹ ਬਹੁਜਨ ਸਮਾਜ ਦੇ ਹਿਤਾਂ ਲਈ ਵੱਡੀ ਕੁਰਸੀ ਨੂੰ ਲੱਤ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਬਹੁਤ ਵੱਡੀ ਗੱਲ ਹੈ ਮਾਇਆਵਤੀ ਹੋਣਾ। ਤਿਆਗ ਦੀ ਮੂਰਤ ਅਤੇ ਸੰਘਰਸ਼ ਦੀ ਪ੍ਰਤੀਕ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਦੁਨੀਆਂ ਭਰਦੀਆਂ ਦਸ ਸ਼ਕਤੀਸ਼ਾਲੀ ਔਰਤਾਂ ਵਿਚ ਸ਼ੁਮਾਰ ਹੋਣਾ ਇਕ ਸਧਾਰਨ ਪ੍ਰਵਾਰ ਵਿਚ ਪੈਦਾ ਹੋਕੇ ਅਜਿਹਾ ਉਚਾ ਮੁਕਾਮ ਹਾਸਲ ਕਰਨਾ ਉਹਨਾਂ ਦੀ ਮਿਹਨਤ ਦਿਆਨਤਦਾਰੀ ਅਤੇ ਰਹਿਬਰਾਂ ਦੇ ਮਿਸ਼ਨ ਪ੍ਰਤੀ ਸਮਰਪਿਤ ਦਾ ਲਖਾਇਕ ਹੈ। ਬੇਸ਼ਕ ਗੋਦੀ ਮੀਡੀਆ ਉਹਨਾਂ ਦਾ ਅਕਸ ਵਿਗਾੜਨ ਲਈ ਕੋਈ ਮੌਕਾ ਨਹੀਂ ਗਵਾਉਂਦਾ ਪਰ ਕੌਮੀ ਰਾਜਨੀਤੀ ਵਿਚੋਂ ਬਸਪਾ ਸੁਪ੍ਰੀਮੋ ਮਾਇਆਵਤੀ ਦੀ ਵੱਡੀ ਤਾਕਤ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਸਪਾ ਪੰਜਾਬ ਦੇ ਜਨਰਲ ਸਕੱਤਰ ਸਰਦਾਰ ਲਾਲ ਸਿੰਘ ਸੁਲਹਾਣੀ ਨੇ ਮਿਤੀ 15 ਜਨਵਰੀ 2024 ਦਿਨ ਸੋਮਵਾਰ ਨੂੰ ਬਹੁਜਨ ਸਮਾਜ ਦੀ ਸਨਮਾਨਯੋਗ ਆਗੂ ਅਤੇ ਬਸਪਾ ਸੁਪ੍ਰੀਮੋ ਆਇਰਨ ਲੇਡੀ ਭੈਣ ਕੁਮਾਰੀ ਮਾਇਆਵਤੀ ਜੀ ਦੇ 68 ਵੇਂ ਜਨਮ ਦਿਨ ਮੌਕੇ ਸ਼ਹੀਦੀ ਸਮਾਰਕ ਕੋਟ ਕਪੂਰਾ ਕੀਤਾ। ਸ ਸੁਲਹਾਣੀ ਨੇ ਦੱਸਿਆ ਕਿ ਚਾਰ ਵਾਰ ਉਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਦੀ ਮੁਖ ਮੰਤਰੀ ਬਣਕੇ ਉਹਨਾਂ ਨੇ ਆਪਣੇ ਹੁਨਰਮੰਦ ਤੇ ਲਾਇਕ ਸ਼ਾਸਕ ਹੋਣ ਦਾ ਸਬੂਤ ਦਿੱਤਾ ਹੈ ਜਿਸ ਦਾ ਲੋਹਾ ਵਿਰੋਧੀ ਆਗੂ ਵੀ ਮੰਨਦੇ ਹਨ। ਉਹਨਾਂ ਨੇ ਆਪਣੇ



ਸ਼ਾਸਨ ਦੌਰਾਨ ਗੁੰਡਾਗਰਦੀ ਨੂੰ ਨਦੀ ਪਾਈ। ਹਰ ਵਰਗ ਨੂੰ ਇਨਸਾਫ ਦਿੱਤਾ ਅਤੇ ਬਹੁਮੰਤਵੀ ਵਿਕਾਸ ਕਾਰਜ ਕਰਵਾਏ।

ਬਹੁਜਨ ਸਮਾਜ ਪਾਰਟੀ ਦੇ ਚੋਣਵੇਂ ਆਗੂਆਂ ਤੇ ਵਰਕਰਾਂ ਵਲੋਂ ਲੱਡੂ ਵੰਡ ਕੇ ਅਤੇ ਢੋਲ ਢਮੱਕੇ ਵਜਾਉਂਦਿਆਂ ਕੌਮੀ ਬੋਲੀਆਂ ਪਾ ਕੇ ਨੱਚ ਟੱਪ ਕੇ ਪੂਰੇ ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਏ ਗਏ ਇਸ ਸਮਾਗਮ ਦੇ ਮੁੱਖ ਮਹਿਮਾਨ ਸਰਦਾਰ ਅਜੀਤ ਸਿੰਘ ਜੀ ਭੈਣੀ ਇੰਚਾਰਜ ਬਸਪਾ ਪੰਜਾਬ ਅਤੇ ਚੰਡੀਗੜ੍ਹ ਨੇ ਆਖਿਆ ਕਿ ਇਹ ਦੇਸ਼ ਦੇ ਲੋਕਾਂ ਦੀ ਤਕਦੀਰ ਬਦਲਣ ਲਈ ਚੁਣਾਵੀ ਵਰ੍ਹਾ ਹੈ ਬਸਪਾ ਵਰਕਰ ਬਹੁਜਨ ਸਮਾਜ ਬਣਾਉਣ ਲਈ ਮਿਹਨਤ ਤੇ ਦਿਆਨਤਦਾਰੀ ਨਾਲ ਆਪਣਾ ਯੋਗਦਾਨ ਪਾਉਣ ਤਾਂ ਕਿ ਬਸਪਾ ਸੁਪ੍ਰੀਮੋ ਨੂੰ ਪ੍ਰਧਾਨ ਮੰਤਰੀ ਬਣਾਇਆ ਜਾ ਸਕੇ। ਇਸ ਸ਼ੁਭ ਮੌਕੇ ਸ੍ਰੀ ਸੰਤ ਰਾਮ ਜੀ ਮਲੀਆਂ ਸਕੱਤਰ ,ਸ੍ਰੀ ਓਮ ਪ੍ਰਕਾਸ਼ ਜੀ ਸਰੋਏ ਇੰਚਾਰਜ ਲੋਕ ਸਭਾ ਫਿਰੋਜਪੁਰ ,ਐਡ-ਵੋਕੇਟ ਸ੍ਰੀ ਅਵਤਾਰ ਕਿਸ਼ਨ ਸਕੱਤਰ ਬਸਪਾ ਪੰਜਾਬ, ਸ੍ਰ. ਕੇਵਲ ਸਿੰਘ ਜੀ ਸੂਬਾ ਮੈਂਬਰ, ਸ੍ਰ।ਗੁਰਬਖਸ਼ ਸਿੰਘ ਜੀ ਚੌਹਾਨ ਲੋਕ ਸਭਾ ਇੰਚਾਰਜ, ਸ੍ਰ. ਮੰਦਰ ਸਿੰਘ ਜੀ ਸਰਾਏ ਨਾਗਾ ਪ੍ਰਧਾਨ ਬਸਪਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸ੍ਰ।ਬਲਵਿੰਦਰ ਸਿੰਘ ਜੀ ਮਲਵਾਲ ਪ੍ਰਧਾਨ ਬਸਪਾ ਜਿਲ੍ਹਾ ਫਿਰੋਜਪੁਰ, ਸ੍ਰੀ ਲਛਮਣ ਸਿੰਘ ਚੋਪੜਾ ਹਲਕਾ ਪ੍ਰਧਾਨ ਕੋਟਕਪੂਰਾ ਸ੍ਰੀ ਗੁਰਪ੍ਰੀਤ ਸਿੰਘ ਹਲਕਾ ਪ੍ਰਧਾਨ ਜੈਤੋ, ਸ੍ਰ. ਤਰਸੇਮ ਸਿੰਘ ਜੀ ਲੱਖੇਵਾਲੀ ਇੰਚਾਰਜ ਬਸਪਾ ਸ੍ਰੀ ਮੁਕਤਸਰ ਸਾਹਿਬ, ਸ ਜੁਗਰਾਜ ਸਿੰਘ ਜੀ ਰੁਪਾਣਾ ਇੰਚਾਰਜ ਬਸਪਾ ਵਿਧਾਨ ਸਭਾ ਹਲਕਾ ਮਲੋਟ, ਸੂਬੇਦਾਰ ਦਰਸ਼ਨ ਸਿੰਘ ਫਰੀਦਕੋਟ, ਸ੍ਰ. ਬੂਟਾ ਸਿੰਘ ਜੀ ਰੁਪਾਣਾ, ਸੁਖਵੰਤ ਸਿੰਘ ਰੱਤਾ ਟਿੱਬਾ, ਸ ਸੂਬਾ ਸਿੰਘ ਭਾਗਸਰ, ਸ ਇਕਬਾਲ ਸਿੰਘ ਲੱਖੇਵਾਲੀ, ਸ ਬਲਦੇਵ ਸਿੰਘ ਲੱਖੇਵਾਲੀ, ਸ ਹਾਕਮ ਸਿੰਘ ਜੀ ਪੰਛੀ ਮਿਸ਼ਨਰੀ ਕਲਾਕਾਰ , ਸ ਤੇਜਾ ਸਿੰਘ ਜੈਦ ਮਿਸ਼ਨਰੀ ਕਲਾਕਾਰ, ਮਾਸਟਰ ਸ੍ਰੀ ਚੰਦ ਜੀ ਗਿੱਦੜਬਹਾ, ਰਘਬੀਰ ਸਿੰਘ ਮਧੀਰ ਅਤੇ ਹੋਰ ਬਹੁਤ ਹੀ ਸਤਕਾਰਯੋਗ ਆਹੁਦੇਦਾਰ ਸਾਹਿਬਾਨ ਅਤੇ ਵਰਕਰ ਸਾਹਿਬਾਨ ਹਾਜ਼ਿਰ ਸਨ।

ਮੰਚ ਸੰਚਾਲਨ ਦਾ ਕਾਰਜ ਐਡਵੋਕੇਟ ਅਵਤਾਰ ਕ੍ਰਿਸ਼ਨ ਨੇ ਬਾਖੂਬੀ ਨਿਭਾਇਆ।

(ਪੇਸ਼ਕਸ਼ ਲਛਮਣ ਸਿੰਘ ਚੋਪੜਾ)

ਭੈਣ ਮਾਇਆਵਤੀ ਜੀ ਦਾ ਜਨਮ ਦਿਨ ਮਨਾਉਣ ਦਾ ਮਕਸਦ ਆਪਣੀ ਸੋਚ ਨੂੰ ਅਗਾਂਹਵਧੂ ਬਣਾਓ - ਰਣਧੀਰ ਸਿੰਘ ਬੈਨੀਪਾਲ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)- ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੇ ਲੋਕ ਸਭਾ ਹੁਸ਼ਿਆਰਪੁਰ ਵਲੋ ਬੰਗਾ ਹਲਕੇ ਦੇ ਕਸਬਾ ਦਾਨਾ ਮੰਡੀ ਬਹਿਰਾਮ ਵਿਖੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਇੰਚਾਰਜ ਹਲਕਾ ਬੰਗਾ ਦੀ ਅਗਵਾਈ ਵਿਚ ਹਲਕੇ ਦੇ ਸਾਥੀਆਂ ਦੇ ਸਹਿਯੋਗ ਨਾਲ ਬਸਪਾ ਦੇ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦੇ 68 ਵੇਂ ਜਨਮਦਿਨ ਨੂੰ ਜਨ ਕਲਿਆਣ ਦਿਵਸ ਵਜੋਂ ਮਨਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਚੰਡੀਗੜ੍ਹ ਤੇ ਹਰਿਆਣਾ ਦੇ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਪਾਲ ਤੋਂ ਇਲਾਵਾ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜੀ ਤੇ ਬਸਪਾ ਪੰਜਾਬ ਦੇ ਇੰਚਾਰਜ ਡਾ ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਸ਼ਾਮਿਲ ਹੋਏ। ਸਮਾਗਮ ਵਿੱਚ ਉਚੇਚੇ ਤੌਰ ਤੇ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਭੈਣ ਬੀਬੀ ਕੁਲਵੰਤ ਕੌਰ ਜੀ ਨੇ ਵੀ ਹਾਜਰੀ ਭਰੀ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਬੈਨੀਪਾਲ, ਜਸਵੀਰ ਸਿੰਘ ਗੜ੍ਹੀ ਤੇ ਡਾ ਨਛੱਤਰ ਪਾਲ ਜੀ ਨੇ ਵਧਾਈ ਦਿੰਦਿਆਂ ਆਖਿਆ ਕਿ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮਦਿਨ ਮਨਾਉਣ ਦਾ ਮਕਸਦ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦਾ ਸਨਮਾਨ ਕਰਨ ਦੇ ਬਰਾਬਰ ਹੈ। ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਕਾਫਲੇ ਵਿੱਚ ਕੁਝ ਸਮਾਂ ਖੜੋਤ ਆਈ ਸੀ। ਅੱਜ ਉਸ ਕਾਫਲੇ ਨੂੰ ਦੇਸ਼ ਦੀ ਤੀਸਰੀ ਵੱਡੀ ਰਾਜਨੀਤਕ ਪਹਿਚਾਣ ਬਣਾਉਣ ਵਿੱਚ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਤੇ ਭੈਣ ਕੁਮਾਰੀ ਮਾਇਆਵਤੀ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਭੈਣ ਕੁਮਾਰੀ ਮਾਇਆਵਤੀ ਜੀ ਦੇ ਰਾਜ ਕਾਲ ਵਿੱਚ ਕੀਤੇ ਕੰਮਾਂ ਦੀ ਲੀਡਰਸ਼ਿਪ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਹਲਕਾ ਇੰਚਾਰਜ ਬੰਗਾ ਤੋਂ ਪ੍ਰਵੀਨ ਬੰਗਾ ਨੇ ਆਖਿਆ ਕਿ ਬਾਬਾ ਸਾਹਿਬ ਦੀ ਫੋਟੋ ਲਾਉਣ ਨਾਲ ਉਨਾਂ ਦੇ ਅੰਦੋਲਨ ਦੇ ਸਮਰਥਕ ਨਹੀਂ ਬਣ ਜਾਂਦੇ, ਸੰਵਿਧਾਨ ਦਾ ਸਨਮਾਨ ਕਰਦੇ ਹੋਏ ਸੰਵਿਧਾਨਕ ਹੱਕ ਦੇਣੇ ਤੇ ਪਹਿਰਾ ਦੇਣ ਦੀ ਜਰੂਰਤ ਹੈ। ਜੋ ਭੈਣ ਕੁਮਾਰੀ ਮਾਇਆਵਤੀ ਜੀ ਦੀ ਸਰਕਾਰ ਨੇ ਕਰਕੇ ਗ੍ਰੇਟ ਅਸ਼ੋਕਾ ਦੇ ਰਾਜ ਤੋ ਬਾਅਦ ਸਿਰਫ ਉੱਤਰ ਪ੍ਰਦੇਸ਼ ਪ੍ਰਦੇਸ਼ ਵਿੱਚ ਕੀਤਾ ਹੈ। ਇਸ ਮੌਕੇ ਤੇ ਸੂਬਾ ਜਨਰਲ ਸਕੱਤਰ ਗੁਰਲਾਲ ਸੈਲਾ, ਹਰਭਜਨ ਸਿੰਘ ਬਲਾਲੋਂ, ਰਜਿੰਦਰ ਸਿੰਘ ਠੇਕੇਦਾਰ, ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਜਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ, ਬਸਪਾ ਆਗੂ ਮਨੋਹਰ ਕਮਾਮ, ਜੈ ਪਾਲ ਸੁੰਡਾ, ਹਰਬਿਲਾਸ ਬਸਰਾ, ਵਿਜੇ ਕੁਮਾਰ ਗੁਣਾਚੋਰ, ਲੇਖ ਰਾਜ ਜਮਾਲਪੁਰ ਫਗਵਾੜਾ, ਹਰਪ੍ਰੀਤ ਡਾਹਰੀ, ਲੇਖ ਰਾਜ ਜਮਾਲਪੁਰ, ਚਰੰਜੀ ਲਾਲ ਪ੍ਰਧਾਨ ਨਵਾਂਸ਼ਹਿਰ, ਜਸਵੀਰ ਔਲੀਆਪੁਰ ਬਲਾਚੌਰ, ਸੁਖਦੇਵ ਸਿੰਘ, ਪਰਮਜੀਤ ਕੌਰ ਬਹਿਰਾਮ, ਸਾਬਕਾ ਸਰਪੰਚ ਜਸਵਿੰਦਰ ਕੌਰ, ਕੁਲਦੀਪ ਬਹਿਰਾਮ, ਪ੍ਰਕਾਸ਼ ਫਰਾਲਾ, ਤੀਰਥ ਕਲਸੀ, ਗੁਰਦਿਆਲ ਬੋਧ, ਸੁਰਜੀਤ ਝੰਡੇਰ, ਹਰਬਿਲਾਸ ਸਿੰਘ ਝਿੰਗੜ, ਧਰਮ ਪਾਲ ਤਲਵੰਡੀ, ਯਸ਼ਪਾਲ ਭੱਟੀ ਚੱਬੇਵਾਲ, ਹਰਮੇਸ਼ ਵਿਰਦੀ, ਲਖਵੀਰ ਮੱਲੂਪੋਤਾ, ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਦੇਸ ਰਾਜ ਚਕਮੰਡੇਰ, ਸੋਹਣ ਲਾਲ ਰਟੈਂਡਾ, ਮਲਕੀਤ ਮੁਕੰਦਪੁਰ, ਰਵਿੰਦਰ ਮਹਿਮੀ, ਮਹਿੰਦਰ ਪਾਲ ਬੈਂਸ, ਬਹਾਦਰ ਸੰਧਵਾਂ, ਪਰਮਜੀਤ ਖਲਵਾੜਾ, ਗੁਰਮੁੱਖ ਐਮ ਸੀ, ਰਜਿੰਦਰ ਭਰੋਮਜਾਰਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਸਾਥੀਆਂ ਸਮੇਤ ਸ਼ਾਮਿਲ ਹੋਏ।

ਭੈਣ ਜੀ ਦੇ ਜਨਮ ਦਿਨ ਤੇ ਰੱਖੇ ਸਮਾਗਮ ਵਿੱਚ ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਹਰਨਾਮ ਸਿੰਘ ਬਹਿਲਪੁਰੀ, ਐਸ ਐਸ ਅਜਾਦ, ਰਾਜ ਦਦਰਾਲ, ਮਲਕੀਤ ਬੰਬੇਲੀ, ਲੱਖਾ ਭਰੋਮਜਾਰਾ ਵਲੋਂ ਗੀਤਾਂ ਰਾਹੀਂ ਵਧਾਈਆਂ ਦੇਣ ਨਾਲ ਰਾਣੀ ਅਰਮਾਨ ਵਲੋ ਰਾਜਸਥਾਨੀ ਗੀਤ ਤੇ ਸਮੁੱਚੀ ਲੀਡਰਸ਼ਿਪ ਤੇ ਪੰਡਾਲ ਨੇ ਭੰਗੜਾ ਪਾ ਕੇ ਖੁਸ਼ੀ ਦਾ ਇਜਹਾਰ ਕੀਤਾ। ਬਸਪਾ ਆਗੂ ਪ੍ਰਵੀਨ ਬੰਗਾ ਸਮੇਤ ਸਮੂਹ ਲੀਡਰਸ਼ਿਪ ਵਲੋਂ ਸਮਾਗਮ ਨੂੰ ਕਾਮਯਾਬ ਕਰਨ ਲਈ ਪੁੱਜੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ।

ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਵਿਖੇ ਲੋਹੜੀ ਦੌਰਾਨ ਹੋਏ ਧਾਰਮਿਕ ਸਮਾਗਮ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਵਿਦੇਸ਼ੀ ਵਸਦੇ ਵੱਖ-ਵੱਖ ਦੇਸ਼ਾਂ ਵਿੱਚ ਪੰਜਾਬੀ ਲੋਕ ਆਪਣੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਹਰ ਦਿਨ-ਤਿਉਹਾਰ ਬੜੇ ਮਾਣ ਨਾਲ ਮਨਾਉਂਦੇ ਹਨ। ਲੋਹੜੀ ਦਾ ਤਿਉਹਾਰ, ਜਿਸ ਦਾ ਸਿੱਖ ਧਰਮ ਨਾਲ ਬੇਸੱਕ ਕੋਈ ਸੰਬੰਧ ਨਹੀਂ। ਪਰ ਇਸ ਲੋਹੜੀ ਦੀ ਚਲੀ ਆ ਰਹੀ ਪਰੰਪਰਾ ਨੂੰ ਹਮੇਸਾ ਵਾਂਗ ਅੱਗੇ ਤੋਰਦੇ ਹੋਏ ਵਿਦੇਸ਼ਾਂ ਵਿੱਚ ਧੀਆਂ, ਪੁੱਤਰਾਂ ਅਤੇ ਨਵ-ਵਿਆਹੇ ਜੋੜੇ ਇਸ ਦਿਨ ਗੁਰੂਘਰ ਆ ਅਰਦਾਸਾ ਕਰਦੇ ਹਨ ਅਤੇ ਅੱਗ ਦੇ ਧੂਣੇ ਲੱਗਦੇ ਹਨ। ਕੈਲੀਫੋਰਨੀਆ ਦੇ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਇੰਨਾਂ ਸਮਾਗਮਾਂ ਦੀ ਸੁਰੂਆਤ ਗੁਰਬਾਣੀ-ਕੀਰਤਨ ਨਾਲ ਹੋਈ। ਜਿੱਥੇ ਹਜ਼ੂਰੀ ਰਾਗੀ ਭਾਈ ਬਲਜਿੰਦਰ ਸਿੰਘ ਅਤੇ ਨਰਿੰਦਰ ਸਿੰਘ ਦੇ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਉਪਰੰਤ ਲੱਗੇ ਵੱਡੇ ਅੱਗ ਦੇ ਧੂਣਿਆ 'ਤੇ ਸੰਗਤਾਂ ਨੇ ਤਿੱਲ ਸੁੱਟ ਜਿੱਥੇ ਨਿੱਘ ਮਾਣਿਆ, ਉੱਥੇ ਆਉਣ ਵਾਲੇ ਸਾਲ ਵਿੱਚ ਪਾਪ-ਦਲਿੱਦਰ ਖਤਮ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ। ਇਸੇ ਤਰਾਂ ਇਸ ਦਿਨ ਪਰੰਪਰਾਗਤ ਤਰੀਕੇ ਨਾਲ ਵੱਖ-ਵੱਖ ਪਦਾਰਥਾਂ ਦੇ ਸੁਆਦਿਸ਼ਟ ਲੰਗਰਾਂ ਤੋਂ ਇਲਾਵਾ ਲੋਹੜੀ ਦਾ ਤੋਹਫ਼ਾ ਮੂੰਗਫਲੀ, ਰਿਓੜੀਆਂ ਅਤੇ ਗੱਚਕ ਦੇ ਲੰਗਰ ਵੀ ਅਤੁੱਟ ਵਰਤੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜੇ।

****

ਆਸ਼ਿਆਨ ਟਰੈਵਲ ਵੱਲੋਂ ਸੈਕਰਾਮੈਂਟੋ ਵਿੱਚ ਖੋਲਿਆ ਗਿਆ ਆਪਣਾ ਨਵਾਂ ਦਫਤਰ

ਸੈਕਰਾਮੈਂਟੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) ਸਮੁੱਚੇ ਅਮਰੀਕਾ ਅੰਦਰ ਵੱਖ-ਵੱਖ ਸ਼ਹਿਰਾਂ ਵਿੱਚ ਹਵਾਈ ਟਿਕਟਾਂ ਅਤੇ ਇੰਮੀਗਰੇਸ਼ਨ ਸੰਬੰਧੀ ਸੇਵਾਵਾਂ ਨਿਭਾਉਣ ਵਾਲੀ ਇਕ ਵੱਡੀ ਏਜੰਸੀ "ਆਸ਼ਿਆਨ ਟਰੈਵਲ" ਵੱਲੋਂ ਕੈਲੇਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਆਪਣੇ ਨਵੇਂ ਦਫ਼ਤਰ ਰਾਹੀਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਸ਼ਿਆਨ ਟਰੈਵਲ ਨੂੰ ਪ੍ਰਮੁੱਖ ਤੌਰ 'ਤੇ ਸ। ਤਰਨ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੁਆਰਾ ਬਹੁਤ ਵਧੀਆਂ ਤਰੀਕੇ ਨਾਲ ਚਲਾਇਆ ਜਾ ਰਿਹਾ। ਏਅਰ ਟਿਕਟਾਂ ਅਤੇ ਇੰਮੀਗਰੇਸ਼ਨ ਦੀਆਂ ਸੇਵਾਵਾਂ ਤੋਂ ਇਲਾਵਾ ਸਾਲ ਵਿੱਚ ਦੋ ਵਾਰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਸੰਗਤਾਂ ਨੂੰ ਵਾਜਬ ਖਰਚੇ 'ਤੇ ਲੈ ਕੇ ਜਾਂਦੇ ਹਨ।

ਸ. ਤਰਨ ਸਿੰਘ ਇੱਕ ਚੰਗੇ ਮਿਹਨਤੀ ਇਨਸਾਨ ਹਨ। ਇੰਨਾਂ ਦੁਆਰਾ ਆਸ਼ਿਆਨ ਟਰੈਵਲ ਦੀਆਂ ਸੇਵਾਵਾ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸਥਾਨਿਕ ਕਲਾਕਾਰਾਂ ਨੂੰ ਲੈ ਕੇ "ਫਰਿਜ਼ਨੋ ਡਰੀਮਜ਼" ਨਾਂ ਦੀ ਸੰਸਥਾ ਦਾ ਵੀ ਗਠਨ ਕੀਤਾ ਗਿਆ ਹੈ। ਜੋ ਆਪਣੇ ਸਫਲ ਪ੍ਰੋਗਰਾਮ ਕਰਾਉਣ ਦਾ ਮਾਣ ਹਾਸਲ ਕਰ ਚੁੱਕੇ ਹਨ। ਇਸੇ ਤਰ੍ਹਾਂ ਫਰਿਜ਼ਨੋ ਤੋਂ ਹਫਤਾਵਾਰੀ ਰੇਡੀਓ ਪ੍ਰੋਗਰਾਮ "ਰਿਚ ਐਂਡ ਫੇਮਜ਼" ਵੀ ਹੋਸ਼ਟ ਜਸਵੰਤ ਸਿੰਘ ਮਹਿੰਮੀ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸਮੁੱਚੇ ਤੌਰ 'ਤੇ ਆਸ਼ਿਆਨ ਟਰੈਵਲ ਦੀ ਸਮੁੱਚੀ ਟੀਮ ਭਰੋਸੇਯੋਗ ਅਤੇ ਤਸੱਲੀ ਨਾਲ ਸੇਵਾਵਾਂ ਨਿਭਾਉਂਦੀ ਹੈ। ਏਅਰ ਟਿਕਟਾਂ, ਵੀਜ਼ਾ, ਕਿਸੇ ਦੇਸ਼-ਵਿਦੇਸ਼ ਦਾ ਸੈਰ-ਸਪਾਟਾ ਕਰਨ ਜਾਂ ਫਿਰ ਇੰਮੀਗਰੇਸ਼ਨ ਸੰਬੰਧੀ ਸੇਵਾਵਾ ਦਾ ਮੌਕਾ ਜ਼ਰੂਰ ਦਿਉ। ਇੰਨਾਂ ਦੇ ਸੈਕਰਾਮੈਂਟੋ ਦਫਤਰ ਦਾ ਪਤਾ: 65 Quinta Ct, Suite-1, Sacramento, CA 95823 ਹੈ। ਜਿੱਥੇ ਗੁਰਜੰਟ ਸਿੰਘ ਢਿੱਲੋ (ਗੈਰੀ ਢਿੱਲੋਂ) ਸੇਵਾਵਾ ਨਿਭਾਉਣਗੇ। ਇਸੇ ਤਰਾਂ ਫਰਿਜ਼ਨੋ ਦਫਤਰ ਦੇ ਪ੍ਰਬੰਧਕ ਦੀਆਂ ਸੇਵਾਵਾਂ ਜਸਵੰਤ ਸਿੰਘ ਮਹਿੰਮੀ ਬੜੀ ਸਫਲਤਾ ਨਾਲ ਨਿਭਾ ਰਹੇ ਹਨ। ਸੈਕਰਾਮੈਂਟੋ ਵਾਲੇ ਨਵੇਂ ਦਫਤਰ ਦੀ ਸੁਰੂਆਤ 'ਤੇ ਸ। ਤਰਨ ਸਿੰਘ ਅਤੇ ਸਮੁੱਚੀ ਟੀਮ ਨੂੰ ਸਾਡੇ "ਧਾਲੀਆਂ ਅਤੇ ਮਾਛੀਕੇ ਮੀਡੀਆਂ ਯੂ.ਐਸ.ਏ." ਵੱਲੋਂ ਬਹੁਤ-ਬਹੁਤ ਮੁਬਾਰਕਾਂ।

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਸੈਂਟਰਲ ਗੁਰਦੁਆਰਾ ਗਲਾਸਗੋ ਵਿਖੇ ਸਰਬੱਤ ਦੇ ਭਲੇ ਲਈ ਵਿਸ਼ਾਲ ਅਰਦਾਸ ਸਮਾਗਮ ਹੋਇਆ

ਸਕਾਟਲੈਂਡ ਦੇ ਮਿਹਨਤੀ ਪੰਜਾਬੀ ਨੌਜਵਾਨਾਂ ਨੇ ਰਲ ਮਿਲ ਕੇ ਕਰਵਾਇਆ ਸਮਾਗਮ- ਬਿੱਟੂ ਗਲਾਸਗੋ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਮਾਘੀ ਦੀ ਸੰਗਰਾਂਦ ਮੌਕੇ ਵਿਸ਼ਾਲ ਧਾਰਮਿਕ ਸਮਾਗਮ ਦੌਰਾਨ ਸਰਬੱਤ ਦੇ ਭਲੇ ਲਈ ਰਖਵਾਏ ਅਖੰਡ ਪਾਠਾਂ ਦੇ ਭੋਗ ਪਾਏ ਗਏ। ਜ਼ਿਕਰਯੋਗ ਹੈ ਇਸ ਅਖੰਡ ਪਾਠ ਸਾਹਿਬ ਦੀ ਸੇਵਾ ਸਕਾਟਲੈਂਡ ਵਸਦੇ ਮਿਹਨਤਕਸ਼ ਪੰਜਾਬੀ ਨੌਜਵਾਨਾਂ, ਕਾਰੋਬਾਰੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਆਪਣੀ ਝੋਲੀ ਪੁਆਈ ਗਈ ਸੀ। ਬਿੱਟੂ ਗਲਾਸਗੋ ਵੱਲੋਂ ਅੱਗੇ ਲੱਗ ਕੇ ਇਸ ਉਪਰਾਲੇ ਲਈ ਸੇਵਾਵਾਂ ਨਿਭਾਈਆਂ। ਇਸ ਸਮੇਂ ਗੁਰੂਘਰ ਦੇ ਵਜੀਰ ਭਾਈ ਦਲਜੀਤ ਸਿੰਘ ਤੇ ਜੱਥੇ ਵੱਲੋਂ ਕੀਰਤਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਿੱਟੂ ਗਲਾਸਗੋ ਨੂੰ ਸਿਰੋਪਾਓ ਭੇਂਟ ਕੀਤਾ ਗਿਆ। ਸਮੂਹ ਸਹਿਯੋਗੀ ਸੇਵਾਦਾਰ ਨੌਜਵਾਨਾਂ ਵੱਲੋਂ ਸਾਰਾ ਦਿਨ ਅਤੁੱਟ ਵਰਤੇ ਲੰਗਰ ਦੌਰਾਨ ਨਿੱਠ ਕੇ ਸੇਵਾ ਕਾਰਜਾਂ ਵਿੱਚ ਹਿੱਸਾ ਲਿਆ ਗਿਆ। ਬਿੱਟੂ ਗਲਾਸਗੋ ਨੇ ਸਰਬੱਤ ਦੇ ਭਲੇ ਦੀ ਅਰਦਾਸ ਵਿੱਚ ਸ਼ਾਮਲ ਹੋਈਆਂ ਸਮੂਹ ਸੰਗਤਾਂ ਦਾ ਸਮੁੱਚੇ ਸੇਵਾਦਾਰ ਵੀਰਾਂ ਵੱਲੋਂ ਧੰਨਵਾਦ ਕੀਤਾ ਗਿਆ।

ਉਪ ਰਾਸ਼ਟਰਪਤੀ ਬਣਨ 'ਚ ਕੋਈ ਦਿਲਚਸਪੀ ਨਹੀਂ: ਨਿੱਕੀ ਹੇਲੀ

ਵਾਸ਼ਿੰਗਟਨ- ਭਾਰਤੀ-ਅਮਰੀਕੀ ਤੇ ਸੀਨੀਅਰ ਰਿਪਬਲਿਕਨ ਪਾਰਟੀ ਆਗੂ ਨਿੱਕੀ ਹੇਲੀ ਨੇ ਅੱਜ ਕਿਹਾ ਕਿ ਉਸ ਦੀ ਉਪ ਰਾਸ਼ਟਰਪਤੀ ਬਣਨ 'ਚ ਕੋਈ ਦਿਲਚਸਪੀ ਨਹੀਂ ਹੈ। ਜ਼ਿਕਰਯੋਗ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਉਮੀਦਵਾਰ ਦੀ ਦੌੜ ਵਿਚ ਉਹ ਇਕੋ-ਇਕ ਔਰਤ ਹੈ। ਹੇਲੀ ਨੇ ਕਿਹਾ ਕਿ ਉਹ ਅਗਲੀ ਅਮਰੀਕੀ ਰਾਸ਼ਟਰਪਤੀ ਬਣਨ ਲਈ ਮੁਹਿੰਮ ਚਲਾ ਰਹੀ ਹੈ ਤੇ 'ਜਿੱਤਣ ਲਈ ਲੜ ਰਹੀ ਹੈ।' ਹੇਲੀ ਦੀਆਂ ਇਹ ਟਿੱਪਣੀਆਂ ਆਇਓਵਾ ਕਾਕਸ ਤੋਂ ਪਹਿਲਾਂ ਆਈਆਂ ਹਨ ਜਿੱਥੋਂ ਅੱਜ ਤੋਂ ਰਿਪਬਲਿਕਨਾਂ ਤੇ ਡੈਮੋਕਰੈਟਾਂ ਨੇ ਆਪੋ-ਆਪਣੇ ਉਮੀਦਵਾਰ ਚੁਣਨ ਦੀ ਲੰਮੀ ਪ੍ਰਕਿਰਿਆ ਆਰੰਭ ਦਿੱਤੀ ਹੈ। ਰਾਸ਼ਟਰਪਤੀ ਚੋਣਾਂ ਇਸ ਸਾਲ 5 ਨਵੰਬਰ ਨੂੰ ਹੋਣਗੀਆਂ। ਗੌਰਤਲਬ ਹੈ ਕਿ ਨਿਕੀ ਹੇਲੀ ਸਾਊਥ ਕੈਰੋਲੀਨਾ ਦੀ ਗਵਰਨਰ ਰਹਿ ਚੁੱਕੀ ਹੈ। ਰਿਪਬਲਿਕਨਾਂ ਨੇ ਆਇਓਵਾ ਕਾਕਸ ਤੋਂ ਨਵੰਬਰ 2024 ਦੀਆਂ ਚੋਣਾਂ ਲਈ

ਉਮੀਦਵਾਰ ਚੁਣਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿੱਥੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ ਹੇਲੀ ਉਤੇ ਲੀਡ ਬਣਾਈ ਹੋਈ ਹੈ। ਸਰਵੇਖਣ ਮੁਤਾਬਕ ਕਾਕਸ ਵਿਚ ਸ਼ਾਮਲ ਕਰੀਬ 48 ਪ੍ਰਤੀਸ਼ਤ ਰਿਪਬਲਿਕਨ ਟਰੰਪ ਨੂੰ ਉਮੀਦਵਾਰ ਚੁਣਨਗੇ।

ਰਾਮਾਸਵਾਮੀ ਨੇ ਅਮਰੀਕੀ ਰਾਸ਼ਟਰਪਤੀ ਚੋਣ 'ਚ ਆਪਣੀ ਦਾਅਵੇਦਾਰੀ ਵਾਪਸ ਲਈ

ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੇ ਅੱਜ ਐਲਾਨ ਕੀਤਾ ਕਿ ਉਹ ਆਇਓਵਾ ਕਾਕਸ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਣਨ ਦੀ ਦੌੜ ਤੋਂ ਹਟ ਰਹੇ ਹਨ। ਆਇਓਵਾ ਕਾਕਸ ਵਿੱਚ ਵੋਟਿੰਗ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਚੋਣ ਲਈ ਰਿਪਬਲਿਕਨ ਅਤੇ ਡੈਮੋਕਰੇਟਿਕ ਪਾਰਟੀਆਂ ਵਿਚਕਾਰ ਲੰਬੀ ਪ੍ਰਕਿਰਿਆ ਦੀ ਸ਼ੁਰੂਆਤ ਹੈ। ਬਾਇਓਟੈਕ ਉਦਯੋਗਪਤੀ ਰਾਮਾਸਵਾਮੀ (38) ਨੇ ਆਪਣੇ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਟਰੰਪ ਨੂੰ 21ਵੀਂ ਸਦੀ ਦਾ ਸਰਵੋਤਮ ਰਾਸ਼ਟਰਪਤੀ ਦੱਸਿਆ ਸੀ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder
Singh

Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਉਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ।

ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ।

ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਉਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ।

ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

ਬਾਬੂ ਮੰਗੂ ਰਾਮ ਮੁੱਗੋਵਾਲੀਆ,
ਪ੍ਰਧਾਨ ਆਦਿ ਧਰਮ ਮੰਡਲ ਪੰਜਾਬ
ਧੰਨਵਾਦ ਸਹਿਤ- "ਕੌਮੀ ਉਡਾਰੀਆਂ"

ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ

ਸ੍ਰੀ ਕਰਮ ਚੰਦ ਲੀਲ੍ਹ ਜੀ ਦੀ ਹਿੰਦੀ ਪੁਸਤਕ 'ਅੰਬੇਡਕਰੀ ਅੰਦੋਲਨ ਮੇਂ ਪੰਜਾਬੀਓਂ ਕਾ ਰੋਲ' ਵਿਚ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਬਾਰੇ ਜੀਵਨੀ ਪੜ੍ਹੀ ਅਤੇ ਪਤਾ ਲੱਗਾ ਕਿ ਕਿਵੇਂ ਉਹਨਾਂ ਨੇ ਗਦਰ ਪਾਰਟੀ ਵਿਚ ਸਰਗਮ ਹਿੱਸਾ ਲਿਆ ਅਤੇ ਬਾਅਦ ਵਿਚ ਉਹਨਾਂ ਨੇ ਅੰਗਰੇਜ਼ਾਂ ਦੇ ਗੁਲਾਮਾਂ ਦੇ ਗੁਲਾਮ- ਅਛੂਤਾਂ ਦੀ ਆਜ਼ਾਦੀ ਲਈ ਆਦਿ ਧਰਮ ਮੰਡਲ, ਪੰਜਾਬ ਦੀ 1926 ਈ: ਵਿਚ ਸਥਾਪਨਾ ਕੀਤੀ। ਬਾਬੂ ਜੀ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਸਭ ਤੋਂ ਸਿਰਮੌਰ ਸਨ ਜਿਹਨਾਂ ਨੇ ਦੇਸ਼ ਦੇ 'ਅਸਲ' ਗੁਲਾਮਾਂ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।

ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਜ਼ਿੰਦਾ ਹੋਣ ਬਾਰੇ ਪਤਾ ਨਹੀਂ ਸੀ, ਨਹੀਂ ਤਾਂ ਦੇਸ਼ ਦੇ ਅਜਿਹੇ ਉੱਚ ਕੋਟੀ ਦੇ ਮਨੁੱਖਤਾਵਾਦੀ ਨੂੰ ਮਿਲਣ ਦੀ ਬੜੀ ਜਗਿਆਸਾ ਉਤਪੰਨ ਹੋ ਗਈ ਸੀ। ਇਕ ਦਿਨ ਬੱਸ ਵਿਚ ਸਫਰ ਕਰਦਿਆਂ ਰਿਸ਼ਤੇਦਾਰੀ ਵਿਚੋਂ ਹੀ ਸੀਤਲ ਨਾਂ ਦਾ ਹਮ-ਉਮਰ ਸਾਥੀ ਮਿਲ ਪਿਆ। ਉਹ ਬਾਬੂ ਜੀ ਦੇ ਜੱਦੀ ਪਿੰਡ ਮੁੱਗੋਵਾਲ ਦਾ ਰਹਿਣ ਵਾਲਾ ਸੀ। ਉਸ ਤੋਂ ਪਤਾ ਲੱਗਾ ਕਿ ਬਾਬੂ ਜੀ ਹੁਣ ਗੜ੍ਹਸ਼ੰਕਰ ਰਹਿੰਦੇ ਹਨ। ਮਨ ਵਿਚ ਉਨ੍ਹਾਂ ਨੂੰ ਮਿਲਣ ਦੀ ਤਾਂਘ ਪੈਦਾ ਹੋਈ, ਪਰ ਜਲਦੀ ਮਿਲ ਨਾ ਸਕਿਆ।

ਦੂਜੇ ਸਾਲ 1979 ਈ: ਨੂੰ ਬਸੰਤ ਦੇ ਦਿਹਾੜੇ ਜਦੋਂ ਮੈਂ ਆਪਣੇ ਸਹੁਰੀਂ ਗਿਆ ਤਾਂ ਬਾਬੂ ਜੀ ਨੂੰ ਮਿਲਣ ਦਾ ਪੱਕਾ ਮਨ ਬਣਾ ਲਿਆ। ਇਸ ਲਈ ਮੈਂ ਉਚੇਰੀ ਛੁੱਟੀ ਲੈ ਕੇ ਗਿਆ ਸੀ। ਬਾਬੂ ਜੀ ਨੂੰ ਗੜ੍ਹਸ਼ੰਕਰ, ਉਹਨਾਂ ਦੇ ਘਰ ਮਿਲਣ ਗਿਆ ਤਾਂ ਸਬੱਬ ਨਾਲ ਬਾਬੂ ਜੀ ਉਸ ਦਿਨ ਘਰੇ ਸਨ। ਉਹ ਬਰਾਂਡੇ ਵਿਚ ਡਿੱਠੇ ਮੰਜੇ 'ਤੇ ਬੈਠੇ ਸਨ। ਮੈਂ ਉਹਨਾਂ ਦੇ ਪੈਰੀਂ ਹੱਥ ਲਾਇਆ ਤੇ ਆਪਣੇ ਬਾਰੇ ਦੱਸਿਆ। ਬਾਬੂ ਜੀ ਨੇ ਮੈਨੂੰ ਮੇਰੇ ਪਿੰਡ ਦੇ ਕੁਝ ਸਿਆਣਿਆਂ ਦਾ ਨਾਂ ਲੈ ਕੇ ਉਹਨਾਂ ਦੀ ਰਾਜ਼ੀ ਖੁਸ਼ੀ ਬਾਰੇ ਪੁੱਛਿਆ।

ਬਾਬੂ ਜੀ ਨੇ ਦੱਸਿਆ ਕਿ ਉਹਨਾਂ ਦਲਿਤ ਕੌਮ ਵਿਚ ਜਨਮ ਲੈ ਕੇ ਕਿਵੇਂ ਮੁਸ਼ਕਿਲਾਂ ਨਾਲ ਹਾਈ ਸਕੂਲ ਦੀਆਂ ਕੁਝ ਜਮਾਤਾਂ ਪਾਸ ਕੀਤੀਆਂ। ਉਹ ਨਾਰੂ ਨੰਗਲ (ਕਿਲੇ) ਤੋਂ ਬਜਵਾੜਾ ਹਾਈ ਸਕੂਲ ਪੜ੍ਹਨ ਜਾਇਆ ਕਰਦੇ ਸਨ। ਇਹ ਸਾਰਾ ਪੈਂਡਾ ਪੈਦਲ ਹੀ ਕਰਨਾ ਪੈਂਦਾ। ਘਰੋਂ ਕੀਤਾ ਗਿਆ ਕੰਮ ਮਾਸਟਰ ਨਾ ਦੇਖਦਾ ਤੇ ਨਾ ਹੀ ਅਛੂਤ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕੋਈ ਦਿਲਚਸਪੀ ਹੀ ਲੈਂਦਾ। ਮਾਸਟਰ ਜੇ ਗੁੱਸੇ ਵਿਚ ਹੁੰਦਾ ਤਾਂ ਬਿਨਾਂ ਮਤਲਬ ਕੁੱਟਣ ਲਈ ਅਛੂਤ ਵਿਦਿਆਰਥੀਆਂ 'ਤੇ ਜ਼ੋਰ ਲਾ ਦਿੰਦਾ। ਮਾਸਟਰ ਗੁੱਸੇ ਵਿਚ ਜਿੱਧਰ ਆਉਂਦਾ ਡੰਡਾ ਮਾਰਦਾ ਸਿਰ,

ਰਮੇਸ਼ ਸਿੱਧੂ
ਅਨੰਦਗੜ੍ਹ ਮਹਿਲਾਂਵਾਲੀ (ਹੁਸ਼ਿਆਰਪੁਰ)

ਪਿੱਠ, ਲੱਤਾਂ, ਹੱਥ, ਬਾਹਾਂ ਤੇ ਸਰੀਰ ਦੇ ਕਿਸੇ ਵੀ ਅੰਗ 'ਤੇ। ਕਈ ਵਾਰੀ ਤਾਂ ਸਕੂਲ ਵਿਚ ਮਾਰ ਦੇ ਡਰ ਅਤੇ ਛੂਆ-ਛਾਤ ਦਾ ਸਾਹਮਣਾ ਨਾ ਕਰਦੇ ਵਿਦਿਆਰਥੀ ਪੜ੍ਹਨੋਂ ਹੀ ਹਟ ਜਾਂਦੇ। ਉਹਨਾਂ ਦੱਸਿਆ ਕਿ ਉਹਨਾਂ ਵੀ ਇਸੇ ਕਾਰਨ ਕਰਕੇ ਪੜ੍ਹਾਈ ਛੱਡ ਦਿੱਤੀ ਸੀ।

ਘਰ ਗਰੀਬੀ ਬਹੁਤ ਸੀ, ਪੈਸਾ ਮੁਸ਼ਕਿਲ ਨਾਲ ਪ੍ਰਾਪਤ ਹੁੰਦਾ ਸੀ। ਬਾਬੂ ਜੀ ਨੇ ਗੱਲਬਾਤ ਦੀ ਲੜੀ ਜਾਰੀ ਰੱਖਦਿਆਂ ਕਿਹਾ ਕਿ ਅਛੂਤਾਂ ਦੇ ਲੜਕਿਆਂ ਦੀ ਪੜ੍ਹਾਈ ਦੀ ਸਮੱਸਿਆ ਨੂੰ ਮੁੱਖ ਰੱਖ ਕੇ ਫਿਰ ਕੋਟ ਅਬਦੁਲ ਖਾਲਿਕ (ਪੀ. ਆਰ. ਟੀ. ਸੀ. ਜਹਾਨ ਖੇਲਾਂ, ਹੁਸ਼ਿਆਰਪੁਰ) ਸਕੂਲ ਖੁੱਲ੍ਹ ਗਿਆ ਜੋ ਕਿ ਮੁਸਲਮਾਨਾਂ ਦੇ ਉਦਮ ਨਾਲ ਖੁੱਲ੍ਹਾ ਤੇ ਫਿਰ ਬਹੁਤ ਸਾਰੇ ਅਛੂਤ ਲੜਕੇ ਉਥੇ ਪੜ੍ਹਨ ਲੱਗ ਪਏ।

ਬਾਬੂ ਜੀ ਨੇ ਆਦਿ ਧਰਮੀ ਲੋਕਾਂ ਨੂੰ ਜਾਗ੍ਰਿਤ ਕਰਨ ਬਾਰੇ ਕਾਫੀ ਕੁਝ ਦੱਸਿਆ। ਗੋਲਮੇਜ਼ ਕਾਨਫਰੰਸ ਵਿਚ ਡਾਕਟਰ ਅੰਬੇਦਕਰ ਨੂੰ ਅਛੂਤਾਂ ਦਾ ਨੁਮਾਇੰਦਾ ਦੱਸਣ ਲਈ ਆਦਿ ਧਰਮ ਮੰਡਲ ਨੇ ਤਾਰਾਂ ਦਿੱਤੀਆਂ ਤੇ ਫਿਰ ਜਦੋਂ ਪੂਨੇ ਵਿਖੇ ਯਰਵਦਾ ਜੇਲ੍ਹ ਵਿਚ ਗਾਂਧੀ ਨੇ ਅਛੂਤਾਂ ਨੂੰ ਮਿਲੇ ਹੱਕਾਂ ਖਿਲਾਫ ਮਰਨ ਵਰਤ ਰੱਖਿਆ ਤਾਂ ਗਾਂਧੀ ਦੀ ਅਛੂਤ ਵਿਰੋਧੀ ਸਾਜਿਸ਼ ਨੂੰ ਨੰਗਿਆਂ ਕਰਨ ਲਈ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੇ ਵੀ ਮਰਨ ਵਰਤ ਰੱਖਿਆ। ਇਕ ਪਾਸੇ ਆਦਿ ਧਰਮੀਆਂ ਦਾ ਵਿਰੋਧ ਸੀ ਅਤੇ ਦੂਜੇ ਪਾਸੇ ਆਦਿ ਧਰਮੀਆਂ ਦੇ ਹੱਕਾਂ ਦਾ ਮਸੀਹਾ ਬਾਬੂ ਮੰਗੂ ਰਾਮ ਜੀ। ਅੱਜ ਲੋੜ ਹੈ ਸਾਨੂੰ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਪਹਿਚਾਨਣ ਦੀ। ਅੱਜ ਅਸੀਂ ਦੋਸਤਾਂ ਨੂੰ ਦੁਸ਼ਮਣ ਅਤੇ ਦੁਸ਼ਮਣਾਂ ਨੂੰ ਦੋਸਤ ਸਮਝ ਬੈਠੇ ਹਾਂ। ਬਾਬੂ ਜੀ ਨੇ ਜੋ ਕੁਝ ਇਸ ਮੁਲਾਕਾਤ ਵਿਚ ਦੱਸਿਆ ਸੀ, ਉਸ ਤੋਂ ਕੌਮ ਲਈ ਉਹਨਾਂ ਜੋ ਕੰਮ ਕੀਤਾ, ਸੱਚੇ ਅਰਥਾਂ ਵਿਚ ਉਹਨਾਂ ਦੀ ਇਕ ਖੂਬਸੂਰਤ ਤਸਵੀਰ ਉਭਰਦੀ ਹੈ।

ਦੋ ਕੁ ਘੰਟੇ ਦਾ ਸਮਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨਾਲ ਬਿਤਾ ਕੇ ਮੈਂ ਉਹਨਾਂ ਦੇ ਪੈਰੀਂ ਹੱਥ ਲਾ ਕੇ ਆ ਗਿਆ।

ਮਨ ਵਿਚ ਜੋ ਸੱਧਰ ਸੀ, ਉਹ ਪੂਰੀ ਹੋ ਗਈ ਸੀ ਤੇ ਕਾਫੀ ਜਾਣਕਾਰੀ ਵੀ ਮਿਲੀ ਸੀ। ਜਿਸ ਦੀ ਮੈਨੂੰ ਸਾਰੇ ਸਫਰ ਵਿਚ ਖੁਸ਼ੀ ਮਹਿਸੂਸ ਹੁੰਦੀ ਰਹੀ ਤੇ ਹੁਣ ਵੀ ਉਹ ਦੋ ਘੰਟੇ ਮੇਰੇ ਜੀਵਨ ਦੇ ਅਮੁੱਲੇ ਪਲ ਹਨ। ਪਰ ਅਫਸੋਸ ਕਿ 22 ਅਪ੍ਰੈਲ 1980 ਈ: ਨੂੰ ਕੌਮ ਦਾ ਇਹ ਚਾਨਣ-ਮੁਨਾਰਾ ਸਾਥੋਂ ਸਰੀਰਕ ਤੌਰ ਤੇ ਸਦਾ ਲਈ ਵਿੱਛੜ ਗਿਆ।

ਪਰ ਉਹਨਾਂ ਦੇ ਕਾਰਨਾਮੇ ਭਾਰਤ ਦੀ ਆਜ਼ਾਦੀ ਅਤੇ ਖਾਸ ਕਰਕੇ ਅਛੂਤਾਂ ਦੀ ਆਜ਼ਾਦੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ।

**ਬਾਬੂ ਮੰ

ਈਰਾਨ ਦਾ ਪਾਕਿਸਤਾਨ ਦੇ ਬਲੂਚਿਸਤਾਨ ਵਿੱਚ ਖਾੜਕੂ ਟਿਕਾਣਿਆਂ ਉੱਪਰ ਹਮਲਾ- ਇਕ ਹੋਰ ਜੰਗ ਦਾ ਖਤਰਾ

ਪਾਕਿਸਤਾਨ ਦਾ ਕਹਿਣਾ ਹੈ ਕਿ ਗੁਆਂਢੀ ਦੇਸ ਈਰਾਨ ਵੱਲੋਂ ਮੰਗਲਵਾਰ ਨੂੰ ਹੋਏ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਹੋਈ ਹੈ। ਈਰਾਨ ਦੀ ਫ਼ੌਜ ਨਾਲ ਸਬੰਧਤ ਖ਼ਬਰ ਏਜੰਸੀ ਮੁਤਾਬਕ ਈਰਾਨ ਨੇ ਕਿਹਾ ਸੀ ਕਿ ਉਸ ਨੇ ਕੱਟੜਪੰਥੀ ਸਮੂਹ ਜੈਸ਼ ਅਲ-ਅਦਲ ਨਾਲ ਜੁੜੇ ਦੋ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਹਾਲਾਂਕਿ ਪਾਕਿਸਤਾਨ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਹਮਲੇ ਨੂੰ "ਗੈਰ-ਕਨੂੰਨੀ" ਕਾਰਵਾਈ ਦੱਸਿਆ ਹੈ ਅਤੇ ਕਿਹਾ ਹੈ ਕਿ ਇਸਦੇ "ਗੰਭੀਰ ਸਿੱਟੇ" ਨਿਕਲ ਸਕਦੇ ਹਨ। ਪਿਛਲੇ ਦਿਨਾਂ ਦੌਰਾਨ ਈਰਾਨ ਵੱਲੋਂ ਹਮਲੇ ਦਾ ਨਿਸ਼ਾਨਾ ਬਣਾਇਆ ਜਾਣ ਵਾਲਾ ਪਾਕਿਸਤਾਨ— ਇਰਾਕ ਅਤੇ ਸੀਰੀਆ ਤੋਂ ਬਾਅਦ ਤੀਜਾ ਦੇਸ ਹੈ।

ਈਰਾਨ ਨੇ ਪਾਕਿਸਤਾਨ ਉੱਪਰ ਪਹਿਲੀ ਵਾਰ ਹਮਲਾ ਕੀਤਾ ਹੈ। ਇਸ ਮਿਜ਼ਾਈਲ ਹਮਲੇ ਨੂੰ ਮੰਗਲਵਾਰ ਨੂੰ ਅੰਜਾਮ ਦਿੱਤਾ ਗਿਆ। ਇਸ ਵਿੱਚ ਪਾਕਿਸਤਾਨ ਦੇ ਈਰਾਨ ਨਾਲ ਲਗਦੇ ਸਰਹੱਦੀ ਸੂਬੇ ਬਲੂਚਿਸਤਾਨ ਦੇ ਇੱਕ ਪਿੰਡ ਨੂੰ ਨਿਸ਼ਾਨਾ ਬਣਾਇਆ ਗਿਆ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਤਲਖ਼ ਬਿਆਨ ਵਿੱਚ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਨੂੰ "ਈਰਾਨ ਵੱਲੋਂ ਆਪਣੇ ਹਵਾਈ ਖੇਤਰ ਦੀ ਬਿਨਾਂ ਕਿਸੇ ਉਕਸਾਹਟ ਦੇ ਕੀਤੀ ਗਈ ਉਲੰਘਣਾ" ਦੱਸਿਆ ਹੈ। ਪਾਕਿਸਤਾਨ ਨੇ ਇਸ ਹਮਲੇ ਨੂੰ "ਨਾਕਾਬਲੇ ਬਰਦਾਸ਼ਤ" ਦੱਸਦਿਆਂ ਕਿਹਾ ਹੈ "ਇਸ ਤੋਂ ਵੀ ਵਧੇਰੇ ਚਿੰਤਾਜਨਕ ਹੈ ਕਿ ਇਹ ਗੈਰ-ਕਨੂੰਨੀ ਕਾਰਵਾਈ ਪਾਕਿਸਤਾਨ ਅਤੇ ਈਰਾਨ ਦਰਮਿਆਨ ਗੱਲਬਾਤ ਦੇ ਕਈ ਰਾਹ ਮੌਜੂਦ ਹੋਣ ਦੇ ਬਾਵਜੂਦ ਵਾਪਰਿਆ ਹੈ।" ਪਾਕਿਸਤਾਨ ਨੇ ਈਰਾਨ ਦੇ ਵਿਦੇਸ਼ ਮੰਤਰਾਲੇ ਦੇ "ਸਬੰਧਤ ਸੀਨੀਅਰ ਅਧਿਕਾਰੀਆਂ" ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਪਾਕਿਸਤਾਨ ਨੇ ਬਿਆਨ ਵਿੱਚ ਕਿਹਾ ਹੈ, "ਪਾਕਿਸਤਾਨ ਦੀ ਪ੍ਰਭੂਸੱਤਾ ਦੀ ਸ਼ਰੇਆਮ ਉਲੰਘਣਾ ਦੇ ਸਿੱਟਿਆਂ ਦੀ ਪੂਰੀ ਜ਼ਿੰਮੇਵਾਰੀ ਈਰਾਨ ਦੀ ਹੋਵੇਗੀ।" ਇਸ ਤੋਂ ਪਹਿਲਾਂ ਸੋਮਵਾਰ ਨੂੰ ਉੱਤਰੀ ਇਰਾਕ ਦੇ ਇਰਬਿਲ ਸ਼ਹਿਰ ਉੱਪਰ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲੇ ਕੀਤੇ ਸਨ ਜਿਨ੍ਹਾਂ ਦੀ ਅਮਰੀਕਾ ਨੇ ਵੀ ਨਿੰਦਾ ਕੀਤੀ ਹੈ। ਈਰਾਨ ਦੇ ਇਹ ਹਮਲੇ ਪੱਛਮੀ ਏਸ਼ੀਆ ਵਿੱਚ ਪਹਿਲਾਂ ਤੋਂ ਜਾਰੀ ਸੰਕਟ ਦੇ ਦਰਮਿਆਨ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਹੀ ਈਰਾਨ ਅਤੇ ਇਸਰਾਈਲ ਦਰਮਿਆਨ ਪੈਂਦੀ ਗਾਜ਼ਾ ਪੱਟੀ ਉੱਪਰ ਈਰਾਨ ਦੇ ਹਮਲੇ ਜਾਰੀ ਹਨ। ਪਿਛਲੇ ਸਾਲ 7 ਅਕਤੂਬਰ ਤੋਂ ਜਾਰੀ ਇਹ

ਹਮਲੇ ਈਰਾਨ ਨੇ ਫ਼ਲਸਤੀਨ ਸ਼ਹਿ ਹਾਸਲ ਕੱਟੜਪੰਥੀ ਸਮੂਹ ਹਮਾਸ ਖਿਲਾਫ਼ ਕੀਤੇ ਹਨ।

ਈਰਾਨ ਨੇ ਕਿਹਾ ਹੈ ਕਿ ਉਹ ਵੱਡੇ ਝਮਲੇ ਵਿੱਚ ਨਹੀਂ ਪੈਣਾ ਚਾਹੁੰਦਾ। ਈਰਾਨ ਮੁਤਾਬਕ "ਐਕਸਸ ਆਫ ਰਿਜ਼ਸਟੈਂਸ" ਵਿੱਚ ਸ਼ਾਮਲ ਸਮੂਹ, ਫ਼ਲਸਤੀਨੀਆਂ ਨਾਲ ਏਕਤਾ ਦਾ ਪ੍ਰਗਟਾਵਾ ਕਰਨ ਲਈ ਉਸ ਉੱਪਰ ਹਮਲੇ ਕਰ ਰਹੇ ਸਨ। ਲਿਬਨਾਨ ਦੀ ਹਿਜ਼ਬੁੱਲ੍ਹਾ ਮੂਵਮੈਂਟ ਅਤੇ ਇਜ਼ਰਾਈਲੀ ਫ਼ੌਜਾਂ ਦਰਮਿਆਨ ਸਰਹੱਦ ਦੇ ਆਰ ਪਾਰ ਤੋਂ ਦੁਵੱਲੀ ਗੋਲੀਬਾਰੀ ਹੋਈ। ਸ਼ੀਆ ਲੜਾਕਿਆਂ ਨੇ ਇਰਾਕ ਅਤੇ ਸੀਰੀਆ ਵਿੱਚ ਬੈਠੀਆਂ ਅਮਰੀਕੀ ਫੌਜਾਂ ਉੱਪਰ ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ। ਜਦਕਿ ਯਮਨ ਦੇ ਹੂਤੀ ਬਾਗੀਆਂ ਨੇ ਲਾਲ ਸਾਗਰ ਵਿੱਚ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਰਿਪੋਰਟਾਂ ਮੁਤਾਬਕ ਇਜ਼ਰਾਈਲੀ ਹਮਲਿਆਂ ਵਿੱਚ ਲਿਬਨਾਨ ਵਿੱਚ ਰਹਿੰਦਾ ਇੱਕ ਹਮਾਸ ਆਗੂ ਮਾਰਿਆ ਗਿਆ ਹੈ। ਜਦਕਿ ਸੀਰੀਆ ਵਿੱਚ ਰੈਵਲੂਸ਼ਨਰੀ ਗਾਰਡ ਦੇ ਕਮਾਂਡਰ ਦੀ ਮੌਤ ਹੋ ਗਈ ਹੈ। ਇਸੇ ਤਰ੍ਹਾਂ ਅਮਰੀਕਾ ਨੇ ਇੱਕ ਹਵਾਈ ਹਮਲੇ ਵਿੱਚ ਇਰਾਕੀ ਲੜਾਕਿਆਂ ਦੇ ਆਗੂ ਨੂੰ ਮਾਰ ਦਿੱਤਾ ਹੈ ਅਤੇ ਯਮਨ ਵਿੱਚ ਹੂਤੀ ਬਾਗੀਆਂ ਦੇ ਕੁਝ ਟਿਕਾਣਿਆਂ ਉੱਤੇ ਬੰਬਾਰੀ ਕੀਤੀ ਹੈ।

ਪਾਕਿਸਤਾਨ ਅਤੇ ਈਰਾਨ ਕਈ ਦਹਾਕਿਆਂ ਤੋਂ ਜੈਸ਼ ਅਲ-ਅਦਲ ਸਮੇਤ ਹਥਿਆਰਬੰਦ ਸਮੂਹਾਂ ਨਾਲ ਜੂਝ ਰਹੇ ਹਨ। ਦੋਵਾਂ ਦੇਸਾਂ ਦਰਮਿਆਨ ਲਗਭਗ 900 ਕਿੱਲੋਮੀਟਰ ਲੰਬੀ ਸਰਹੱਦ ਹੈ। ਇਸ ਸਰਹੱਦ ਉੱਪਰ ਇਨ੍ਹਾਂ ਸਮੂਹਾਂ ਦੀ ਮੌਜੂਦਗੀ ਦੋਵਾਂ ਦੇਸਾਂ ਲਈ ਹੀ ਚਿੰਤਾ ਦਾ ਵਿਸ਼ਾ ਰਹੀ ਹੈ। ਈਰਾਨ ਨੇ ਕਿਹਾ ਕਿਹਾ ਹੈ ਕਿ ਜੈਸ਼ ਅਲ-ਅਦਲ ਦਾ ਸੰਬੰਧ ਪਿਛਲੇ ਮਹੀਨੇ ਸਰਹੱਦ ਦੇ ਕੋਲ ਹੋਏ ਹਮਲੇ ਨਾਲ ਜੋੜਿਆ ਹੈ। ਇਸ ਹਮਲੇ ਵਿੱਚ ਇੱਕ ਦਰਜਨ ਈਰਾਨੀ ਅਧਿਕਾਰੀਆਂ ਦੀ ਮੌਤ ਹੋਈ ਸੀ। ਹਮਲੇ ਤੋਂ ਬਾਅਦ ਈਰਾਨ ਦੇ ਗ੍ਰਹਿ ਮੰਤਰੀ ਅਹਿਮਦ ਵਾਹਿਦੀ ਨੇ ਕਿਹਾ ਸੀ ਕਿ ਹਮਲੇ ਲਈ ਜ਼ਿੰਮੇਵਾਰ ਖਾੜਕੂ ਪਾਕਿਸਤਾਨ ਦੀ ਤਰਫ਼ੋਂ ਈਰਾਨ ਵਿੱਚ ਦਾਖਲ ਹੋਏ ਸਨ।

ਕੌਣ ਹੈ ਜੈਸ਼ ਅਲ-ਅਦਲ?

ਅਮਰੀਕਾ ਦੇ ਨੈਸ਼ਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਦੇ ਦਫ਼ਤਰ ਮੁਤਾਬਕ ਜੈਸ਼ ਅਲ-ਅਦਲ ਸਿਸਤਾਨ-ਬਲੋਚਿਸਤਾਨ ਤੋਂ ਚੱਲ ਰਿਹਾ "ਸਭ ਤੋਂ ਸਰਗਰਮ ਅਤੇ ਪ੍ਰਭਾਵਸ਼ਾਲੀ" ਸੁੰਨੀ ਖਾੜਕੂ ਸਮੂਹ ਹੈ। ਇਸ ਸੰਗਠਨ ਦਾ ਨਾਮ ਜੂਨਦਲਾਹ ਹੁੰਦਾ ਸੀ ਪਰ ਸਾਲ 2012 ਵਿੱਚ ਇਸਨੇ ਆਪਣਾ ਨਾਮ ਬਦਲ ਲਿਆ। ਨੈਸ਼ਨਲ ਇੰਟੇਲਿਜ਼ੈਂਸ ਦੀ ਵੈਬਸਾਈਟ ਮੁਤਾਬਕ, ਇਹ 'ਪੀਪਲਜ਼ ਰਿਜ਼ਿਸਟੈਂਸ ਆਫ਼ ਈਰਾਨ' ਵੀ ਕਿਹਾ ਜਾਂਦਾ ਹੈ। ਅਬਦੁਲ ਮਲਿਕ ਰੇਗੀ ਨੇ 2002 ਜਾਂ 2003 ਵਿੱਚ ਇਸ ਸੰਗਠਨ ਨੂੰ ਬਣਾਇਆ ਅਤੇ ਕਈ ਸਾਲ ਤੱਕ ਇਸਦੇ ਨੇਤਾ ਰਹੇ। ਸੰਨ 2003 ਵਿੱਚ ਉਸ ਸਮੇਂ ਚਰਚਾ ਵਿੱਚ ਆਇਆ, ਜਦੋਂ ਇਸਨੇ ਨੇ ਈਰਾਨ ਦੇ ਸਰਕਾਰੀ ਟਿਕਾਣਿਆਂ ਉੱਤੇ ਕਈ ਹਮਲੇ ਕੀਤੇ ਅਤੇ ਸਾਬਕਾ ਰਾਸ਼ਟਰਪਤੀ ਮਹਿਮੂਦ ਅਹਿਮਦਨਿਜਾਦ ਦੇ ਕਤਲ ਦੀ ਕੋਸ਼ਿਸ਼ ਕੀਤੀ। 18 ਅਕਤੂਬਰ 2009 ਨੂੰ ਇਸ ਸਮੂਹ ਨੇ ਈਰਾਨ ਦੇ ਪਿੰਸ਼ ਸ਼ਹਿਰ ਵਿੱਚ ਇੱਕ ਹਮਲਾ ਕੀਤਾ ਸੀ। ਈਰਾਨ ਦਾ ਕਹਿਣਾ ਸੀ ਕਿ ਪਾਕਿਸਤਾਨੀ ਸਰਹੱਦ ਲੰਘ ਕੇ ਆਏ ਇੱਕ ਖ਼ੁਦਕੁਸ਼ ਹਮਲਾਵਰ ਨੇ ਈਰਾਨੀ ਬਲੋਚ ਕਬਾਇਲੀ ਆਗੂਆਂ ਦੇ ਇੱਕ ਬੈਠਕ ਵਿੱਚ ਧਮਾਕਾ ਕੀਤਾ ਸੀ। ਇਸ ਮੀਟਿੰਗ ਵਿੱਚ ਰੈਵਲੂਸ਼ਨਰੀ ਗਾਰਡਸ ਦੇ ਸੀਨੀਅਰ ਕਮਾਂਡਰ ਵੀ ਸ਼ਾਮਲ ਸਨ। ਇਹ ਹਮਲੇ ਵਿੱਚ ਈਰਾਨੀ ਰੈਵਲੂਸ਼ਨਰੀ ਗਾਰਡਸ ਦੇ ਡਿਪਟੀ ਕਮਾਂਡਰ ਨੂਰ ਅਲੀ ਸ਼ੂਸ਼ਤਾਰੀ ਦੀ ਮੌਤ ਹੋ ਗਈ ਸੀ। ਉਨ੍ਹਾਂ ਨੂੰ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਹਾ ਖ਼ੁਮੈਨੀ ਦਾ ਨਜ਼ਦੀਕੀ ਮੰਨਿਆ ਜਾਂਦਾ ਸੀ। ਇਸ ਹਮਲੇ ਨੇ ਈਰਾਨ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਦਿਸ਼ਾ ਹੀ ਬਦਲ ਦਿੱਤੀ ਸੀ।ਅਬਦੁਲ ਮਲਿਕ ਰੇਗੀ ਨੂੰ ਈਰਾਨ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਸਾਲ 2010 ਵਿੱਚ ਸਜ਼ਾ-ਏ-ਮੌਤ ਸੁਣਾਈ ਗਈ। ਆਪਣੇ ਆਗੂ ਦੀ ਮੌਤ ਤੋਂ ਬਾਅਦ ਸਮੂਹ ਧੜਿਆਂ ਵਿੱਚ ਵੰਡਿਆ ਗਿਆ ਉਨ੍ਹਾਂ ਵਿੱਚੋਂ ਜੈਸ਼ ਅਲ-ਅਦਲ ਸਭ ਤੋਂ ਪ੍ਰਭਾਵਸ਼ਾਲੀ ਧੜਾ ਹੋ ਕੇ ਉੱਭਰਿਆ ਹੈ। ਇਹ ਸੰਗਠਨ ਵਧੇਰੇ ਈਰਾਨੀ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਪਰ ਸਰਕਾਰੀ ਅਧਿਕਾਰੀਆਂ ਅਤੇ ਆਮ ਸ਼ੀਆ ਮੁਸਲਮਾਨਾਂ 'ਤੇ ਵੀ ਹਮਲੇ ਕਰਦਾ ਰਹਿੰਦਾ ਹੈ। ਇਨ੍ਹਾਂ ਹਮਲਿਆਂ ਵਿੱਚ ਗੋਲੀਬਾਰੀ ਕਰਨਾ, ਅਗਵਾ ਕਰਨਾ, ਕਤਲ ਕਰਨਾ ਅਤੇ ਖ਼ੁਦਕੁਸ਼ ਹਮਲੇ ਸ਼ਾਮਲ ਹਨ।ਇਸ ਸੰਗਠਨ ਨੇ ਸਰਹੱਦੀ ਨਾਕਿਆਂ ਅਤੇ ਉੱਥੋਂ ਦੀ ਲੰਘਣ ਵਾਲੀਆਂ ਗੱਡੀਆਂ ਨੂੰ ਵੀ ਛੋਟੇ ਹਥਿਆਰਾਂ ਅਤੇ ਰਾਕਟਾਂ ਨਾਲ ਨਿਸ਼ਾਨਾ ਬਣਾਇਆ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਚਾਰ ਨਵੰਬਰ 2010 ਕੋ ਜੂਨਾਦਲਾਹ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਐਲਾਨ ਕੀਤਾ ਸੀ। ਬਾਅਦ ਵਿੱਚ ਇਸ ਨੂੰ ਸੋਧ ਕਰਕੇ 2019 ਜੈਸ਼ ਅਲ-ਅਦਲ ਦਾ ਨਾਮ ਇਸ ਵਿੱਚ ਸ਼ਾਮਲ ਕੀਤਾ ਗਿਆ।

ਤਲਵੰਡੀ ਸੱਲਾਂ ਦਲਿਤ ਕਤਲਕਾਂਡ ਦੇ ਸਾਰੇ ਕਸੂਰਵਾਰਾਂ ਨੂੰ ਸਲਾਖਾਂ ਪਿੱਛੇ ਕਰਵਾਉਣ ਲਈ ਰੋਸ ਮੁਜ਼ਾਹਰਾ - ਘੁੱਗਸ਼ੋਰ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਨੇੜਲੇ ਪਿੰਡ ਤਲਵੰਡੀ ਸੱਲਾਂ ਵਿਖੇ ਵਾਪਰੇ ਸਾਹਿਲ ਕਤਲਕਾਂਡ ਨੂੰ ਲੈ ਕੇ ਪੀੜਤ ਪਰਿਵਾਰ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਬਦਲਾਅ ਵਾਲੀ ਸਰਕਾਰ ਅਤੇ ਪ੍ਰਸ਼ਾਸਨ ਦੇ ਬੇਜ਼ਮੀਨੇ ਦਲਿਤ ਮਜ਼ਦੂਰਾਂ ਪ੍ਰਤੀ ਧਾਰਨ ਕੀਤੇ ਹੋਏ ਵਤੀਰੇ ਖਿਲਾਫ਼ ਅੱਜ ਰੋਸ ਮੁਜ਼ਾਹਰਾ ਕੀਤਾ ਗਿਆ।

ਮੁਜ਼ਾਹਰਾਕਾਰੀ ਇਸ ਤੋਂ ਪਹਿਲਾਂ ਸਥਾਨਕ ਦਾਣਾਮੰਡੀ ਚ ਇਕੱਠੇ ਹੋਏ ਜਿੱਥੋਂ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਗਿਆ। ਜਾਜਾ ਬਾਈਪਾਸ ਚੌਂਕ ਵਿਖੇ ਪ੍ਰਸ਼ਾਸਨ ਵਲੋਂ ਤਹਿਸੀਲਦਾਰ ਗੁਰਪ੍ਰੀਤ ਸਿੰਘ ਨੇ ਤਿੰਨ ਦਿਨ ਦੇ ਅੰਦਰ ਅੰਦਰ ਰਹਿੰਦੇ ਕਸੂਰਵਾਰਾਂ ਨੂੰ ਸਲਾਖਾਂ ਪਿੱਛੇ ਬੰਦ ਕਰਨ, ਸਰਕਾਰ ਤਰਫ਼ੋਂ ਕਾਨੂੰਨ ਅਨੁਸਾਰ ਪੀੜਤ ਪਰਿਵਾਰ ਦੀ ਮਾਲੀ ਮਦਦ ਕਰਨ ਅਤੇ ਪਰਿਵਾਰ ਨੂੰ ਨੌਕਰੀ ਦੇਣ ਦਾ ਭਰੋਸਾ ਦਿੱਤਾ। ਮਸਲੇ ਦੇ ਹੱਲ ਲਈ ਐਸ.ਡੀ.ਐਮ. ਦਸੂਹਾ ਅਤੇ ਡੀ।ਐੱਸ।ਪੀ। ਟਾਂਡਾ ਕੁਲਵੰਤ ਸਿੰਘ ਨੇ ਇੱਕ ਘੰਟੇ ਤੋਂ ਵੱਧ ਸਮਾਂ ਆਗੂਆਂ ਨਾਲ ਮੀਟਿੰਗ ਕੀਤੀ ਪ੍ਰੰਤੂ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਯੂਨੀਅਨ ਵਲੋਂ ਪਰਿਵਾਰ ਦੀ ਸਹਿਮਤੀ ਨਾਲ ਯੂਨੀਅਨ ਨੇ 19 ਜਨਵਰੀ ਨੂੰ ਡੈੱਡਬਾਡੀ ਸਮੇਤ ਪੱਕੇ ਤੌਰ ਉੱਤੇ ਸੜਕ ਉੱਪਰ ਮੋਰਚਾ ਲਗਾਇਆ ਜਾਵੇਗਾ। ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ ਅਤੇ ਤਹਿਸੀਲ ਆਗੂ ਨਾਵਲ ਗਿੱਲ ਟਾਹਲੀ ਨੇ ਲੰਘੀ ਕੱਲ੍ਹ ਪੀੜਤ ਪਰਿਵਾਰ ਪਾਸ ਪੁੱਜ ਕੇ ਹਲਕਾ ਵਿਧਾਇਕ ਵਲੋਂ ਮਸਲੇ ਉੱਤੇ ਮਿੱਟੀ ਪਾਉਣ ਦਾ ਜ਼ੋਰ ਲਗਾਉਂਦੇ ਹੋਏ ਪੇਂਡੂ ਮਜ਼ਦੂਰ ਆਗੂਆਂ ਨਾਲ ਤੂੰ ਤੜੱਕ ਕਰਨ ਦੀ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ ਟਾਹਰਾ ਭਾਰਤ ਵਿਸ਼ਵ ਗੁਰੂ ਬਨਣ ਦੀਆਂ ਅਤੇ ਤਕਨਾਲੌਜੀ ਨਾਲ ਲੈਸ 21 ਵੀਂ ਸਦੀ ਦੀਆਂ ਕੀਤੀਆਂ ਜਾ ਰਹੀਆਂ ਪ੍ਰੰਤੂ ਅਮਲਦਾਰੀ 17 ਵੀਂ ਸਦੀ ਵਾਲੀ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਪਾਸ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਬੋਲੇ ਗਏ ਬੋਲ ਸਾਬਿਤ ਕਰਦੇ ਹਨ ਇਨਸਾਫ਼ ਦੇ ਰਸਤੇ ਵਿੱਚ ਉਹ ਰੁਕਾਵਟ ਹਨ। ਇਸ ਕਰਕੇ ਹੀ ਪਰਿਵਾਰ ਆਪਣੇ ਜਿਗਰ ਦੇ ਟੁਕੜੇ ਨੌਜਵਾਨ ਦੀ ਡੈੱਡ ਬਾਡੀ ਕੋਲ਼ ਰੱਖ ਕੇ ਬੈਠੇ ਇਨਸਾਫ਼ ਮੰਗ ਰਹੇ ਹਨ। ਪ੍ਰੰਤੂ ਅੱਜ ਤੱਕ ਪੁਲਿਸ ਵਲੋਂ ਸਾਰੇ ਕਸੂਰਵਾਰਾਂ ਨੂੰ ਸਲਾਖਾਂ ਪਿੱਛੇ ਨਹੀਂ ਕੀਤਾ ਗਿਆ। ਕਾਨੂੰਨ ਅਨੁਸਾਰ ਪਰਿਵਾਰ ਦੀ ਮਾਲੀ ਮੱਦਦ ਦਾ ਕੇਸ ਪ੍ਰਦਰਸ਼ਨ ਉਪਰੰਤ ਅੱਜ ਭੇਜਿਆ ਗਿਆ ਅਤੇ ਪ੍ਰਸ਼ਾਸਨ ਮੰਗਾਂ ਦੀ ਪੂਰਤੀ ਲਈ ਹੋਰ ਸਮਾਂ ਮੰਗ ਰਿਹਾ ਹੈ। ਇਸ ਮੌਕੇ ਪੀੜ੍ਹਤ ਪਰਿਵਾਰ ਨੇ ਮੰਗਾਂ ਦੇ ਨਿਪਟਾਰੇ ਤੱਕ ਸੰਘਰਸ਼ ਜਾਰੀ ਰੱਖਣ ਅਤੇ ਮ੍ਰਿਤਕ ਨੌਜਵਾਨ ਦਾ ਸੰਸਕਾਰ ਉਨੀਂ ਦੇਰ ਨਾ ਕਰਨ ਦਾ ਐਲਾਨ ਕੀਤਾ ਹੈ। ਆਗੂਆਂ ਨੇ ਕਿਹਾ ਕਿ ਗਾਰੰਟੀਆਂ ਵਾਲੀ ਸਰਕਾਰ ਦੇ ਰਾਜ ਵਿੱਚ ਬੇਜ਼ਮੀਨੇ ਦਲਿਤਾਂ ਉੱਪਰ ਅੱਤਿਆਚਾਰ ਬੇਰੋਕ ਜਾਰੀ ਹਨ। ਨਸ਼ਾ, ਗੈਂਗਵਾਦ ਖ਼ਤਮ ਕਰਨ ਦੀ ਥਾਂ ਇਸਨੂੰ ਸਰਕਾਰੀ ਸਰਪ੍ਰਸਤੀ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਲੋਕ ਦੋਖੀ, ਲੋਕ ਮਾਰੂ ਪ੍ਰਬੰਧ ਹੀ ਸਾਹਿਲ ਕਤਲਕਾਂਡ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਰਕਾਰੀ ਮਸ਼ੀਨਰੀ ਪੀੜ੍ਹਤ ਪਰਿਵਾਰ ਨੂੰ ਨਿਆਂ ਦਿਵਾਉਣ ਦੀ ਥਾਂ ਇਸ ਮਸਲੇ ਉੱਪਰ ਮਿੱਟੀ ਪਾਉਣਾ ਚਾਹੁੰਦੀ ਹੈ। ਜਿਸ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਪੀੜ੍ਹਤ ਪਰਿਵਾਰ ਨੂੰ ਹਰ ਹਾਲ ਇਨਸਾਫ਼ ਦੁਆ ਕੇ ਹੀ ਦਮ ਲਿਆ ਜਾਵੇਗਾ। ਇਸ ਮੌਕੇ ਯੂਨੀਅਨ ਆਗੂ ਅਮਰੀਕ ਸਿੰਘ ਅਤੇ ਦਲੀਪ ਕੁਮਾਰ ਆਦਿ ਨੇ ਵੀ ਸੰਬੋਧਨ ਕੀਤਾ।

ਇਰਾਨ ਵੱਲੋਂ ਉੱਤਰੀ ਇਰਾਕ ਤੇ ਸੀਰੀਆ 'ਤੇ ਹਮਲੇ

ਇਰਬਿਲ (ਇਰਾਕ)- ਇਰਾਨ ਨੇ ਇਰਾਕ ਦੇ ਇਰਬਿਲ 'ਚ ਅਮਰੀਕੀ ਕੌਂਸੁਲੇਟ ਨੇੜੇ ਇੱਕ ਇਲਾਕੇ 'ਚ ਮਿਜ਼ਾਈਲ ਹਮਲਿਆਂ ਤੋਂ ਤੁਰੰਤ ਬਾਅਦ ਇੱਕ ਜਾਸੂਸੀ ਹੈੱਡਕੁਆਰਟਰ ਤੇ ਉੱਤਰੀ ਸੀਰੀਆ 'ਚ ਇਰਾਨ ਵਿਰੋਧੀ ਅਤਿਵਾਦੀ ਸਮੂਹ ਦੇ ਟਿਕਾਣਿਆਂ 'ਤੇ ਹਮਲੇ ਕੀਤੇ ਹਨ। ਕੁਰਦ ਖੇਤਰੀ ਸਰਕਾਰ ਦੀ ਸੁਰੱਖਿਆ ਕੌਂਸਲ ਨੇ ਦੱਸਿਆ ਕਿ ਇਨ੍ਹਾਂ ਹਮਲਿਆਂ 'ਚ ਚਾਰ ਨਾਗਰਿਕ ਮਾਰੇ ਗਏ ਅਤੇ ਛੇ ਜਣੇ ਜ਼ਖ਼ਮੀ ਹੋਏ ਹਨ। ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਇੱਕ ਬਿਆਨ 'ਚ ਕਿਹਾ ਕਿ ਉਸ ਨੇ ਇਰਾਕ ਦੇ ਕੁਰਦ ਖੇਤਰ 'ਚ ਇਜ਼ਰਾਇਲੀ ਖੁਫੀਆ ਏਜੰਸੀ ਮੋਸਾਦ ਦੇ ਹੈੱਡਕੁਆਰਟਰ 'ਤੇ ਹਮਲਾ ਕੀਤਾ ਹੈ। ਇੱਕ ਹੋਰ ਬਿਆਨ 'ਚ ਕਿਹਾ ਗਿਆ ਹੈ ਕਿ ਉਸ ਨੇ ਸੀਰੀਆ 'ਚ ਇਸਲਾਮਿਕ ਸਟੇਟ ਦੇ ਟਿਕਾਣਿਆਂ ਸਣੇ ਅਤਿਵਾਦੀ ਮੁਹਿੰਮਾਂ 'ਤੇ ਕਈ ਬੈਲਿਸਟਿਕ ਮਿਜ਼ਾਈਲਾਂ ਦਾਗ ਕੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਇਜ਼ਰਾਈਲ ਨੇ ਇਰਬਿਲ 'ਚ ਹਮਲੇ ਬਾਰੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਅਤੇ ਵਾਸ਼ਿੰਗਟਨ 'ਚ ਉਸ ਦੇ ਦੂਤਾਵਾਸ ਨੇ ਮੋਸਾਦ ਦੇ ਸਬੰਧ ਵਿੱਚ ਇਰਾਨ ਦੇ ਦੋਸ਼ਾਂ ਦੇ ਸਬੰਧ ਵਿੱਚ ਟਿੱਪਣੀ ਦਾ ਕੋਈ ਜਵਾਬ ਨਹੀਂ ਦਿੱਤਾ।

ਇਸੇ ਦੌਰਾਨ ਇਰਾਨ ਵੱਲੋਂ ਉੱਤਰੀ ਇਰਾਕ ਦੇ ਇਰਬਿਲ 'ਚ ਕੀਤੇ ਗਏ ਹਮਲਿਆਂ ਦੇ ਵਿਰੋਧ 'ਚ ਇਰਾਕ ਨੇ ਅੱਜ ਤਹਿਰਾਨ 'ਚ ਨਿਯੁਕਤ ਆਪਣੇ ਰਾਜਦੂਤ ਨੂੰ ਸਲਾਹ-ਮਸ਼ਵਰੇ ਲਈ ਵਾਪਸ ਸੱਦ ਲਿਆ ਹੈ ਤੇ ਨਾਲ ਹੀ ਇਰਾਨ ਦੇ ਦੂਤਾਵਾਸ ਦੇ ਇੰਚਾਰਜ ਨੂੰ ਵੀ ਤਲਬ ਕਰ ਲਿਆ ਹੈ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

ਦੇਸ਼, ਸਮਾਜ ਅਤੇ ਆਪਣੀ ਕੌਮ ਦੀ ਸੇਵਾ ਲਈ ਹਮੇਸ਼ਾ ਸਮਰਪਿਤ ਰਹੇ ਸਰਦਾਰ ਕਰਨੈਲ ਸਿੰਘ ਦਿਆਲਪਰੀ ਨਮਿੱਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ ਕੱਲ੍ਹ 18 ਜਨਵਰੀ ਨੂੰ

ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)– ਉਘੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਸਤਿਕਾਰਯੋਗ ਪਿਤਾ ਸੂਬੇਦਾਰ ਕਰਨੈਲ ਸਿੰਘ ਦਿਆਲਪੁਰੀ (ਨੰਬਰਦਾਰ) ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਉਨ੍ਹਾਂ ਦੇ ਜੱਦੀ ਘਰ ਜਲੰਧਰ- ਅੰਮ੍ਰਿਤਸਰ ਰੋਡ ਤੇ ਸਥਿਤ ਪਿੰਡ ਦਿਆਲਪਰ ਨੇੜੇ ਕਰਤਾਰਪੁਰ ਵਿਖੇ 18 ਜਨਵਰੀ, ਦਿਨ ਵੀਰਵਾਰ ਨੂੰ ਪਵੇਗਾ। ਪਾਠ ਦੇ ਭੋਗ ਉਪਰੰਤ ਸ਼ਰਧਾਂਜਲੀ ਸਮਾਗਮ 12 ਤੋਂ 2 ਵਜੇ ਤੱਕ ਪਿੰਡ ਦੇ ਗੁਰਦੁਆਰਾ ਬੋਹੜਵਾਲਾ ਸਾਹਿਬ ਵਿਖੇ ਆਯੋਜਿਤ ਹੋਵੇਗਾ। ਸਰਦਾਰ ਕਰਨੈਲ ਸਿੰਘ ਦਿਆਲਪਰੀ ਜੀ ਦਾ ਸਮੁੱਚਾ ਜੀਵਨ ਦੇਸ਼, ਕੌਮ ਅਤੇ ਆਪਣੇ ਭਾਈਚਾਰੇ ਦੀ ਸੇਵਾ ਅਤੇ ਖੁਸ਼ਹਾਲੀ ਨੂੰ ਸਮਰਪਿਤ ਰਿਹਾ। ਉਨ੍ਹਾਂ ਦਾ ਜਨਮ 15 ਅਕਤੂਬਰ, 1946 ਨੂੰ ਪਿੰਡ ਆਲੋਵਾਲ ਨੇੜੇ ਜੱਸੋਨੰਗਲ ਜਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸਵਰਗੀ ਸਰਦਾਰ ਅੱਛਰ ਸਿੰਘ ਅਤੇ ਮਾਤਾ ਬਚਨ ਕੌਰ ਦੇ ਘਰ ਹੋਇਆ। ਸਰਦਾਰ ਕਰਨੈਲ ਸਿੰਘ ਦਿਆਲਪਰੀ ਹੋਰੀਂ 8 ਭਰਾ ਸਨ ਅਤੇ ਇਨ੍ਹਾਂ ਦੀਆਂ 2 ਭੈਣਾਂ ਸਨ। ਕਰਨੈਲ ਸਿੰਘ ਦਿਆਲਪਰੀ ਸਭ ਤੋਂ ਵੱਡੇ ਸਨ। ਉਨ੍ਹਾਂ ਨੇ ਉਚ ਵਿਦਿਆ ਹਾਸਲ ਕੀਤੀ। ਬੀਏ, ਬੀਐੱਡ, ਈ.ਟੀ.ਟੀ., ਸਿਖਿਆ ਪ੍ਰਾਪਤ ਕਰਨੈਲ ਸਿੰਘ ਦਿਆਲਪਰੀ ਹੋਰਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਆਰਮੀ ਐਜੂਕੇਸ਼ਨ ਕੋਰ (ਏ.ਈ.ਸੀ.) ਵਜੋਂ ਕੀਤੀ। ਆਰਮੀ ਵਿਚ ਸੇਵਾ ਦੌਰਾਨ ਉਨ੍ਹਾਂ ਨੇ ਦੇਸ਼ ਦੀ ਰੱਖਿਆ ਵਾਸਤੇ 1965 ਅਤੇ 1971 ਦੀਆਂ ਦੋ ਜੰਗਾਂ ਵੀ ਲੜੀਆਂ। ਆਰਮੀ ਵਿਚ ਸੇਵਾ ਦੌਰਾਨ ਸਰਦਾਰ ਕਰਨੈਲ ਸਿੰਘ ਇਲਾਹਾਬਾਦ, ਦੇਹਰਾਦੂਨ, ਨੀਫਾ ਬਾਰਡਰ, ਡਿਬਰੂਗੜ੍ਹ (ਆਸਾਮ) ਦੇਵ – ਲਾਲੀ ਨਾਸਿਕ (ਮਹਾਰਾਸ਼ਟਰ) ਗੁਹਾਟੀ, ਜਲੰਧਰ ਛਾਉਣੀ ਆਦਿ ਵਿਖੇ ਸੇਵਾਵਾਂ ਨਿਭਾਈਆਂ। ਆਰਮੀ ਵਿਚ ਵੱਖ ਵੱਖ ਅਹੁਦਿਆਂ ਤੇ ਸੇਵਾਵਾਂ ਨਿਭਾਉਂਦੇ ਦਿਆਲਪਰੀ ਸਾਹਿਬ ਆਰਮੀ ਵਿਚੋਂ ਸੂਬੇਦਾਰ ਦੇ ਸਤਿਕਾਰਤ ਅਹੁਦੇ ਤੋਂ ਸੇਵਾ ਮੁਕਤ ਹੋਏ। ਆਰਮੀ ਵਿਚੋਂ ਸੇਵਾ ਮੁਕਤੀ ਤੋਂ ਬਾਅਦ ਕਰਨੈਲ ਸਿੰਘ ਦਿਆਲਪਰੀ ਜੀ ਨੇ ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਵਿਚ ਸੇਵਾ ਕੀਤੀ। ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਐਲੀਮੈਂਟਰੀ ਸਕੂਲ ਪੱਤੜ ਕਲਾਂ, ਦਿੱਤੂ ਨੰਗਲ ਵਿਚ ਸੈਂਟਰ ਹੈੱਡ ਟੀਚਰ (ਸੀ.ਐਚ.ਟੀ.)ਵਜੋਂ ਸੇਵਾਵਾਂ ਨਿਭਾਈਆਂ। ਸਿਖਿਆ ਵਿਭਾਗ ਵਿਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਕਰਨੈਲ ਸਿੰਘ ਦਿਆਲਪਰੀ ਨੂੰ 26 ਜਨਵਰੀ ਦੇ ਦਿਹਾੜੇ ਪੰਜਾਬ ਸਰਕਾਰ ਦੀ ਤਰਫੋਂ ਜਲੰਧਰ ਜਿਲ੍ਹਾ ਪ੍ਰਸ਼ਾਸ਼ਨ ਨੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਵਧੀਆ ਅਧਿਆਪਕ ਵਜੋਂ ਸਨਮਾਨਿਤ ਵੀ ਕੀਤਾ। ਇਸ ਉਪਰੰਤ ਉਨ੍ਹਾਂ ਨੇ ਸੈਨਿਕ ਭਲਾਈ ਦਫਤਰ ਜਲੰਧਰ ਵਿਚ ਵੀ ਦੋ ਸਾਲ ਸੈਨਿਕ ਟਰੇਨਿੰਗ ਲੈਣ ਆਉਂਦੇ ਬੱਚਿਆਂ ਨੂੰ ਪੜ੍ਹਾਇਆ। ਮਿੰਟਗੁੰਮਰੀ ਸਕੂਲ ਜਲੰਧਰ ਵਿਚ ਅਕਾਊਂਟ ਦੀ ਸੇਵਾ ਵੀ ਨਿਭਾਈ। ਵੱਖ ਵੱਖ ਵਿਭਾਗਾਂ ਵਿਚ ਸੇਵਾਵਾਂ ਨਿਭਾਉਣ ਤੋਂ ਬਾਅਦ ਵੀ ਕਰਨੈਲ ਸਿੰਘ ਦਿਆਲਪਰੀ ਨੇ ਹਮੇਸ਼ਾ ਆਪਣੇ ਆਪ ਨੂੰ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸੇਵਾਵਾਂ ਵਿਚ ਹਮੇਸ਼ਾ ਹੀ ਰੁਝਾਈ ਰੱਖਿਆ। ਉਹ ਮੁਲਾਜ਼ਮ ਹੱਕਾਂ ਲਈ ਮੁਲਾਜ਼ਮ ਸੰਘਰਸ਼ ਕਮੇਟੀ ਦੇ ਸਰਗਰਮ ਮੈਂਬਰ ਵਜੋਂ ਹਮੇਸ਼ਾ ਲੜਦੇ ਰਹੇ। ਪਿੰਡ ਦਿਆਲਪੁਰ ਦੇ ਲੋਕਾਂ ਦੀ ਸੇਵਾ ਵਾਸਤੇ ਵੀ ਉਹ ਹਮੇਸ਼ਾ ਤਤਪਰ ਰਹਿੰਦੇ ਸਨ। ਆਖਰੀ ਸਾਹ ਲੈਣ ਸਮੇਂ ਵੀ ਉਹ ਪਿੰਡ ਦੇ ਨੰਬਰਦਾਰ ਸਨ ਅਤੇ ਨੰਬਰਦਾਰ ਯੂਨੀਅਨ ਕਰਤਾਰਪੁਰ ਜਲੰਧਰ ਦੇ ਪ੍ਰੈਸ ਸਕੱਤਰ ਸਨ। ਫੌਜ ਵਿੱਚ ਲੰਬਾ ਸਮਾਂ ਸੇਵਾ ਕਰਕੇ ਬਤੌਰ ਸੂਬੇਦਾਰ ਸੇਵਾ ਮੁਕਤ ਹੋਏ ਦਿਆਲਪੁਰੀ ਸਾਹਿਬ ਸਮਾਜ ਸੇਵਾ ਦੇ ਕੰਮਾਂ ਵਿੱਚ ਲਗਾਤਾਰ ਸਰਗਰਮ ਰਹੇ। ਦੇਸ਼ ਅਤੇ ਸਮਾਜ ਦੀ ਸੇਵਾ ਕਰਨ ਦੌਰਾਨ ਦਿਆਲਪਰੀ ਸਾਹਿਬ ਨੇ ਆਪਣੇ ਪਰਿਵਾਰ ਅਤੇ ਜਾਤੀ ਭਾਈਚਾਰੇ ਦੀ ਸੇਵਾ ਅਤੇ ਸਾਂਭ ਸੰਭਾਲ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ। ਸਰਦਾਰ ਕਰਨੈਲ ਸਿੰਘ ਦਿਆਲਪਰੀ ਨੇ ਆਪਣੇ ਬਾਜੀਗਰ ਭਾਈਚਾਰੇ ਦੇ ਵਿਸ਼ਵ ਪ੍ਰਸਿੱਧ ਦਰਬਾਰ ਬਾਬਾ ਹਾਥੀ ਰਾਮ ਜੀ ਗੁਣਾਚੌਰ ਦੀ ਵੀ ਸਮਰੱਥਾ ਅਨੁਸਾਰ ਸੇਵਾ ਕੀਤੀ। ਉਹ ਬਾਬਾ ਹਾਥੀ ਰਾਮ ਵੈਲਫੇਅਰ ਕਮੇਟੀ ਦੇ ਚੋਣ ਕਮੇਟੀ ਮੈਂਬਰ ਵੀ ਰਹੇ। ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਉਨ੍ਹਾਂ ਪਰਿਵਾਰਾਂ ਦੇ ਆਪਸੀ ਝਗੜੇ ਨਿਪਟਾਉਣ ਸਬੰਧੀ ਵੀ ਤਨਦੇਹੀ ਨਾਲ ਕੰਮ ਕੀਤਾ। ਉਨ੍ਹਾਂ ਦੇ ਧਰਮ ਪਤਨੀ ਬੀਬੀ ਸਵਿੰਦਰ ਕੌਰ ਭਾਵੇਂ ਅਨਪੜ੍ਹ ਸਨ ਪਰ ਦਿਆਲਪਰੀ ਹੋਰਾਂ ਨੇ ਉਨ੍ਹਾਂ ਨੂੰ ਹਰ ਖੇਤਰ, ਘਰ ਪਰਿਵਾਰ ਅਤੇ ਸਮਾਜਿਕ ਜਿੰਮੇਵਾਰੀਆਂ ਵਿਚ ਪੂਰਾ ਸਾਥ, ਮਾਣ ਅਤੇ ਸਤਿਕਾਰ ਦਿੱਤਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਵਧੀਆ ਸਿੱਖਿਆ ਸੰਸਕਾਰ ਦੇ ਸਮਾਜ ਦੇ ਜਿੰਮੇਵਾਰ ਨਾਗਰਿਕ ਬਣਾਇਆ। ਉਨ੍ਹਾਂ ਦੇ ਸਪੁੱਤਰ ਦਲਵਿੰਦਰ ਦਿਆਲਪਰੀ ਨੇ ਕੌਮਾਂਤਰੀ ਪੱਧਰ ਦੇ ਗਾਇਕ ਵਜੋਂ ਮੇਲਿਆਂ ਦੇ ਬਾਦਸ਼ਾਹ ਦਾ ਖਿਤਾਬ ਹਾਸਲ ਕੀਤਾ। ਦਲਵਿੰਦਰ ਦਿਆਲਪਰੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦਲਵਿੰਦਰ ਸਿੰਘ ਤੋਂ ਦਲਵਿੰਦਰ ਦਿਆਲਪਰੀ ਦਾ ਨਾਮ ਵੀ ਉਨ੍ਹਾਂ ਦੇ ਪਿਤਾ ਕਰਨੈਲ ਸਿੰਘ ਦਿਆਲਪਰੀ ਸਾਹਿਬ ਨੇ ਹੀ ਦਿੱਤਾ। ਦਲਵਿੰਦਰ ਦਿਆਲਪਰੀ ਨੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ ਵੱਡੀਆਂ ਸੇਵਾਵਾਂ ਨਿਭਾਈਆਂ। ਦਲਵਿੰਦਰ ਦਿਆਲਪਰੀ ਨੇ ਵੀ ਆਪਣੇ ਪਿਤਾ ਜੀ ਦੀ ਸਿੱਖਿਆ ਮੁਤਾਬਕ ਪਤਨੀ ਜਸਵਿੰਦਰ ਕੌਰ ਦੇ ਸਹਿਯੋਗ ਨਾਲ ਸਮਾਜ ਸੇਵਾ ਦੇ ਖੇਤਰ ਵਿੱਚ ਵੱਡੇ ਕੰਮ ਕੀਤੇ ਹਨ। ਆਪਣੇ ਪਿਤਾ ਜੀ ਦੀ ਪ੍ਰੇਰਨਾ ਨਾਲ ਉਨ੍ਹਾਂ ਨੇ ਕੋਰੋਨਾ ਸੰਕਟ ਸਮੇਂ ਗਾਇਕਾਂ ਅਤੇ ਹੋਰ ਲੋੜਵੰਦ ਲੋਕਾਂ ਦੀ ਮਦਦ ਕੀਤੀ। ਉਨ੍ਹਾਂ ਦੇ ਦੂਸਰੇ ਪੁੱਤਰ ਰਾਜਵਿੰਦਰ ਸਿੰਘ, ਕੇਂਦਰ ਸਰਕਾਰ ਦੀ ਸੀਆਈਐਸਐਫ ਵਿਚ ਬਤੌਰ ਇੰਸਪੈਕਟਰ ਦਿੱਲੀ ਵਿੱਚ ਸੇਵਾ ਨਿਭਾ ਰਹੇ ਹਨ, ਉਹ ਵੀ ਪਤਨੀ ਭੁਪਿੰਦਰ ਕੌਰ ਨਾਲ ਮਿਲ ਕੇ ਪਰਿਵਾਰ ਤੇ ਸਮਾਜ ਦੀ ਵੱਡੀ ਸੇਵਾ ਕਰ ਰਹੇ ਹਨ। ਇਕ ਧੀ ਪਰਮਜੀਤ ਕੌਰ ਤੇ ਜਵਾਈ ਰਛਪਾਲ ਸਿੰਘ ਮਸ਼ਾਲ ਇੰਗਲੈਂਡ ਵਿਚ ਸੈਟਲ ਹਨ ਅਤੇ ਦੂਸਰੀ ਧੀ ਸਰਬਜੀਤ ਕੌਰ ਅਤੇ ਜਵਾਈ ਮਲਕੀਤ ਸਿੰਘ ਲਾਲਕਾ ਇਟਲੀ ਵਿੱਚ ਸੈਟਲ ਹਨ। ਉਨ੍ਹਾਂ ਦੇ ਪੋਤਰੇ ਹਰਸਿਮਰਨਜੀਤ ਸਿੰਘ, ਹਰਮਨਜੋਤ ਸਿੰਘ, ਸੁਖਪ੍ਰੀਤ ਸਿੰਘ ਕੈਨੇਡਾ ਵੀ ਆਪਣੇ ਦਾਦੇ ਵੱਲੋਂ ਦਿੱਤੀ ਸਿੱਖਿਆ ਲੜ ਬੰਨ੍ਹ ਕੇ ਚੱਲ ਰਹੇ ਹਨ। ਪੋਤੀ ਆਕਾਸ਼ਦੀਪ ਕੌਰ ਐਮ। ਏ। ਹਿਸਟਰੀ ਕਰ ਰਹੀ ਹੈ ਅਤੇ ਸ਼ਹਿਨਾਜ਼ ਕੌਰ ਬੀਸੀਏ ਕਰ ਰਹੀ ਹੈ। ਸਰਦਾਰ ਕਰਨੈਲ ਸਿੰਘ ਦਿਆਲਪਰੀ ਨਮਿੱਤ 18 ਜਨਵਰੀ ਦਿਨ ਵੀਰਵਾਰ ਨੂੰ ਸ਼ਰਧਾਂਜਲੀ ਸਮਾਗਮ ਵਿਚ ਦੇਸ਼ ਵਿਦੇਸ਼ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦੇ ਸਮਾਜ ਅਤੇ ਦੇਸ਼ ਨੂੰ ਵਧੀਆ, ਸੋਹਣਾ ਅਤੇ ਖੁਸ਼ਹਾਲ ਬਣਾਉਣ ਲਈ ਪਾਏ ਯੋਗਦਾਨ ਦਾ ਜ਼ਿਕਰ ਕਰਨਗੀਆਂ।

ਨਿਊਜ਼ੀਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਦਾ ਵਿਆਹ ਆਖਿਰ ਸਿਰੇ ਚੜ੍ਹ ਹੀ ਗਿਆ

ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)– ਨਿਊਜ਼ੀਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ (43) ਨੇ ਆਪਣੇ ਜੀਵਨ ਸਾਥੀ ਅਤੇ ਟੀ.ਵੀ. ਪੇਸ਼ਕਾਰ ਕਲਾਰਕ ਗੇਅਫੋਰਡ (47) ਦੇ ਨਾਲ ਅੱਜ ਹੇਸਟਿੰਗਜ਼ ਇਲਾਕੇ ਦੇ ਵਿਚ ਇਕ ਅੰਗੂਰਾਂ ਦੇ ਬਾਗ ਵਿਚ ਆਖਿਰ ਵਿਆਹ ਕਰ ਹੀ ਲਿਆ। ਇਥੇ ਇਕ ਧਿਰ (ਕਰੋਨਾ ਵੈਕਸੀਨ ਦੇ ਵਿਰੋਧੀ) ਵੱਲੋਂ ਵਿਰੋਧ ਵੀ ਕੀਤਾ ਜਾ ਰਿਹਾ ਸੀ, ਪਰ ਪੁਲਿਸ ਨੇ ਉਨ੍ਹਾਂ ਨੂੰ ਕਾਬੂ ਰੱਖਿਆ। ਜੈਸਿੰਡਾ ਆਰਡਨ ਚਿੱਟੇ ਰੰਗ ਦੀ ਕੱਪੜੇ ਪਹਿਨੇ ਸਨ ਅਤੇ ਫੁੱਲਾਂ ਦਾ ਗੁਲਦਸਤਾ ਫੜਿਆ ਹੋਇਆ ਸੀ। ਇਹ ਜੋੜਾ 10 ਸਾਲ ਤੋਂ ਇਕ ਦੂਜੇ ਨਾਲ ਰਹਿ ਰਿਹਾ ਸੀ। 2 ਸਾਲ ਪਹਿਲਾਂ ਵੀ ਵਿਆਹ ਦੀ ਤਰੀਖ ਬੱਝੀ ਸੀ, ਪਰ ਕੋਵਿਡ ਕਰਕੇ ਭਾਗ ਨਹੀਂ ਖੁੱਲ੍ਹੇ। ਅੱਜ ਦੇ ਵਿਆਹ ਸਮਾਗਮ ਵਿਚ ਜਿੱਥੇ ਉਚ ਪੱਧਰ ਦੇ ਰਾਜਨੀਤਕ ਲੋਕ ਅਤੇ ਨੇੜਲੇ ਰਿਸ਼ਤੇਦਾਰ ਸ਼ਾਮਿਲ ਸਨ ਉਥੇ ਉਨ੍ਹਾਂ ਦੀ 5 ਸਾਲ ਦੀ ਬੇਟੀ ਨੇਵ ਵੀ ਸ਼ਾਮਿਲ ਸੀ। ਨੇਵ ਨੇ ਆਪਣੀ ਦਾਦੀ ਦੀ ਬਣਾਈ ਹੋਈ ਵਿਆਹ ਵਾਲੇ ਕੱਪੜੇ ਪਹਿਨੇ।

A & S
Auto Repair & Services
Specializing in Brakes & Axles
Diagnose check Engine light pre-buyers inspection tune-ups and more
Dealer Recommended Service
Shocks/Struts A/C Services

Monday to Friday
9:00 AM to 6:00 PM
Sat-Sun Close

Ph: 916-238-4431
649 W. Elkhorn Blvd. Suite B2
Rio Linda, CA 95673
Amarjit Singh Sandhu

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ 'ਆਪ' ਇਕੱਲੇ ਚੋਣ ਲੜੇਗੀ ਤੇ ਜਿੱਤੇਗੀ: ਮਾਨ

ਚੰਡੀਗੜ੍ਹ– ਕਾਂਗਰਸ ਅਤੇ 'ਆਪ' ਦਰਮਿਆਨ ਸੀਟਾਂ ਦੀ ਵੰਡ ਦੀ ਗੱਲਬਾਤ ਚੱਲ ਰਹੀ ਹੈ ਤੇ ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਇਕੱਲੇ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਤਿਹਾਸ ਰਚਿਆ ਜਾਵੇਗਾ ਕਿਉਂਕਿ ਆਮ ਆਦਮੀ ਪਾਰਟੀ ਸਾਰੀਆਂ 13 ਸੀਟਾਂ ਜਿੱਤੇਗੀ। ਇਹ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦੇ ਹੱਕ ਵਿੱਚ ਫੈਸਲਾ ਹੋਵੇਗਾ ਅਤੇ ਵਿਰੋਧੀ ਧਿਰ ਨੂੰ ਉਨ੍ਹਾਂ ਦੇ ਪੰਜਾਬ ਵਿਰੋਧੀ ਪੈਂਤੜੇ ਲਈ ਲੋਕ ਬੁਰੀ ਤਰ੍ਹਾਂ ਨਕਾਰ ਦੇਣਗੇ।

ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 18 ਜਨਵਰੀ ਤੋਂ ਗੋਆ ਦੇ ਤਿੰਨ ਦਿਨਾਂ ਦੌਰੇ 'ਤੇ ਹੋਣਗੇ। ਪਾਰਟੀ ਦੇ ਸੂਬਾ ਪ੍ਰਧਾਨ ਅਮਿਤ ਪਾਲੇਕਰ ਨੇ ਦੱਸਿਆ ਕਿ ਸ੍ਰੀ ਕੇਜਰੀਵਾਲ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੰਸਦ ਮੈਂਬਰ ਰਾਘਵ ਚੱਢਾ ਅਤੇ ਸੰਦੀਪ ਪਾਠਕ ਨਾਲ 18 ਤੋਂ 20 ਜਨਵਰੀ ਤੱਕ ਤੱਟਵਰਤੀ ਰਾਜ ਵਿੱਚ ਰਹਿਣਗੇ। 'ਆਪ' ਦੇ ਸੀਨੀਅਰ

ਆਗੂ ਪਾਰਟੀ ਦੇ ਗੋਆ ਦੇ ਵਿਧਾਇਕਾਂ ਅਤੇ ਰਾਜ ਦੇ ਹੋਰ ਅਹੁਦੇਦਾਰਾਂਆਂ ਨਾਲ ਮੁਲਾਕਾਤ ਕਰਨਗੇ। 'ਆਪ' ਦੇ ਗੋਆ ਵਿਧਾਨ ਸਭਾ 'ਚ ਦੋ ਵਿਧਾਇਕ ਹਨ।

ਹਾਦਸੇ ਦੇ ਪੀੜਤ ਪਰਿਵਾਰਾਂ ਨੂੰ ਦੋ-ਦੋ ਕਰੋੜ ਰੁਪਏ ਦੀ ਵਿੱਤੀ ਸਹਾਇਤਾ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਹੁਸ਼ਿਆਰਪੁਰ ਨੇੜੇ ਸੜਕ ਹਾਦਸੇ ਵਿੱਚ ਤਿੰਨ ਪੁਲੀਸ ਮੁਲਾਜ਼ਮਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤੀ ਹੈ।

ਸ੍ਰੀ ਮਾਨ ਨੇ ਪੀੜਤ ਪਰਿਵਾਰਾਂ ਨੂੰ ਦੋ-ਦੋ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੜਕ ਹਾਦਸੇ 'ਚ ਪੁਲੀਸ ਮੁਲਾਜ਼ਮਾਂ ਦੀ ਜਾਨ ਜਾਣੀ ਮੰਦਭਾਗੀ ਗੱਲ ਹੈ ਅਤੇ ਇਹ ਸੂਬੇ ਤੇ ਪੀੜਤ ਪਰਿਵਾਰਾਂ ਲਈ ਬਹੁਤ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਇਸ ਸਹਾਇਤਾ ਰਾਸ਼ੀ ਵਿੱਚੋਂ ਇਕ-ਇਕ ਕਰੋੜ ਰੁਪਏ ਸੂਬਾ ਸਰਕਾਰ ਵੱਲੋਂ ਐਕਸ-ਗ੍ਰੇਸ਼ੀਆ ਵਜੋਂ ਦਿੱਤੇ ਜਾਣਗੇ, ਜਦੋਂ ਕਿ ਇਕ-ਇਕ ਕਰੋੜ ਰੁਪਏ ਦੇ ਬੀਮੇ ਦੀ ਅਦਾਇਗੀ ਐਚ.ਡੀ.ਐਫ.ਸੀ. ਬੈਂਕ ਵੱਲੋਂ ਕੀਤੀ ਜਾਵੇਗੀ।

ਅਯੁੱਧਿਆ ਸਮਾਗਮ 'ਚ ਸ਼ਾਮਲ ਹੋਣ ਸਬੰਧੀ ਸ਼੍ਰੋਮਣੀ ਕਮੇਟੀ ਭੇਜ ਸਕਦੀ ਹੈ ਨੁਮਾਇੰਦਾ

ਅੰਮ੍ਰਿਤਸਰ– ਅਯੁੱਧਿਆ ਵਿੱਚ 22 ਜਨਵਰੀ ਨੂੰ ਹੋਣ ਵਾਲੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਵਲੋਂ ਆਪਣਾ ਕੋਈ ਪ੍ਰਤੀਨਿਧ ਭੇਜੇ ਜਾਣ ਦੀ ਸੰਭਾਵਨਾ ਹੈ। ਜਦੋਂ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਇਸ ਸਮਾਗਮ ਵਿਚ ਸ਼ਾਮਿਲ ਹੋਣ ਬਾਰੇ ਫਿਲਹਾਲ ਕੋਈ ਫੈਸਲਾ ਨਹੀਂ ਹੋਇਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਰਾਮ ਮੰਦਰ ਟਰੱਸਟ ਵਲੋਂ ਇਸ ਸਬੰਧ ਵਿੱਚ ਅਕਾਲ ਤਖਤ ਦੇ ਜਥੇਦਾਰ ਸਮੇਤ ਪੰਜਾਂ ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਵੀ ਸਮਾਗਮ ਵਿਚ ਸ਼ਾਮਲ ਹੋਣ ਬਾਰੇ ਸੱਦਾ ਪੱਤਰ ਭੇਜੇ ਗਏ ਹਨ। ਅਕਾਲ ਤਖਤ ਦੇ ਨੇੜਲੇ ਸੂਤਰਾਂ ਮੁਤਾਬਕ ਜਥੇਦਾਰ ਗਿਆਨੀ ਰਘਬੀਰ ਸਿੰਘ ਫਿਲਹਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਵਿੱਚ ਰੁੱਝੇ ਹੋਏ ਸਨ।

ਰਾਮ ਮੰਦਰ ਪਹੁੰਚੀ ਕਲਸ਼ ਯਾਤਰਾ

ਅਯੁੱਧਿਆ 'ਚ ਬਣੇ ਵਿਸ਼ਾਲ ਰਾਮ ਮੰਦਰ ਦਾ 22 ਜਨਵਰੀ ਨੂੰ ਪ੍ਰਾਣ ਪ੍ਰਤਿਸ਼ਠਾ ਹੋਵੇਗਾ। ਇਸ ਤੋਂ ਪਹਿਲਾਂ ਮੰਦਰ ਵਿੱਚ ਰਸਮਾਂ ਚੱਲ ਰਹੀਆਂ ਹਨ। ਕਲਸ਼ ਯਾਤਰਾ ਬੁੱਧਵਾਰ ਨੂੰ ਰਾਮ ਮੰਦਰ ਪਹੁੰਚੀ। ਹੁਣ ਮੰਦਰ ਵਿੱਚ ਰਾਮ ਲਾਲਾ ਦੀ ਮੂਰਤੀ ਸਥਾਪਤ ਕੀਤੀ ਜਾਵੇਗੀ। ਮੈਸੂਰ ਦੇ ਮੂਰਤੀਕਾਰ ਅਰੁਣ ਯੋਗੀਰਾਜ ਵੱਲੋਂ ਤਿਆਰ ਕੀਤੀ ਰਾਮ ਲੱਲਾ ਦੀ ਮੂਰਤੀ ਰਾਮ ਮੰਦਰ ਵਿੱਚ ਲਿਆਂਦੀ ਗਈ ਹੈ। ਹੁਣ ਇਹ ਮੂਰਤੀ ਸਥਾਪਿਤ ਕੀਤੀ ਜਾਵੇਗੀ।

22 ਜਨਵਰੀ ਦੇ ਪ੍ਰਾਣ ਪ੍ਰਤਿਸ਼ਠਾ ਨੂੰ ਰੋਕਣ ਲਈ ਇਲਾਹਾਬਾਦ ਹਾਈ ਕੋਰਟ 'ਚ ਪਟੀਸ਼ਨ ਦਰਜ

ਇਲਾਹਾਬਾਦ– ਇਲਾਹਾਬਾਦ ਹਾਈਕੋਰਟ 'ਚ 22 ਜਨਵਰੀ ਨੂੰ ਅਯੁੱਧਿਆ 'ਚ ਹੋਣ ਵਾਲੇ ਰਾਮ ਲਲਾ ਦੇ ਪਵਿੱਤਰ ਸਮਾਰੋਹ 'ਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਦੇ ਰਹਿਣ ਵਾਲੇ ਭੋਲਾ ਦਾਸ ਨੇ ਜਨਹਿੱਤ ਪਟੀਸ਼ਨ ਦਾਇਰ ਕੀਤੀ ਹੈ। ਪਟੀਸ਼ਨ ਵਿੱਚ ਸ਼ੰਕਰਾਚਾਰੀਆ ਵੱਲੋਂ ਉਠਾਏ ਗਏ ਇਤਰਾਜ਼ ਦਾ ਜ਼ਿਕਰ ਕੀਤਾ ਗਿਆ ਹੈ।

ਇਹ ਦਲੀਲ ਪਵਿੱਤਰ ਰਸਮ ਨੂੰ ਰੋਕਣ ਲਈ ਦਿੱਤੀ ਗਈ ਸੀ

ਪਟੀਸ਼ਨਕਰਤਾ ਨੇ ਲਿਖਿਆ ਹੈ ਕਿ 22 ਜਨਵਰੀ 2024 ਨੂੰ ਅਯੁੱਧਿਆ ਵਿੱਚ ਇੱਕ ਧਾਰਮਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਨਿਰਮਾਣ ਅਧੀਨ ਮੰਦਰ ਵਿੱਚ ਰਾਮਲਲਾ ਦੀ ਮੂਰਤੀ ਸਥਾਪਤ ਕੀਤੀ ਜਾਵੇਗੀ। ਸਮਾਰੋਹ ਦੀ ਰਸਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਕਰਨਗੇ। ਸ਼ੰਕਰਾਚਾਰੀਆ ਨੂੰ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ 'ਤੇ ਇਤਰਾਜ਼ ਹੈ। ਪੌਸ਼ ਦੇ ਮਹੀਨੇ ਕੋਈ ਧਾਰਮਿਕ ਪ੍ਰੋਗਰਾਮ ਨਹੀਂ ਕਰਵਾਇਆ ਜਾਂਦਾ। ਮੰਦਰ ਅਜੇ ਵੀ ਅਧੂਰਾ ਹੈ। ਅਧੂਰੇ ਮੰਦਰ ਵਿੱਚ ਕਿਸੇ ਵੀ ਦੇਵਤੇ ਨੂੰ ਪਵਿੱਤਰ ਨਹੀਂ ਕੀਤਾ ਜਾ ਸਕਦਾ।

ਪਾਕਿਸਤਾਨ ਨੇ ਬਲੋਚਿਸਤਾਨ 'ਚ ਅਤਿਵਾਦੀ ਟਿਕਾਣਿਆਂ ਉਪਰ ਹਮਲੇ ਕਰਨ 'ਤੇ ਇਰਾਨ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ

ਲਾਹੌਰ– ਪਾਕਿਸਤਾਨ ਨੇ ਇਰਾਨ ਨੂੰ ਬਲੋਚਿਸਤਾਨ ਸੂਬੇ ਵਿਚ ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕਰਨ ਲਈ 'ਗੰਭੀਰ ਨਤੀਜੇ' ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਇਰਾਨ ਵੱਲੋਂ ਕੀਤੇ ਇਨ੍ਹਾਂ ਹਮਲਿਆਂ ਵਿੱਚ ਦੋ ਬੱਚੇ ਮਾਰੇ ਗਏ ਸਨ, ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ ਸਨ। ਇਰਾਨੀ ਮੀਡੀਆ ਨੇ ਦੱਸਿਆ ਕਿ ਪਾਕਿਸਤਾਨ ਵਿਚ ਬਲੋਚੀ ਅਤਿਵਾਦੀ ਸਮੂਹ ਜੈਸ਼-ਅਲ-ਅਦਲ ਦੇ ਦੋ ਟਿਕਾਣਿਆਂ ਨੂੰ ਦੇਸ਼ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਮੰਗਲਵਾਰ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਇਆ। ਇਹ ਕਾਰਵਾਈ ਇਰਾਕ ਅਤੇ ਸੀਰੀਆ ਵਿੱਚ ਹੋਏ ਹਮਲਿਆਂ ਤੋਂ ਇੱਕ ਦਿਨ ਬਾਅਦ ਕੀਤੀ ਗਈ ਹੈ। ਪਾਕਿਸਤਾਨ ਨੇ ਇਰਾਨ ਦੇ ਰਾਜਦੂਤ ਨੂੰ ਵਿਦੇਸ਼ ਮੰਤਰਾਲੇ 'ਚ ਤਲਬ ਕਰਕੇ 'ਆਪਣੇ ਹਵਾਈ ਖੇਤਰ ਦੀ ਉਲੰਘਣਾ' ਦੀ ਸਖ਼ਤ ਨਿੰਦਾ ਕੀਤੀ ਹੈ।

"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

Matrimonial

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:

WhatsApp +91 8360876705,
Email: sukhdevnorthridge@gmail.com

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

Please send biodata and pictures as: Email: jrjeet1993@gmail.com

ਰਿਜਰਵੇਸ਼ਨ ਚੋਰ ਫੜੋ ਮੋਰਚੇ ਨੇ ਫਰੀਦਕੋਟ ਯੂਨੀਵਰਸਿਟੀ 'ਚ ਰਾਖਵਾਂਕਰਨ ਨੀਤੀ ਲਾਗੂ ਕਰਾਉਣ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਨੂੰ ਲਿਖਿਆ ਪੱਤਰ

ਫਗਵਾੜਾ/ ਮੋਹਾਲੀ (ਬੀ.ਕੇ. ਰੱਤੂ) ਰਿਜਰਵੇਸ਼ਨ ਚੋਰ ਫੜੋ ਮੋਰਚਾ ਮੋਹਾਲੀ ਦੇ ਆਗੂਆਂ ਨੇ ਅੱਜ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਫਰੀਦੋਕਟ 'ਚ ਰਾਖਵਾਂਕਰਨ ਨੀਤੀ ਨੂੰ ਲਾਗੂ ਕਰਾਉਣ ਲਈ ਬੀਬੀ ਬਲਜੀਤ ਕੌਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਯੂਨੀਵਰਸਿਟੀ ਨੂੰ ਹਦਾਇਤਾ ਕੀਤੀਆਂ ਜਾਣ ਕਿ ਸੂਬਾ ਰਾਖਵਾਂਕਰਨ ਨੀਤੀ ਦੇ ਤਹਿਤ ਹੀ ਭਰਤੀ ਕੀਤੀ ਜਾਵੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੋਰਚੇ ਦੇ ਪ੍ਰਮੁੱਖ ਆਗੂਆਂ ਜਸਵੀਰ ਸਿੰਘ ਪਮਾਲੀ ਅਤੇ ਗੁਰਮੁਖ ਸਿੰਘ ਢੋਲਣਮਾਜਰਾ ਨੇ ਦੱਸਿਆਂ ਕਿ ਮੋਰਚੇ ਦੇ ਧਿਆਨ ਵਿੱਚ ਆਇਆ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਫਰੀਦੋਕਟ ਵੱਲੋਂ ਸੂਬਾ ਰਾਖਵਾਂਕਰਨ ਨੀਤੀ ਨੂੰ ਨਜਰ ਅੰਦਾਜ ਕਰਕੇ 11 ਜਨਵਰੀ 2024 ਨੂੰ ਇੰਟਰਵਿਊ ਦੇ ਅਧਾਰ ਤੇ ਭਰਤੀ ਕੀਤੀ ਗਈ ਹੈ। ਉਹਨਾਂ ਦੱਸਿਆਂ ਕਿ ਇਸ ਭਰਤੀ ਸੰਬੰਧੀ ਯੂਨੀਵਰਸਿਟੀ ਵੱਲੋਂ ਦਿੱਤੇ ਗਏ ਇਸਤਿਹਾਰ ਵਿੱਚ ਵੀ ਰਾਖਵਾਂਕਰਨ ਨੀਤੀ ਦਾ ਕਿਤੇ ਜਿਕਰ ਨਹੀ ਕੀਤਾ ਗਿਆ ਸਿਰਫ ਇੰਟਰਵਿਊ ਦੇ ਅਧਾਰ ਤੇ ਭਰਤੀ ਕੀਤੀ ਹੈ। ਉਹਨਾ ਯੂਨੀਵਰਸਿਟੀ ਪ੍ਰਸ਼ਾਸ਼ਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੇ ਅਨੁਸੂਚਿਤ ਜਾਤੀ ਵਰਗ ਨੂੰ ਰਾਖਵਾਕਰਨ ਨੀਤੀ ਦਾ ਲਾਭ ਨਾ ਦਿੱਤਾ ਤਾਂ ਗੰਭੀਰ ਨਤੀਜੇ ਨਿਕਲਣਗੇ। ਉਹਨਾਂ ਬੀਬੀ ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਤੋ ਮੰਗ ਕੀਤੀ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਫਰੀਦਕੋਟ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਸੂਬਾ ਰਾਖਵਾਂਕਰਨ ਨੀਤੀ ਦੀ ਪਾਲਣਾ ਕੀਤੀ ਜਾਵੇ। ਜੋ ਭਰਤੀ ਲਈ 11 ਜਨਵਰੀ 2024 ਨੂੰ ਇੰਟਰਵਿਊ ਲਈ ਗਈ ਹੈ ਉਸਦੇ ਨਤੀਜਿਆਂ ਤੇ ਤੁਰੰਤ ਰੋਕ ਲਗਾਈ ਅਤੇ ਦੁਬਾਰਾ ਰਾਖਵਾਂਕਰਨ ਨੀਤੀ ਨੂੰ ਲਾਗੂ ਕਰਕੇ ਭਰਤੀ ਕੀਤੀ ਜਾਵੇ। ਇਸ ਸਮੇ ਬਲਵਿੰਦਰ ਸਿੰਘ ਕੁੰਭੜਾ, ਬਲਵੀਰ ਸਿੰਘ ਬੜਾਲਾ, ਸਿਮਰਨਜੀਤ ਸਿੰਘ ਸੈਂਕੀ, ਪ੍ਰਵੀਨ ਟਾਂਕ, ਬਲਜੀਤ ਸਿੰਘ ਕਕਰਾਲੀ, ਅਵਤਾਰ ਸਿੰਘ ਸੈਂਪਲਾ, ਅਜੈਬ ਸਿੰਘ ਬਠੋਈ, ਕਰਮਜੀਤ ਸਿੰਘ ਪੱਕਾ, ਸਿਮਰਨਜੀਤ ਕੌਰ ਬੜਾਲਾ ਅਤੇ ਮੁਖਤਿਆਰ ਸਿੰਘ ਹਾਜਰ ਸਨ।

ਪੰਜਾਬ ਸਿਰ ਹਰ ਰੋਜ਼ ਚੜ੍ਹ ਰਿਹੈ 80 ਹਜ਼ਾਰ ਕਰੋੜ ਦਾ ਕਰਜ਼ਾ- ਸਿੱਧੂ

ਮਹਿਰਾਜ (ਬਠਿੰਡਾ)- ਬਠਿੰਡਾ ਜ਼ਿਲ੍ਹੇ ਦੇ ਵੱਡੇ ਪਿੰਡ ਮਹਿਰਾਜ ਵਿਖੇ ਦੂਜੀ ਵਾਰ ਪੁੱਜੇ ਪੰਜਾਬ ਕਾਂਗਰਸ ਦੇ ਆਗੂ ਨਵਜੋਤ ਸਿੰਘ ਸਿੱਧੂ ਨੇ ਸੂਬਾ ਸਰਕਾਰ ਨੂੰ ਨਿਸ਼ਾਨੇ 'ਤੇ ਰੱਖਿਆ। ਉਨ੍ਹਾਂ ਕਿਹਾ ਕਿਹਾ ਕਿ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਦੀ ਬਦੋਲਤ ਹਰ ਰੋਜ਼ ਸੂਬੇ ਸਿਰ 80 ਕਰੋੜ ਦਾ ਕਰਜ਼ਾ ਚੜ੍ਹ ਰਿਹਾ ਹੈ। ਉਹ ਅੱਜ ਰਾਜਵਿੰਦਰ ਸਿੰਘ ਰਾਜਾ ਮਹਿਰਾਜ ਦੇ ਘਰ ਰੱਖੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਿਹਾ ਸਨ। ਸਿੱਧੂ ਨੇ ਕਿਹਾ ਕਿ ਪਹਿਲਾ ਸੂਬੇ ਨੂੰ ਅਕਾਲੀ ਦਲ ਫਿਰ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਨੇ ਲੁੱਟਿਆ ਹੈ ਤਾਂ ਹੀ ਪੰਜਾਬ ਕੰਗਾਲ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਦਿਆਂ ਉਨ੍ਹਾਂ ਕਿਹਾ ਮੁੱਖ ਮੰਤਰੀ ਸਾਹਿਬ ਸਿਰਫ ਆਪਣੇ ਆਕਿਆਂ ਨੂੰ ਲੈ ਕੇ ਮਹਿੰਗੇ ਹਵਾਈ ਸਫਰ ਕਰ ਰਿਹਾ ਹਨ। ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਪਹਿਲਾਂ ਦੀ ਤਰ੍ਹਾਂ ਕੇਬਲ ਮਾਫੀਆ, ਰੇਤਾ ਮਾਫੀਆ, ਸ਼ਰਾਬ ਮਾਫੀਆ ਕਾਰੋਬਾਰ ਕਰ ਰਿਹਾ ਹੈ।

ਚੀਨ ਦੀ ਆਬਾਦੀ 'ਚ ਲਗਾਤਾਰ ਦੂਜੇ ਸਾਲ ਗਿਰਾਵਟ, ਸਰਕਾਰ ਜ਼ਿਆਦਾ ਬੱਚੇ ਪੈਦਾ ਕਰਨ ਲਈ ਕਰ ਰਹੀ ਹੈ ਉਤਸ਼ਾਹਤ

ਬੀਜਿੰਗ- ਚੀਨ ਦੀ ਆਬਾਦੀ 'ਚ ਲਗਾਤਾਰ ਦੂਜੇ ਸਾਲ ਗਿਰਾਵਟ ਦਰਜ ਕੀਤੀ ਗਈ ਹੈ। 1949 ਤੋਂ ਬਾਅਦ ਜਨਮ ਦਰ ਸਭ ਤੋਂ ਹੇਠਲੇ ਪੱਧਰ 'ਤੇ ਪੁੱਜ ਗਈ ਹੈ। ਅੰਕੜਾ ਬਿਊਰੋ ਦੀ ਬੁੱਧਵਾਰ ਨੂੰ ਜਾਰੀ ਰਿਪੋਰਟ ਮੁਤਾਬਕ, 2023 'ਚ ਆਬਾਦੀ 'ਚ 20 ਲੱਖ ਲੋਕਾਂ ਦੀ ਗਿਰਾਵਟ ਆਈ ਹੈ। ਇਸ ਵੇਲੇ ਕੁੱਲ ਆਬਾਦੀ 1.4 ਅਰਬ ਹੈ। ਕੋਵਿਡ ਪਾਬੰਦੀਆਂ ਦੇ ਹਟਣ ਤੋਂ ਬਾਅਦ ਆਬਾਦੀ 'ਚ ਕਮੀ ਤੇ ਮ੍ਰਿਤਕਾਂ ਦੀ ਗਿਣਤੀ 'ਚ ਵਾਧਾ ਦਰਜ ਕੀਤਾ ਗਿਆ ਹੈ। ਮੌਤਾਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਕੇ 6,90,000 ਹੋ ਗਈ ਹੈ।

ਚੀਨ ਦੀ ਆਬਾਦੀ 'ਚ ਛੇ ਦਹਾਕਿਆਂ 'ਚ ਪਹਿਲੀ ਵਾਰ 2022 'ਚ ਗਿਰਾਵਟ ਦਰਜ ਕੀਤੀ ਗਈ ਸੀ। ਆਬਾਦੀ ਲਗਾਤਾਰ ਬੁੱਢੀ ਹੋ ਰਹੀ ਹੈ ਜਿਹੜੀ ਸਮੇਂ ਨਾਲ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦੀ ਹੈ ਤੇ ਘੱਟ ਮਜ਼ਦੂਰਾਂ ਨਾਲ ਵਧੀ ਬਜ਼ੁਰਗ ਆਬਾਦੀ ਦੇਸ਼ ਦੀ ਸਮਰੱਥਾ ਨੂੰ ਚੁਣੌਤੀ ਦੇ ਸਕਦੀ ਹੈ। ਚੀਨ ਕਦੀ ਆਪਣੀ ਇਕ ਬੱਚੇ ਦੀ ਨੀਤੀ ਨਾਲ ਆਬਾਦੀ ਵਾਧੇ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਹੁਣ ਉਹ ਉਲਟ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰ ਨੇ 2016 'ਚ ਆਪਣੀ ਇਕ ਬੱਚੇ ਦੀ ਨੀਤੀ ਨੂੰ ਅਧਿਕਾਰਤ ਤੌਰ 'ਤੇ ਖ਼ਤਮ ਕਰਨ ਤੋਂ ਬਾਅਦ ਲੋਕਾਂ

ਨੂੰ ਬੱਚੇ ਪੈਦਾ ਕਰਨ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਸ 'ਚ ਉਸ ਨੂੰ ਬਹੁਤ ਘੱਟ ਕਾਮਯਾਬੀ ਮਿਲੀ ਹੈ। ਲੋਕ ਦੇਰ ਨਾਲ ਵਿਆਹ ਕਰ ਰਹੇ ਹਨ ਤੇ ਕਦੀ-ਕਦੀ ਬੱਚੇ ਪੈਦਾ ਨਾ ਕਰਨ ਦਾ ਵੀ ਬਦਲ ਚੁਣ ਰਹੇ ਹਨ। ਜਿਹੜੇ ਬੱਚੇ ਪੈਦਾ ਕਰਨਾ ਚਾਹ ਰਹੇ ਹਨ, ਉਹ ਵੀ ਬੱਚਿਆਂ ਦੀ ਸਿੱਖਿਆ 'ਤੇ ਹੋਣ ਵਾਲੇ ਖ਼ਰਚ ਨੂੰ ਦੇਖ ਕੇ ਸਿਰਫ਼ ਇਕ ਹੀ ਬੱਚਾ ਪੈਦਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਜਨਸੰਖਿਆ ਕੋਸ਼ ਦੇ ਅੰਕੜਿਆਂ ਮੁਤਾਬਕ, ਭਾਰਤ ਪਿਛਲੇ ਸਾਲ 142.86 ਕਰੋੜ ਲੋਕਾਂ ਨਾਲ ਚੀਨ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਸਭ ਤੋਂ ਜ਼ਿਆਦਾ ਆਬਾਦੀ ਵਾਲਾ ਦੇਸ਼ ਬਣ ਗਿਆ ਹੈ।

ਸਟੇਟ ਸਕੂਲ ਆਫ ਸਪੋਰਟਸ ਤੇ ਕਾਲਜ ਜਲੰਧਰ ਦੇ ਪੁਰਾਣੇ ਵਿਦਿਆਰਥੀ, ਖਿਡਾਰੀਆਂ ਦੀ ਭਾਵਪੂਰਕ ਮਿਲਣੀ"

'ਨਵੇਂ ਸਾਲ (2024) ਦੀ ਖੁਸ਼ਾਮਦੀਦ ਤੇ ਲੋਹੜੀ' ਨੂੰ ਸਮਰਪਿਤ ਰਾਤ ਸੇਕਿਆ "ਭੁੱਘ੍ਹਾ" ਨਵੈਂ ਵਰ੍ਹੇ ਦੇ ਆਗਮਨ ਵਾਲੇ ਤੇ ਲੋਹੜੀ ਦੇ ਵੀਕ-ਐਂਡ (ਸਪਤਾਹ-ਅਖੀਰ) ਦੇ ਦਰਮਿਆਨੇ ਐਤਵਾਰ ਸੈਂਟਰਲ ਵੈਲੀ ਕੈਲੀਫੋਰਨੀਆ ਦੇ ਪ੍ਰਮੁੱਖ ਸ਼ਹਿਰ 'ਟਰੇਸੀ' ਵਿੱਚ'ਸਟੇਟ ਸਕੂਲ ਆਫ਼ ਸਪੋਰਟਸ ਤੇ ਕਾਲਜ ਦੀ 'ਕਨੈ. ਅਮੈਰੀ. ਓਲਡ ਸਟੂਡੈਂਟ ਸੰਗਠਨ'ਦੇ ਮੁਖੀ ਸ੍ਰ. ਪੂਰਨ ਸਿੰਘ ਚਨੰਣਕੇ ਦੀ ਰਹਿ-ਨੁਮਾਈ ਹੇਠ, ਹਰੇਕ ਦਿੱਲ ਦੇ ਦਿਲਦਾਰ ਹਰਜਿੰਦਰ ਸਿੰਘ (ਜਿੰਦਾ ਕਾਹਲੋਂ) ਦੇ ਵੱਡੇ ਟਰੱਕ ਯਾਰਡ ਵਿੱਚ 'ਇਕ ਸ਼ਾਮ ਬੀਤੇ ਦੇ ਨਾਮ' ਦਾ ਅਯੋਜਨ ਕੀਤਾ ਗਿਆ।

ਲੰਘ ਗਏ ਵਕਤ ਵਿਹਵੀ ਸਦੀ ਦੇ ਨੌਂਵੇਂ ਦਹਾਕੇ ਭਾਵ ਪੈਂਤੀ ਤੋ ਚਾਲੀ ਸਾਲ, ਬੀਤੇ ਦੀਆਂ ਬਾਤਾਂ ਛ੍ਹੋਟੀਆਂ ਤਾਂ ਮਹੌਲ ਵੱਖਰਾ ਹੀ ਸੀ। ਫ਼ਕੀਰ ਸਿੰਘ ਮੱਲ੍ਹੀ ਵਲੋਂ ਉਸ ਨਾਜ਼ੁਕ ਦੌਰ (1984-88) ਦੇ ਕਈ ਕਿੱਸੇ ਜ਼ਾਹਰ ਕੀਤੇ ਤਾਂ ਕਈ ਮਹਰੂਮ ਸਾਥੀਆਂ ਦੀਆਂ ਯਾਦਾਂ ਮਹਿਸੂਸ ਹੋਈਆਂ। ਪੂਰਨ ਸਿੰਘ ਨੈਸ਼ਨਲ ਰਿਕਾਰਡ ਹੋਲਡਰ, ਸਰਵ ਭਾਰਤੀ ਪੁਲਿਸ ਖੇਡਾਂ ਵਿੱਚ ਧਰਤ ਸਤਹਿ ਤੋਂ ਸਰਵੋਤਮ ਉੱਚਾਈ ਤੈਅ ਕਰਨ ਵਾਲੇ ਨੇ ਜਦੋਂ ਆਪਣੀ ਹੱਡ ਬੀਤੀ ਸੁਣਾਈ ਤਾਂ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਇੱਕੋ ਟਰੈਕ (400ਰ.) ਦੇ ਇਨ੍ਹਾਂ ਜਾਇਆਂ ਭਰ ਜੁਆਨੀ ਵੇਲੇ ਦੇ ਡੁੱਲ੍ਹੇ ਪਸੀਨੇ ਨੂੰ ਅੱਜ ਨਾਲ ਤੁਲਨਾ ਕੀਤੀ ਤਾਂ ਇਕ ਮੌਕੇ ਭਾਵੁਕਤਾ ਦੇ ਹੰਝੂ ਵੀ ਵਹਿ ਨਿਕਲੇ!

ਭੁਪਿੰਦਰ ਸਿੰਘ (ਅਠੌਲਾ) ਨੇ ਸਰਿਆਂ ਨੂੰ ਇੱਕ ਸੂਤਰ-ਧਾਰ ਵਿੱਚ ਪ੍ਰੋਣ ਦੀ ਅਹਿਮ ਭੂਮਿਕਾ ਨਿਭਾਈ। ਹਰਜਿੰਦਰ (ਜਿੰਦ ਕਾਹਲੋਂ) ਦੀਆਂ ਸੇਵਾਵਾਂ ਨੇ ਸਾਰਿਆਂ ਨੂੰ ਮੋਹ ਲਿਆ, ਉਸ ਦੇ ਨਾਲ ਆਏ ਸਾਥੀਆਂ ਨੇ ਸਾਡੇ ਸਾਰਿਆਂ ਨਾਲ ਸਾਡੀਆਂ ਇਨ੍ਹਾਂ ਪੁਰਾਤਨ ਵਿਰਾਸਤੀ ਸੰਸ਼ਥਾਵਾਂ ਲਈ ਚੰਗੀ ਕਾਮਨਾ ਕੀਤੀ। ਭਾਵੁਕ ਹੋਏ ਇਕੱਠ ਨੇ ਨਵਾਂ ਸਾਲ ਤੇ ਲੋਹੜੀ ਨੂੰ ਭੁਲਾ ਕੇ ਸਪੋਰਟਸ ਸਕੂਲ, ਕਾਲਜ ਜਿੰਦਾਬਾਦ, ਜ਼ਿੰਦਾਬਾਦ, ਕਰ ਦਿੱਤੀ। ਉਸ ਦੌਰ ਦੇ ਉਸਤਾਦ, ਸਾਡੇ ਐਥਲੈਟਿਕਸ ਕੋਚ ਸ਼੍ਰੀ ਰਾਮ ਪ੍ਰਤਾਪ ਜੀ, ਸ੍ਰ. ਹਰਦਿਆਲ ਸਿੰਘ ਬੱਲ ਤੇ ਮਹਿਰੂਮ ਸ੍ਰ. ਹਰਦੇਵ ਸਿੰਘ ਜੀ ਹੋਰਾਂ ਨੂੰ ਸਤਿਕਾਰਤ ਸੰਦਰਭ ਵਿੱਚ ਯਾਦ ਕੀਤਾ ਗਿਆ। ਸਤਿਕਾਰ ਯੋਗ ਅਵਿਨਾਂਸ਼ ਚੰਦਰ ਚੌਧਰੀ, ਭਾਟੀਆ ਸਾਹਿਬ (ਸਕੂਲ), ਮੈਡਮ ਕਮਲਜੀਤ ਚੌਧਰੀ, ਕਾਹਲੌ ਸਾਹਿਬ, ਮਹਿਤਾ ਸਾਹਿਬ, ਦਿਓਲ ਸਾਹਿਬ (ਮਹਿਰੂਮ) ਕਾਲਜ ਦੇ ਅਧਿਆਪਕਾਂ ਤੇ ਹੋਰ ਭੁੱਲਿਆਂ ਨੂੰ ਵੀ ਯਾਦ ਕੀਤਾ। ਅਖੀਰ ਹਰਜਿੰਦਰ ਸਿੰਘ ਕਾਹਲੌ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸੰਸਥਾ ਦੇ ਮੁਖੀ ਪੂਰਨ ਸਿੰਘ ਨੇ ਛੇਤੀ ਮਿਲਣ ਦੀ ਕਾਮਨਾ ਕੀਤੀ।

ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਹੋਣਗੇ ਸ਼ਾਮਲ - ਸਾਂਝਾ ਫਰੰਟ

ਫਗਵਾੜਾ (ਬੀ.ਕੇ.ਰੱਤੂ)- ਪੰਜਾਬ ਦੇ ਮੁਲਾਜ਼ਮਾ ਅਤੇ ਪੈਨਸ਼ਨਰਾ ਦੀ ਪ੍ਰਤੀਨਿਧ ਕਰਦਾ " ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ " ਦੀ ਆਨਲਾਈਨ ਮੀਟਿੰਗ ਫਰੰਟ ਦੇ ਕਨਵੀਨਰ ਸਾਥੀ ਰਣਜੀਤ ਸਿੰਘ ਰਾਣਵਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਸਮੂਹ ਕਨਵੀਨਰਜ਼, ਕੋ-ਕਨਵੀਨਰਜ਼ ਅਤੇ ਮੈਬਰਜ਼ ਸਰਵ ਸਾਥੀ ਰਣਜੀਤ ਸਿੰਘ ਰਾਣਵਾ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਸੁਵਿਦੰਰ ਪਾਲ ਸਿੰਘ ਮੋਲੋਵਾਲੀ, ਹਰਭਜਨ ਸਿੰਘ ਪਿਲਖਣੀ, ਗਗਨਦੀਪ ਭੁਲਰ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ, ਕਰਮ ਸਿੰਘ ਧਨੋਆ, ਭਜਨ ਸਿੰਘ ਗਿਲ, ਐਨ. ਕੇ. ਕਲਸੀ., ਜਸਵੀਰ ਸਿੰਘ ਤਲਵਾੜਾ, ਰਾਧੇ ਸ਼ਾਮ, ਗੁਰਮੇਲ ਸਿੰਘ ਮੈਲਡੇ, ਬੋਬਿੰਦਰ ਸਿੰਘ, ਸੁਖਵਿੰਦਰ ਸਿੰਘ ਲਵਲੀ ਅਤੇ ਦਿਗਵਿਜੇ ਪਾਲ ਸ਼ਰਮਾ ਨੇ ਆਖਿਆ ਕਿ ਕੇਂਦਰ ਸਰਕਾਰ ਦੀਆਂ ਮਜ਼ਦੂਰ-ਮੁਲਾਜ਼ਮ ਮਾਰੂ ਨੀਤੀਆਂ ਦੇ ਖਿਲਾਫ ਕੇਂਦਰੀ ਟਰੇਡ ਯੂਨੀਅਨਾ ਅਤੇ ਮੁਲਾਜ਼ਮ ਫੈਡਰੇਸ਼ਨਾ ਵਲੋਂ 16 ਫਰਵਰੀ 2024 ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਸਾਂਝਾ ਫਰੰਟ ਵਲੋਂ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਆਗੂਆਂ ਆਖਿਆ ਕਿ ਇਹ ਹੜਤਾਲ ਜਿਥੇ ਮਜ਼ਦੂਰ ਦੇ ਮੁਦਿਆਂ ਨੂੰ ਲੈਕੇ ਕੀਤੀ ਜਾ ਰਹੀ ਹੈ ਉਥੇ ਮੁਲਾਜ਼ਮ ਫੈਡਰੇਸ਼ਨਾ ਵਲੋਂ ਇਸ ਗਲ ਦੀ ਮੰਗ ਕੀਤੀ ਜਾ ਰਹੀ ਹੈ ਕਿ ਸਮੁਚੇ ਦੇਸ਼ ਅੰਦਰ ਪੁਰਾਣੀ ਪੈਨਸ਼ਨ ਬਹਾਲ ਕਰਨ ਹਿਤ ਪੈਨਸ਼ਨ ਫੰਡ ਰੈਗਲੇਟਰੀ ਡਿਵੈਲਪਮੈਂਟ ਅਥਾਰਟੀ ਕਾਨੂੰਨ ਖਤਮ ਕੀਤਾ ਜਾਵੇ ਅਤੇ ਇਸ ਅਥਾਰਟੀ ਕੋਲ ਸੂਬਾਈ ਮੁਲਾਜ਼ਮਾਂ ਤੇ ਸਰਕਾਰਾਂ ਦਾ ਪੈਸਾ ਵਾਪਸ ਕੀਤਾ ਜਾਵੇ, ਈ.ਪੀ.ਐਸ. 1995 ਅਧੀਨ ਮੁਲਾਜ਼ਮਾ ਤੇ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਹਰ ਤਰਾਂ ਦੇ ਕੱਚੇ, ਆਉਟ ਸੋਰਸ, ਦਿਹਾੜੀਦਾਰ ਸਮੇਤ ਸਿਹਤ ਤੇ ਸਿੱਖਿਆ ਦੇ ਮੁਲਾਜ਼ਮ ਪੱਕੇ ਕੀਤੇ ਜਾਣ ਅਤੇ ਕੇਂਦਰ/ ਰਾਜ ਸਰਕਾਰੀ ਅਤੇ ਜਨਤਕ ਖੇਤਰ ਦੇ ਅਦਾਰਿਆਂ ਅੰਦਰ ਪਈਆਂ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਮਾਣ ਭੱਤਾ/ ਇਨਸੈਂਟਿਵ ਮੁਲਾਜ਼ਮਾ ਨੂੰ ਵੀ ਰੈਗੂਲਰ ਕੀਤਾ ਜਾਵੇ ਅਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕੀਤਾ ਜਾਵੇ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਣ/ ਨਿਗਮੀਕਰਣ ਕਰਨਾ ਬੰਦ ਕੀਤਾ ਜਾਵੇ ਅਤੇ ਸਰਕਾਰੀ ਅਦਾਰਿਆਂ ਦੀ ਅਕਾਰ ਘਟਾਈ ਬੰਦ ਕੀਤੀ ਜਾਵੇ , ਕੰਮ ਦਿਹਾੜੀ 08 ਘੰਟੇ ਬਹਾਲ ਰੱਖੀ ਜਾਵੇ ਅਤੇ ਸਮੁੱਚੇ ਟ੍ਰੇਡ ਯੂਨੀਅਨ ਅਧਿਕਾਰ ਸੁਰੱਖਿਅਤ ਕੀਤੇ ਜਾਣ, ਨਵੀਂ ਸਿੱਖਿਆ ਨੀਤੀ 2022 ਵਾਪਸ ਲਈ ਜਾਵੇ, ਹਰ ਪੰਜ ਸਾਲ ਬਾਅਦ ਪੇ- ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਅਤੇ ਕੇਂਦਰ ਦਾ 08 ਵਾਂ ਤਨਖਾਹ ਕਮਿਸ਼ਨ ਬਠਾਇਆ ਜਾਵੇ, ਕਰੋਨਾ ਸਮੇਂ ਦੌਰਾਨ ਦਾ ਰੋਕਿਆ 18 ਮਹੀਨੇ ਦਾ ਮਹਿਗਾਈ ਭੱਤਾ ਜਾਰੀ ਕੀਤਾ ਜਾਵੇ , ਤਰਸਯੋਗ ਅਧਾਰ ਤੇ ਨੋਕਰੀਆਂ ਤੇ ਲਗਾਈਆਂ ਬੇਲੋੜੀਆਂ ਪਾਬੰਦੀਆਂ/ ਸ਼ਰਤਾ ਤੁਰੰਤ ਹਟਾਈਆਂ ਜਾਣ। ਆਗੂਆਂ ਆਖਿਆ ਕਿ ਇਸ ਤੋਂ ਇਲਾਵਾ ਇਸ ਹੜਤਾਲ ਦੌਰਾਨ ਪੰਜਾਬ ਸਰਕਾਰ ਨਾਲ ਸਬੰਧਤ ਮੰਗਾ ਜਿਵੇਂ ਪੈਨਸ਼ਨਰ ਤੇ 2।59 ਗੁਣਾਂਕ ਲਾਗੂ ਕਰਨ, ਤਨਖਾਹ ਕਮਿਸ਼ਨ ਦੇ ਬਕਾਏ, ਮਹਿਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾ, ਤਨਖਾਹ ਕਮਿਸ਼ਨ ਦਾ ਰਹਿੰਦਾ ਹਿਸਾ ਲਾਗੂ ਕਰਵਾਉਣ, ਤਨਖਾਹ ਕਮਿਸ਼ਨ ਦੀਆਂ ਤੱਰੁਟੀਆਂ ਦੂਰ ਕਰਨ, ਬੰਦ ਕੀਤੇ ਭੱਤੇ ਬਹਾਲ ਕਰਨ , ਪੁਰਾਣੀ ਪੈਨਸ਼ਨ ਬਹਾਲ ਕਰਨ, ਮਾਣ ਭੱਤਾ/ ਇਨਸੈਂਟਿਵ ਦੁਗਣਾ ਕਰਨ, ਪ੍ਰੋਵੇਸ਼ਨਲ ਪੀਰੀਅਡ ਇੱਕ ਸਾਲ ਕਰਨ ਅਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਭੱਤੇਆਂ ਸਮੇਤ ਦੇਣ, ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕਰਨ ਆਦਿ ਮੰਗਾ ਨੂੰ ਵੀ ਉਜਾਗਰ ਕੀਤਾ ਜਾਵੇਗਾ। ਆਗੂਆਂ ਆਖਿਆ ਕਿ ਪੰਜਾਬ ਦੇ ਮੁਲਾਜ਼ਮ 16 ਫਰਵਰੀ ਨੂੰ ਮੁਕੰਮਲ ਹੜਤਾਲ ਕਰਨ ਉਪਰੰਤ ਪੈਨਸ਼ਨਰਾ ਨੂੰ ਨਾਲ ਲੈਕੇ ਸਾਂਝਾ ਫਰੰਟ ਦੇ ਬੈਨਰ ਥੱਲੇ ਤਹਿਸੀਲ / ਜਿਲ੍ਹਾ ਕੇਂਦਰਾਂ ਦੇ ਸਮੂਚੀਆਂ ਟ੍ਰੇਡ ਯੂਨੀਅਨਾ ਵਲੋਂ ਕੀਤੇ ਜਾਣ ਵਾਲੇ ਸਾਂਝੇ ਐਕਸ਼ਨਾ ਵਿੱਚ ਸ਼ਾਮਲ ਹੋਕੇ ਸੜਕਾਂ ਜਾਮ ਕਰਨਗੇ। ਸਾਂਝਾ ਫਰੰਟ ਦੇ ਆਗੂਆਂ ਆਖਿਆ ਕਿ ਇਸ ਹੜਤਾਲ ਦੀ ਕਾਮਯਾਬੀ ਲਈ ਸਾਂਝਾ ਫਰੰਟ ਦੀ ਵਧਾਈ ਹੋਈ ਕਮੇਟੀ ਦੀ ਮੀਟਿੰਗ 27 ਜਨਵਰੀ ਨੂੰ 11.00 ਵਜੇ ਪੈਨਸ਼ਨਰਜ਼ ਭਵਨ ਲੁਧਿਆਣਾ ਵਿਖੇ ਕੀਤੀ ਜਾਵੇਗੀ। ਆਗੂਆਂ ਇਹ ਵੀ ਆਖਿਆ ਕਿ ਸਾਂਝਾ ਫਰੰਟ ਦੇ ਪਹਿਲਾਂ ਚੱਲ ਰਹੇ ਸੰਘਰਸ਼ ਤਹਿਤ ਪੰਜਾਬ ਸਰਕਾਰ ਦੇ 92 ਵਿਧਾਇਕਾ ਦੇ ਘਰਾਂ ਅਗੇ ਲਗਾਏ ਜਾ ਰਹੇ ਧਰਨੇ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਤੀਰਥ ਸਿੰਘ ਬਾਸੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਧਨਵੰਤ ਸਿੰਘ ਭੱਠਲ, ਐਨ.ਡੀ. ਤਿਵਾੜੀ, ਕਰਮਜੀਤ ਸਿੰਘ ਬੀਹਲਾ, ਸੰਜੀਵ ਕੁਮਾਰ, ਹਰਦੀਪ ਸਿੰਘ ਟੋਡਰਪੁਰ, ਸੁਖਵਿੰਦਰ ਸਿੰਘ ਚਾਹਲ, ਸ਼ਿਵ ਕੁਮਾਰ ਤਿਵਾੜੀ, ਮੱਖਣ ਸਿੰਘ ਵਾਹਿਦਪੁਰੀ ਆਦਿ ਆਗੂ ਸ਼ਾਮਲ ਸਨ।

ਕਨੇਡਾ-ਹੱਥਕੜੀਆਂ

ਕਾਹਦੀ ਆਈਲਿਟ ਕੀਤੀ ਵਿਆਹ ਕਰਵਾ ਕੇ
ਆਪੇ ਪੰਗਾ ਪਾ ਲਿਆ
ਬਹਿ ਗਈ ਸੀ ਪਿੱਛਾ ਭੁਲਾ ਕੇ
ਤੇ ਹੁਣ ਸਭ ਕੁਝ ਮੂਹਰੇ ਆ ਗਿਆ
ਨੌਂ ਸਾਲ ਬਾਅਦ ਮੁੜੀ ਪੰਜਾਬ ਨੂੰ ਪੂਰੀਆਂ ਖੁਸ਼ੀਆਂ ਚੜ੍ਹੀਆਂ
ਆਉਂਦੇ ਏਅਰਪੋਰਟ ਤੇ ਉਤਰਦੀ ਨੂੰ
ਲਾ ਲਈਆਂ ਹੱਥਕੜੀਆਂ।

ਪੰਜਾਬ ਜਾਣ ਦਾ ਚਾਅ ਚੜ੍ਹਿਆ
ਪਰ ਭੁੱਲ ਗਈ ਜੋ ਕੁਝ ਕੀਤਾ
ਦਿਲ ਪੁੱਛਿਆ ਫਿਰ ਜਾਣੇ ਉਹਨਾਂ ਦਾ ਲਹੂ ਜਿੰਨਾਂ ਦਾ ਪੀਤਾ
ਉਹ ਸ਼ਾਮ ਸਵੇਰੇ ਫੋਨ ਤੇ ਗੱਲਾਂ ਕਰਦੀ ਸੀ ਨਿੱਤ ਸੜੀਆਂ
ਉਹਦੇ ਏਅਰਪੋਰਟ 'ਤੇ ਉਤਰਦੀ ਨੂੰ ਲਾ .....

ਲੁਕ ਆਊਟ ਸੀ ਜਾਰੀ ਹੋਇਆ ਖੁੱਲ੍ਹ ਗਏ ਭੇਤ ਤਾਂ ਸਾਰੇ
ਕਿਵੇਂ ਬਣੀ ਸਮਾਰਟ ਫਿਰਦੀ ਸੀ, ਉਥੇ ਫੋਕੇ ਦਬਕੇ ਮਾਰੇ
ਰੋਹਬ ਮਾਰਦੀ ਪੰਜਾਬ ਪੁਲਿਸ ਨੂੰ
ਫਿਰ ਤਿੰਨ ਚਪੇੜਾਂ ਜੜੀਆਂ
ਉਹਦੇ ਏਅਰਪੋਰਟ 'ਤੇ ਉਤਰਦੀ ਨੂੰ ਲਾ .....

ਜਦ ਪੀ. ਆਰ. ਮਿਲੀ ਕਨੇਡਾ ਦੀ ਫਿਰ ਵੰਡੇ ਖੂਬ ਪਤਾਸੇ
ਰਿਸ਼ਤੇਦਾਰ ਵਧਾਈਆਂ ਦੇਵਣ
ਆਈਆਂ ਖੁਸ਼ੀਆਂ ਚਾਰੇ ਪਾਸੇ
ਉਹਨੇ ਜਾਣ ਬੁੱਝ ਕੇ ਖੂਹ ਵਿਚ
ਪਾਈਆਂ ਚਾਰ ਜਮਾਤਾਂ ਪੜ੍ਹੀਆਂ
ਉਹਦੇ ਏਅਰਪੋਰਟ 'ਤੇ ਉਤਰਦੀ ਨੂੰ ਲਾ .....

ਪੂਰੇ 28 ਲੱਖ ਲੁਆ ਕੇ ਤੇ ਪਰ ਪੇਪਰ ਨਹੀਂ ਸੀ ਭਰਦੀ
ਵਿਚੋਲਿਆਂ ਨੇ ਕੋਈ ਗੱਲ ਸੁਣੀ ਨਾ ਕਹਿਣ
ਇਹ ਤਾਂ ਉਹਦੀ ਮਰਜ਼ੀ
ਜੱਟ ਪੰਜਾਬੀ ਮੌਕਾ ਦਿੰਦੇ ਨਹੀਂ ਤੋੜ ਦਿੰਦੇ ਫਿਰ ਕੜੀਆਂ
ਉਹਦੇ ਏਅਰਪੋਰਟ 'ਤੇ ਉਤਰਦੀ ਨੂੰ ਲਾ .....

ਵਿਆਹ ਸਣੇ ਸਾਰੇ ਪੈਸੇ ਮੋੜ ਦਿਓ ਰੱਬਾ ਜਾਨ ਛੁਡਾ ਦੇ
ਕਹਿੰਦੀ 'ਦੇਵ ਘੋਲੀਏ' ਵਾਲੇ ਨੂੰ ਬੱਸ ਮੇਰੇ ਮਗਰੋਂ ਲਾਹ ਦੇ
ਉਹ ਬਦਲੇ ਲੈਂਦਾ ਗਿਣ ਗਿਣ ਕੇ
ਉਹਨੇ ਬਹੁਤ ਸਕੀਮਾਂ ਘੜੀਆਂ
ਉਹਦੇ ਏਅਰਪੋਰਟ 'ਤੇ ਉਤਰਦੀ ਨੂੰ
ਲਾ ਲਈਆਂ ਹੱਥਕੜੀਆਂ।

- ਦੇਵ ਘੋਲੀਆ ਖੁਰਦ
559-232-7764

ਡਰਾਈਵਿੰਗ ਟੈਸਟ ਟਰੈਕ ਅਤੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਲੋਕਾਂ ਨੂੰ ਸੜਕ ਸੁਰੱਖਿਆ ਸਬੰਧੀ ਕੀਤਾ ਗਿਆ ਜਾਗਰੂਕ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਸੜਕ ਸੁਰੱਖਿਆ ਮਹੀਨਾ-2024 ਤਹਿਤ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡਰਾਈਵਿੰਗ ਟੈਸਟ ਟਰੈਕ ਹੁਸ਼ਿਆਰਪੁਰ ਅਤੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਆਮ ਲੋਕਾਂ ਨੂੰ ਸੜਕ ਸੁਰੱਖਿਆ ਸਬੰਧੀ ਜਾਗਰੂਕ ਕਰਨ ਲਈ ਨੁੱਕੜ ਮੀਟਿੰਗ ਕੀਤੀ ਗਈ। ਇਸ ਦੌਰਾਨ ਬੱਸਾਂ ਦੇ ਪਿੱਛੇ ਰਿਫਲੈਕਟਰ ਟੇਪ ਵੀ ਲਗਾਈ ਗਈ। ਇਸ ਮੌਕੇ ਰਿਜਨਲ ਟਰਾਂਸਪੋਰਟ ਅਫ਼ਸਰ ਰਵਿੰਦਰ ਸਿੰਘ ਗਿੱਲ ਅਤੇ ਜੀ।ਐਮ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਡਿਪੂ ਜਸਬੀਰ ਸਿੰਘ ਕੋਟਲਾ ਵੀ ਮੌਜੂਦ ਸਨ।

ਸਕੱਤਰ ਰਿਜਨਲ ਟਰਾਂਸਪੋਰਟ ਅਫ਼ਸਰ ਰਵਿੰਦਰ ਸਿੰਘ ਗਿੱਲ ਨੇ ਇਸ ਦੌਰਾਨ ਵਾਹਨ ਚਾਲਕਾਂ ਨੂੰ ਕਿਹਾ ਕਿ ਹਰੇਕ ਵਾਹਨ 'ਤੇ ਰਿਫਲੈਕਟਰ ਲੱਗਾ ਹੋਣਾ ਜ਼ਰੂਰੀ ਕਿਉਂਕਿ ਵਾਹਨਾਂ 'ਤੇ ਰਿਫਲੈਕਟਰ ਨਾ ਹੋਣ ਦੇ ਕਾਰਨ ਹਨੇਰੇ ਅਤੇ ਧੁੰਦ ਵਿਚ ਹਾਦਸੇ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮੁਹਿੰਮ ਦੇ ਤੌਰ 'ਤੇ ਵਾਹਨਾਂ ਉਤੇ ਰਿਫਲੈਕਟਰ ਲਗਾਉਣ ਦੇ ਕੰਮ ਨੂੰ ਵਿਭਾਗ ਵਲੋਂ ਕੀਤਾ ਜਾ ਰਿਹਾ ਹੈ ਅਤੇ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਲੋਕਾਂ ਵਿਚ ਟ੍ਰੈਫਿਕ ਨਿਯਮਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਰਹੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕੀਤੀ ਜਾਵੇ, ਕਿਉਂਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਹੀ ਸੜਕ ਹਾਦਸੇ ਹੁੰਦੇ ਹਨ।

ਪਠਾਨਕੋਟ ਸਮਾਚਾਰ/ ਰਾਜਿੰਦਰ ਸਿੰਘ ਰਾਜਨ

ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣ ਲਈ ਵੋਟਾਂ ਬਣਾਉਣ ਸਬੰਧੀ ਲਗਾਏ ਜਾਣਗੇ ਵਿਸੇਸ ਕੈਂਪ: ਐਸ.ਡੀ.ਐਮ.

ਪਠਾਨਕੋਟ– ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਨਾਉਣ ਸਬੰਧੀ ਜਾਣਕਾਰੀ ਦਿੰਦਿਆਂ ਉਪ ਮੰਡਲ ਮੈਜਿਸਟ੍ਰੇਟ ਪਠਾਨਕੋਟ-ਕਮ-ਰਿਵਾਈਜਿੰਗ ਅਥਾਰਟੀ ਐਸ.ਜੀ.ਪੀ.ਸੀ. (ਬੋਰਡ) ਚੋਣ ਹਲਕਾ -110 ਪਠਾਨਕੋਟ ਮੇਜਰ ਡਾ. ਸੁਮਿਤ ਮੁਧ ਨੇ ਦੱਸਿਆ ਕਿ ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਕੇਸਧਾਰੀ ਸਿੱਖਾਂ ਦੀਆਂ ਵੋਟਾਂ 29 ਫਰਵਰੀ 2024 ਤੱਕ ਬਣਾਈਆਂ ਜਾ ਸਕਦੀਆਂ ਹਨ।

ਉਨ੍ਹਾਂ ਦੱਸਿਆ ਕਿ ਪਿਛਲੀਆਂ ਚੋਣਾਂ ਵਿਚ ਹਲਕਾ 110 ਪਠਾਨਕੋਟ ਵਿੱਚ ਕੁਲ 32,421 ਵੋਟਾਂ ਰਜਿਸਟਰ ਹੋਈਆਂ ਸਨ। ਪ੍ਰੰਤੂ ਅੱਜ ਤੱਕ ਕੇਵਲ 15,162 /- ਵੋਟਾਂ ਹੀ ਰਜਿਸਟਰ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਫਾਰਮ ਪ੍ਰਾਪਤ ਕਰਨ ਲਈ ਪਟਵਾਰੀਆਂ ਦੀ ਮਦਦ ਲਈ ਬੀ।ਐਲ।ਓਜ਼। ਵੀ ਲਗਾਏ ਗਏ ਸਨ। ਪ੍ਰੰਤੂ ਪਟਵਾਰੀਆਂ ਵਲੋਂ ਇਸ ਕੰਮ ਪ੍ਰਤੀ ਦਿਲਚਸਪੀ ਨਹੀਂ ਦਿਖਾਈ ਗਈ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ 20-01-2024 ਅਤੇ 21-01- 2024 ਅਤੇ 03-02-2024 ਅਤੇ 04-02-2024 ਨੂੰ ਵਿਸ਼ੇਸ਼ ਕੈਂਪ ਹਰੇਕ ਬੀ.ਐਲ.ਓ., ਸਬੰਧਤ ਪਟਵਾਰੀ, ਸਬੰਧਤ ਪੰਚਾਇਤ ਸੈਕਟਰੀ, ਕਾਰਪੋਰੇਸ਼ਨ ਦੇ ਕਰਮਚਾਰੀ, ਕਾਰਜ ਸਾਥਕ ਅਫਸਰਾਂ ਦੇ ਕਰਮਚਾਰੀਆਂ ਰਾਹੀਂ ਲਗਾਇਆ ਜਾਣਾ ਯਕੀਨੀ ਬਨਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਸਬੰਧਤ ਸੈਕਟਰ ਅਫਸਰ, ਤਹਿਸੀਲਦਾਰ, ਨਾਇਬ ਤਹਿਸੀਲਦਾਰ, ਬੀ.ਡੀ.ਪੀ.ਓਜ਼., ਕਾਰਪੋਰੇਸ਼ਨ ਦੇ ਅਧਿਕਾਰੀ ਅਤੇ ਨਗਰ ਪੰਚਾਇਤ ਦੇ ਈ.ਓਜ਼. ਇਸ ਕੈਂਪ ਦੀ ਵਿਸ਼ੇਸ਼ ਚੈਕਿੰਗ ਕਰਨਗੇ ਅਤੇ ਚੈਕਿੰਗ ਦੋਰਾਨ ਹਾਜਰ ਕਰਮਚਾਰੀਆਂ ਦੀਆਂ ਫੋਟੋ ਖਿੰਚ ਕੇ ਐਸ.ਜੀ.ਪੀ.ਸੀ. ਗਰੁਪ ਵਿੱਚ ਵੀ ਪਾਉਂਣਗੇ।

ਹਰੇਕ ਵਿਭਾਗ ਦੇ ਮੁਖੀਆਂ ਨੂੰ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ, ਬੀ.ਐਲ.ਓਜ਼, ਪਟਵਾਰੀਆਂ, ਪੰਚਾਇਤ ਸਕੱਤਰਾਂ, ਕਾਰਪੋਰੇਸ਼ਨ ਦੇ ਕਰਮਚਾਰੀਆਂ ਅਤੇ ਨਗਰ ਪੰਚਾਇਤ ਦੇ ਕਰਮਚਾਰੀਆਂ ਨੂੰ ਕੈਂਪਾ ਬਾਰੇ ਸਖਤੀ ਨਾਲ ਸੂਚਿਤ ਕਰ ਦਿੱਤਾ ਜਾਵੇ।

ਸ੍ਰੀ ਲਾਲ ਚੰਦ ਕਟਾਰੂਚੱਕ ਦਾ ਡੈਮ ਦੇ 32 ਕਰਮਚਾਰੀਆਂ ਬਹਾਲ ਹੋਣ ਤੇ ਕੀਤਾ ਧੰਨਵਾਦ

ਪਠਾਨਕੋਟ– ਬਹੁਤ ਖੁਸੀ ਦੀ ਗੱਲ ਹੈ ਕਿ ਰਣਜੀਤ ਸਾਗਰ ਡੈਮ ਸਾਹਪੁਰਕੰਡੀ ਦੇ 32 ਕਰਮਚਾਰੀ ਜਿਨ੍ਹਾਂ ਨੂੰ ਕੁਝ ਖਾਮੀਆਂ ਦੇ ਚਲਦਿਆਂ ਮੁਹੱਤਲ ਕੀਤਾ ਗਿਆ ਸੀ ਉਨ੍ਹਾਂ ਨੂੰ ਸਾਰੇ ਮਾਮਲੇ ਦੀ ਜਾਂਚ ਤੋਂ ਬਾਅਦ ਬਹਾਲ ਕੀਤਾ ਗਿਆ ਹੈ, ਮਾਘੀ ਦੇ ਪਵਿੱਤਰ ਮੋਕੇ ਤੇ ਉਨ੍ਹਾ ਵੱਲੋਂ ਇਨ੍ਹਾਂ 32 ਪਰਿਵਾਰਾਂ ਨੂੰ ਬਹੁਤ ਬਹੁਤ ਮੁਬਾਰਕਾਂ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਅਪਣੇ ਦਫਤਰ ਵਿਖੇ ਕੀਤਾ ਗਿਆ। ਜਿਕਰਯੋਗ ਹੈ ਕਿ 32 ਕਰਮਚਾਰੀ ਜੋ ਰਣਜੀਤ ਸਾਗਰ ਡੈਮ ਸਾਹਪੁਰਕੰਡੀ ਵਿਖੇ ਫਿਰ ਤੋਂ ਬਹਾਲ ਕੀਤੇ ਗਏ ਹਨ ਉਨ੍ਹਾਂ ਦਾ ਇੱਕ ਵਫ਼ਦ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੂੰ ਮਿਲਣ ਲਈ ਆਇਆ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਪਠਾਨੀਆਂ, ਜਸੰਵਤ ਸਿੰਘ ਸੰਧੂ, ਦਵਿੰਦਰ, ਗੁਰਪ੍ਰੀਤ, ਮੋਹਣ ਸਿੰਘ, ਲਖਨੇਸ ਯੋਗੇਸ, ਨਰੇਸ, ਮਨਿੰਦਰ, ਸੁਖਵਿੰਦਰ ਆਦਿ ਹਾਜ਼ਰ ਸਨ। ਇਸ ਮੋਕੇ ਤੇ ਉਨ੍ਹਾਂ ਕਿਹਾ ਕਿ ਵਿਭਾਗੀ ਕੁਝ ਖਾਮੀਆਂ ਕਰਕੇ ਪਿਛਲੇ ਕਰੀਬ 9 ਮਹੀਨੇ ਪਹਿਲਾ ਉਨ੍ਹਾਂ ਨੂੰ ਨੋਕਰੀ ਤੋਂ ਕੱਢਿਆ ਗਿਆ ਸੀ ਅਤੇ ਅੱਜ ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਮਿਲਿਆ ਹੈ ਅਤੇ 32 ਕਰਮਚਾਰੀਆਂ ਨੂੰ ਫਿਰ ਤੋਂ ਨੋਕਰੀ ਤੇ ਬਹਾਲ ਕੀਤਾ ਗਿਆ ਹੈ। ਉਨ੍ਹਾਂ ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਇਨਸਾਫ ਦਿੱਤਾ ਹੈ ਅਤੇ ਅਸੀਂ 32 ਪਰਿਵਾਰ ਪੰਜਾਬ ਸਰਕਾਰ ਦਾ ਦਿਲ ਤੋਂ ਧੰਨਵਾਦ ਕਰਦੇ ਹਾਂ।

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਪਠਾਨਕੋਟ ਵਿਖੇ ਧੀਆਂ ਦੀ ਲੋਹੜੀ ਜਿਲ੍ਹਾ ਪੱਧਰੀ ਸਮਾਰੋਹ ਮਨਾਇਆ

ਪਠਾਨਕੋਟ– ਸਮਾਜਿੱਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਅੱਜ ਪਠਾਨਕੋਟ ਵਿਖੇ ਜ਼ਿਲ੍ਹਾ ਪੱਧਰੀ ਧੀਆਂ ਦੀ ਲੋਹੜੀ ਸਮਾਰੋਹ ਕਰਵਾਇਆ ਗਿਆ। ਸਮਾਰੋਹ ਦੋਰਾਨ ਸ੍ਰੀਮਤੀ ਉਰਮਿਲਾ ਦੇਵੀ ਸਰਪੰਚ ਕਟਾਰੂਚੱਕ-ਧਰਮਪਤਨੀ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ ਅਤੇ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵਿਸੇਸ ਮਹਿਮਾਨ ਵਜੋਂ ਹਾਜਰ ਹੋਏ। ਇਸ ਤੋਂ ਇਲਾਵਾ ਸਰਵਸ੍ਰੀ ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਜਿਉਤਸਨਾ ਸਿੰਘ ਪੀ.ਸੀ.ਐਸ., ਸੁਮਨਦੀਪ ਕੌਰ ਜਿਲ੍ਹਾ ਪ੍ਰੋਗਰਾਮ ਅਫਸਰ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਪ੍ਰਾਇਮਰੀ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਪ੍ਰਿਯੰਕਾ ਆਪ ਵਰਕਰ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਸਬੰਧਤ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ। ਸਮਾਰੋਹ ਦਾ ਆਰੰਭ ਮੁੱਖ ਮਹਿਮਾਨ ਜੀ ਵੱਲੋਂ ਜੋਤ ਰੋਸਨ ਕਰਕੇ ਕੀਤਾ ਗਿਆ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀਮਤੀ ਉਰਮਿਲਾ ਦੇਵੀ ਨੇ ਕਿਹਾ ਕਿ ਧੀਆਂ ਨੇ ਆਪਣੀ ਕਾਬਲੀਅਤ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਧੀਆਂ ਨੂੰ ਅੱਗੇ ਵੱਧਣ ਦੇ ਮੌਕੇ ਦਿੱਤੇ ਜਾਣ ਤਾਂ ਉਹ ਵੱਡੀ ਤੋਂ ਵੱਡੀ ਮੰਜ਼ਿਲ ਵੀ ਸਰ ਕਰ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੀਆਂ ਲੜਕੀਆਂ ਨੇ ਹਰ ਖੇਤਰ ਵਿੱਚ ਬੁਲੰਦੀਆਂ ਨੂੰ ਹਾਸਲ ਕੀਤਾ ਹੈ ਜੋ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਧੀਆਂ ਨਾਲ ਰੋਸਨਾਉਂਦਾ ਹੈ ਹਰ ਵਿਹੜਾ ਅਤੇ ਧੀਆਂ ਹੀ ਘਰ ਵਿੱਚ ਖੁਸੀਆਂ ਲਿਆਉਂਦੀਆਂ ਹਨ।

ਜਿਕਰਯੋਗ ਹੈ ਕਿ ਸਮਾਜਿੱਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਕਰਵਾਏ ਗਏ ਸਮਾਰੋਹ ਦੋਰਾਨ ਨਵਜੰਮੀਆਂ 21 ਲੜਕੀਆਂ ਨੂੰ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਕੰਬਲ, ਸਟਾਲ ਅਤੇ ਮੁਗਫਲੀ ਦੇ ਪੈਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸੈਲਫ ਹੈਲਪ ਗਰੁਪ, ਖੇਡ ਵਿਭਾਗ ਵਿੱਚ ਨਾਮਨਾ ਖੱਟਣ ਵਾਲੀਆਂ ਲੜਕੀਆਂ, ਸਿੱਖਿਆ ਵਿਭਾਗ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ, ਸਭ ਤੋਂ ਵਧੀਆ ਕਾਰਗੁਜਾਰੀ ਕਰਨ ਵਾਲੀਆਂ ਆਂਗਣਬਾੜੀ ਵਰਕਰਾਂ ਆਦਿ ਨੂੰ ਵਿਸੇਸ ਤੋਰ ਤੇ ਸਨਮਾਨਤ ਕੀਤਾ ਗਿਆ। ਸਮਾਰੋਹ ਦੇ ਅੰਤ ਵਿੱਚ ਮੁੱਖ ਮਹਿਮਾਨ ਸ੍ਰੀਮਤੀ ਉਰਮਿਲਾ ਦੇਵੀ ਸਰਪੰਚ ਕਟਾਰੂਚੱਕ ਅਤੇ ਉਨ੍ਹਾਂ ਦੇ ਨਾਲ ਆਏ ਮਹਿਲਾ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਨੂੰ ਯਾਦਗਾਰ ਚਿਨ੍ਹ ਅਤੇ ਸਟਾਲ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

ਅੱਜ ਦੇ ਸਮਾਰੋਹ ਵਿੱਚ ਮੇਜਰ ਡਾ। ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ ਅਤੇ ਜਿਉਤਸਨਾ ਸਿੰਘ ਪੀ.ਸੀ.ਐਸ. ਅਫਸਰਾਂ ਨੇ ਆਪਣੀ ਸਫ਼ਲਤਾ ਦੀ ਕਹਾਣੀ ਆਪਣੀ ਜ਼ੁਬਾਨੀ ਦੱਸ ਕੇ ਲੜਕੀਆਂ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਲੜਕੀਆਂ ਪੜ੍ਹਾਈ ਦੇ ਨਾਲ ਜਿਸ ਵੀ ਖੇਤਰ ਵਿੱਚ ਜਾਣਾ ਚਾਹੁੰਦੀਆਂ ਹਨ ਉਸ ਲਈ ਖੂਬ ਮਿਹਨਤ ਕਰਨ, ਸਫ਼ਲਤਾ ਤੁਹਾਡਾ ਇੰਤਜ਼ਾਰ ਕਰ ਰਹੀ ਹੈ। ਉਸਨੇ ਇਸ ਮੋਕੇ ਤੇ ਲੋਹੜੀ ਦੀ ਮੁਬਾਰਕਬਾਦ ਵੀ ਦਿੱਤੀ। ਇਸ ਮੋਕੇ ਤੇ ਆਗਣਬਾੜੀ ਵਰਕਰ ਨਿਰਮਲ ਸਰਮਾ ਵੱਲੋਂ ਭਰੂਣ ਹੱਤਿਆ ਤੇ ਇੱਕ ਕੋਰਿਓਗ੍ਰਾਫੀ ਪੇਸ ਕੀਤੀ ਅਤੇ ਆਂਗਣਬਾੜੀ ਵਰਕਰ ਸੀਮਾ ਵੱਲੋਂ ਕਵਿਤਾ ਪੇਸ ਕੀਤੀ ਗਈ। ਇਸ ਮੋਕੇ ਤੇ ਐਮ.ਸੀ.ਐਸ. ਸਕੂਲ ਦੀਆਂ ਬੱਚੀਆਂ ਵੱਲੋਂ ਗਿੱਧਾ ਪੇਸ ਕੀਤਾ ਗਿਆ। ਇਸ ਮੋਕੇ ਤੇ ਲੋਹੜੀ ਵੀ ਜਲਾਈ ਗਈ ਅਤੇ ਸਾਰਿਆਂ ਮਹਿਮਾਨਾਂ ਵੱਲੋਂ ਆਹੁਤਿਆਂ ਵੀ ਪਾਈਆਂ।

ਲੋਹੜੀ ਦੇ ਗੀਤਾਂ ਤੇ ਜੱਦੋਂ ਵਰਕਰਾਂ ਨਾਲ ਨੱਚੇ ਕੈਬਨਿਟ ਮੰਤਰੀ ਪੰਜਾਬ

ਪਠਾਨਕੋਟ– ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆਂ ਦੇ ਝਾਖੋਲਾਹੜੀ ਵਿਖੇ ਸਥਿਤ ਇਕ ਪੈਲੇਸ ਵਿਖੇ ਲਾਲ ਚੰਦ ਕਟਾਰੂਚੱਕ ਮੰਤਰੀ ਪੰਜਾਬ ਵੱਲੋਂ ਲੋਹੜੀ ਤਿਉਹਾਰ ਆਪਣੇ ਸਾਥੀ ਆਗੂਆ ਤੇ ਵਰਕਰਾ ਨਾਲ ਮਿਲਕੇ ਧੂਮਧਾਮ ਨਾਲ ਮਨਾਇਆ। ਪ੍ਰੋਗਰਾਮ ਦੌਰਾਨ ਪੰਜਾਬੀ ਸੱਭਿਆਚਾਰ ਦੀ ਝਲਕ ਉਸ ਸਮੇਂ ਦੇਖਣ ਨੂੰ ਮਿਲੀ ਜਦੋਂ ਪਾਰਟੀ ਵਰਕਰਾਂ ਦੇ ਨਾਲ-ਨਾਲ ਮੰਤਰੀ ਲਾਲ ਚੰਦ ਕਟਾਰੂਚੱਕ ਵੀ ਲੋਹੜੀ ਦੇ ਗੀਤਾਂ ਤੇ ਨੱਚ ਪਏ।

ਸਮਾਰੋਹ ਮੌਕੇ ਮੰਤਰੀ ਵੱਲੋਂ ਜਿਲ੍ਹਾ ਪਠਾਨਕੋਟ ਅਤੇ ਪੰਜਾਬ ਦੇ ਲੋਕਾਂ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਮੰਤਰੀ ਹੁਰਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਸਾਡੇ ਸਾਰਿਆਂ ਲਈ ਬਹੁਤ ਹੀ ਮਹੱਤਵਪੂਰਨ ਹੈ ਅਤੇ ਸਾਡਾ ਉਪਰਾਲਾ ਸੀ ਕਿ ਇਸ ਦਿਨ ਵਿਧਾਨ ਸਭਾ ਹਲਕਾ ਭੋਆ ਅੰਦਰ ਇੱਕ ਅਜਿਹੀ ਯਾਂਦਗਾਰ ਪ੍ਰੋਗਰਾਮ ਆਯੋਜਿਤ ਕੀਤਾ ਜਾਵੇ ਜਿਸ ਵਿੱਚ ਅਸੀਂ ਸਾਰੇ ਰਲ ਮਿਲ ਕੇ ਖੁਸੀਆਂ ਭਰੇ ਤਿਉਹਾਰ ਲੋਹੜੀ ਦਾ ਅਨੰਦ ਮਾਨ ਸਕੀਏ । ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਪੂਰੀਆਂ ਬੁਲੰਦੀਆਂ ਤੇ ਕਾਰਜ ਕਰ ਰਿਹਾ ਹੈ। ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਹੀ ਸਾਰੇ ਕਾਰਜ ਕੀਤੇ ਜਾ ਰਹੇ ਹਨ ਚਾਹੇ ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਦੀ ਗੱਲ ਹੋਵੇ, ਵਧੀਆ ਸਿੱਖਿਆ ਪ੍ਰਣਾਲੀ ਦੇਣ ਦਾ ਗੱਲ ਹੋਵੇ ਜਾਂ ਆਮ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆ ਲੋਕ ਹਿੱਤ ਦੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਜਿਲ੍ਹਾ ਨਿਵਾਸੀਆਂ ਦੇ ਨਾਮ ਸੰਦੇਸ਼ ਦਿੰਦਿਆਂ ਕਿਹਾ ਕਿ ਲੋਹੜੀ ਜੋ ਕਿ ਇੱਕ ਜੁਲਮ ਤੇ ਜਿੱਤ ਹੈ ਅਤੇ ਇਸ ਦਿਨ ਦੁੱਲਾ ਭੱਟੀ ਨੂੰ ਯਾਦ ਕੀਤਾ ਜਾਂਦਾ ਹੈ, ਬੁਰਾਈਆਂ ਦਾ ਤਿਆਗ ਕੀਤਾ ਜਾਂਦਾ ਹੈ। ਇਸ ਮੌਕੇ ਤੇ ਝਾਖੋਲਾਹੜੀ ਆਸ਼ਰਮ ਵਿੱਚ ਰਹਿ ਰਹੇ ਬਜੁਰਗ ਵੱਲੋਂ ਗਾਏ ਦੋ ਗੀਤਾਂ ਨੂੰ ਰਲੀਜ ਕੀਤਾ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਪੰਚ ਕਟਾਰਚੱਕ ਸ੍ਰੀਮਤੀ ਉਰਮਿਲਾ ਦੇਵੀ, ਸੁਨੀਲ ਗੁਪਤਾ ਚੇਅਰਮੈਨ ਪੈਸਕੋ, ਵਿਭੂਤੀ ਸਰਮਾ ਚੇਅਰਮੈਨ ਪੀ।ਟੀ।ਡੀ।ਸੀ। ਪੰਜਾਬ, ਸਮਸੇਰ ਸਿੰਘ ਦੀਨਾਨਗਰ ਹਲਕਾ ਇੰਚਾਰਜ, ਸਤੀਸ ਮਹਿੰਦਰੂ ਚੇਅਰਮੈਨ ਦਾਂ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਠਾਕੁਰ ਮਨੋਹਰ ਸਿੰਘ, ਸਾਹਿਬ ਸਿੰਘ ਸਾਬਾ, ਭਾਣੂ ਪ੍ਰਤਾਪ, ਐਡਵੋਕੇਟ ਰਮੇਸ ਕੁਮਾਰ, ਬਲਜਿੰਦਰ ਸਿੰਘ ਬੰਟੀ, ਨਰੇਸ ਸੈਣੀ ਬੀ।ਸੀ। ਵਿੰਗ ਦੇ ਜਿਲ੍ਹਾ ਪ੍ਰਧਾਨ, ਰੇਖਾ ਮਨੀ ਸਰਮਾ ਜਿਲ੍ਹਾ ਪ੍ਰਧਾਨ ਮਹਿਲਾ ਵਿੰਗ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਕੁਲਦੀਪ ਭਟਵਾ ਬਲਾਕ ਪ੍ਰਧਾਨ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਕੁਲਵੰਤ ਸਿੰਘ ਬਲਾਕ ਪ੍ਰਧਾਨ, ਖੁਸਬੀਰ ਕਾਟਲ ਸੀਨੀਅਰ ਆਪ ਨੇਤਾ, ਮਦਾਰਪੁਰ ਸਰਪੰਚ ਰਾਜੇਸ ਸਰਮਾ, ਰਾਜਾ ਬਕਨੋਰ, ਠਾਕੁਰ ਭੁਪਿੰਦਰ ਸਿੰਘ, ਸਤਨਾਮ ਸਿੰਘ, ਸੰਦੀਪ ਕੁਮਾਰ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।

ਲੋਹੜੀ ਦੇ ਇਸ ਅਵਸਰ ਤੇ ਲੋਹੜੀ ਜਲਾਈ ਗਈ ਅਤੇ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਉਰਮਿਲਾ ਦੇਵੀ , ਸਾਰੇ ਬਲਾਕ ਪ੍ਰਧਾਨ, ਜਿਲ੍ਹਾ ਆਹੁਦੇਦਾਰਾਂ ਅਤੇ ਭਾਰੀ ਮਾਤਰਾ ਵਿੱਚ ਪਾਰਟੀ ਵਰਕਰਾਂ ਨੇ ਵੀ ਲੋਹੜੀ ਵਿੱਚ ਗੁੜ, ਤਿਲ, ਮੁਗਫਲੀ ਆਦਿ ਸਮੱਗਰੀ ਦੀਆਂ ਆਹੂਤੀਆਂ ਪਾਈਆਂ ਅਤੇ ਸਰਵ ਦੀ ਮੰਗਲ ਕਾਮਨਾ ਦੀ ਅਰਦਾਸ ਕੀਤੀ।

ਡਿਪਟੀ ਸਪੀਕਰ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਗੜ੍ਹਸ਼ੰਕਰ ਤੋਂ ਜਥਾ ਕੀਤਾ ਰਵਾਨਾ

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)– ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਅੱਜ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਲਵੰਡੀ ਸਾਬੋ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ ਨੂੰ ਰਵਾਨਾ ਕੀਤਾ। ਗੜ੍ਹਸ਼ੰਕਰ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਮੌਕੇ ਡਿਪਟੀ ਸਪੀਕਰ ਨੇ ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀਆਂ ਨੂੰ ਲੋਹੜੀ ਅਤੇ ਮਾਘੀ ਦੇ ਤਿਉਹਾਰ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਦੱਸਿਆ ਕਿ ਦਰਸ਼ਨਾਂ ਲਈ ਜਾ ਰਹੇ ਇਸ ਜਥੇ ਵਿਚ ਬੀਤ ਏਰੀਏ ਦੇ ਪਿੰਡਾਂ ਦੇ ਸ਼ਰਧਾਲੂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿਚ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਲਈ ਸਫ਼ਰ ਦੀ ਸੁਵਿਧਾ ਮੁਫ਼ਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਕਰ ਰਹੀ ਹੈ, ਜਿਸ ਵਿਚ ਉਨ੍ਹਾਂ ਦੇ ਆਉਣ-ਜਾਣ, ਠਹਿਰਨ ਤੇ ਖਾਣ-ਪੀਣ ਦਾ ਸਾਰਾ ਖਰਚਾ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਯਾਤਰਾ ਕਰਨ ਨਾਲ ਲੋਕਾਂ ਨੂੰ ਅਧਿਆਤਮਿਕ ਤੌਰ 'ਤੇ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਰਧਾਲੂਆਂ ਦੀ ਸੁੱਖ-ਸਹੂਲਤ ਲਈ ਅਰਾਮਦਾਇਕ ਬੱਸਾਂ, ਠਹਿਰਨ ਲਈ ਸਰਾਵਾਂ ਅਤੇ ਯਾਤਰਾ ਦੌਰਾਨ ਲੋੜੀਂਦੀਆਂ ਸਹੂਲਤਾਂ ਉਪਲਬੱਧ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਜਿਹਾ ਉਨ੍ਹਾਂ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ, ਜੋ ਜੀਵਨ ਦੇ ਜ਼ਰੂਰੀ ਰੁਝੇਵਿਆਂ ਕਾਰਨ ਤੀਰਥ ਯਾਤਰਾ ਕਰਨ ਤੋਂ ਵਾਂਝੇ ਰਹਿ ਗਏ ਸਨ ਜਾਂ ਉਨ੍ਹਾਂ ਦੇ ਮਨ ਦੀ ਇੱਛਾ ਸੀ ਕਿ ਅਸੀਂ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰੀਏ। ਉਨ੍ਹਾਂ ਕਿਹਾ ਕਿ ਵੱਧ ਉਮਰ ਅਤੇ ਆਰਥਿਕ ਤੰਗੀ ਕਾਰਨ ਪੰਜਾਬ ਅਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਤੋਂ ਵੰਚਿਤ ਲੋਕਾਂ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵਰਦਾਨ ਸਿੱਧ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੀ ਇਸ ਵਿਸ਼ੇਸ਼ ਯੋਜਨਾ ਲਈ ਵਿੱਤੀ ਸਾਲ 2023-24 ਦੌਰਾਨ 40 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ 100 ਧੀਆਂ ਦੀ ਲੋਹੜੀ ਪਾਉਣ ਦਾ ਪ੍ਰੋਗਰਾਮ ਉਲੀਕਿਆ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)– ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਇਸ ਰੂੜੀਵਾਦੀ ਸਮਾਜ ਦੀ ਮਾਨਸਿਕਤਾ ਨੂੰ ਬਦਲਣ ਹਿਤ ਕਿ ਧੀਆ ਦਾ ਸਤਿਕਾਰ ਕਰੋ ਪੁੱਤਰਾਂ ਵਾਗੂੰ ਪਿਆਰ ਕਰੋ ਵਰਗੀ ਅਗਾਂਹਵਧੂ ਨਿੱਗਰ ਸੋਚ ਤੇ ਪਹਿਰਾ ਦਿੰਦਿਆ ਪਿਛਲੇ 8 ਸਾਲਾਂ ਤੋਂ ਧੀਆਂ ਦੀ ਲੋਹੜੀ ਪਾਉਣ ਦਾ ਨਿਵੇਕਲਾ ਪ੍ਰੋਗਰਾਮ ਸੁਰੂ ਕੀਤਾ ਗਿਆ ਹੈ। ਇਸ ਲੜੀ ਨੂੰ ਹੋਰ ਗਤੀ ਦਿੰਦਿਆ ਜਨਵਰੀ 2024 ਵਿਚ ਸੰਸਥਾ ਵਲੋ 8 ਪਿੰਡਾਂ ਦੀਆ ਤਕਰੀਬਨ 100 ਬੇਟੀਆਂ ਦੀ ਲੋਹੜੀ ਵੰਡਣ ਦਾ ਵਿਸਤ੍ਰਿਤ ਪਰੋਗਰਾਮ ਉਲੀਕਿਆ ਗਿਆ। ਜਿਸ ਤਹਿਤ ਇਹ ਕਾਫਲਾ ਪਿੰਡ ਸੂਰਾਪੁਰ, ਸੁੱਜੋਂ, ਐਮਾ ਜੱਟਾਂ, ਉੱਚਾ ਲਧਾਣਾ, ਪੱਦੀ ਮੱਠ ਵਾਲੀ ਤੋਂ ਪਠਲਾਵਾ ਹੁੰਦਾ ਹੋਇਆ ਅੱਜ ਦੁਪਹਿਰ 2 ਵਜੇ ਪਿੰਡ ਪੋਸੀ ਵਿਖੇ ਦਸਤਕ ਦੇਵੇਗਾ। ਇਸ ਵਾਰ ਵੀ ਉਪਕਾਰ ਕੋਆਰਡੀਨੇਸਨ ਸੰਸਥਾ ਸਹੀਦ ਭਗਤ ਸਿੰਘ ਨਗਰ ਵਿਸੇਸ਼ ਮਹਿਮਾਨ ਸੰਸਥਾ ਵਜੋ ਹਾਜਰੀ ਲਗਾਏਗੀ। ਇਸ ਵਾਰ ਵੀ ਸੰਸਥਾ ਦਾ ਮਹਿਲਾ ਵਿੰਗ ਵਿਸੇਸ਼ ਭੂਮਿਕਾ ਨਿਭਾਏਗਾ। ਪ੍ਰਬੰਧਕਾਂ ਵਲੋਂ ਇਲਾਕਾ ਨਿਵਾਸੀਆਂ ਨੂੰ ਇਸ ਨਿਵੇਕਲੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ।

ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)– ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਸਮੂਹ ਨਰਸਿੰਗ ਵਿਦਿਆਰਥੀਆਂ ਵੱਲੋਂ ਅੱਜ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਲੋਹੜੀ ਦੀ ਧੂਣੀ ਨੂੰ ਅਗਨੀ ਦਿਖਾਉਣ ਦੀ ਰਸਮ ਅਦਾ ਕੀਤੀ। ਇਕੱਤਰ ਨਰਸਿੰਗ ਸਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸ। ਹਰਦੇਵ ਸਿੰਘ ਕਾਹਮਾ ਪ੍ਰਧਾਨ, ਸ। ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ. ਦਰਸ਼ਨ ਸਿੰਘ ਮਾਹਿਲ ਕੈਨੇਡਾ ਪ੍ਰਬੰਧਕ ਮੈਂਬਰ, ਜਗਜੀਤ ਸਿੰਘ ਸੋਢੀ ਅਤੇ ਸ. ਵਰਿੰਦਰ ਸਿੰਘ ਬਰਾੜ ਐਚ ਆਰ, ਨੇ ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਲੋਹੜੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ । ਉਨ੍ਹਾਂ ਕਿਹਾ ਕਿ ਧੀਆਂ ਨੂੰ ਵੀ ਪੁੱਤਰਾਂ ਵਾਂਗੂ ਪਾਲਿਆ ਜਾਵੇ ਅਤੇ ਲੋਹੜੀ ਦੇ ਤਿਉਹਾਰ ਦੀ ਖ਼ੁਸ਼ੀਆਂ ਨੂੰ ਵਧਾਉਣ ਲਈ ਧੀਆਂ ਦੀ ਲੋਹੜੀ ਵੀ ਪਾਈ ਜਾਣੀ ਚਾਹੀਦੀ ਹੈ। ਉਹਨਾਂ ਨੇ ਸਮੂਹ ਨਰਸਿੰਗ ਵਿਦਿਆਰਥੀਆਂ ਨੂੰ ਵਧੀਆ ਪੜ੍ਹਾਈ ਕਰਕੇ ਆਪਣੇ ਨਰਸਿੰਗ ਕਾਲਜ ਦਾ ਰੋਸ਼ਨ ਕਰਨ ਲਈ ਵੀ ਪ੍ਰੇਰਿਤ ਕੀਤਾ। ਲੋਹੜੀ ਸਮਾਗਮ ਵਿਚ ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਵੱਲੋਂ ਵਿਦਿਆਰਥੀਆਂ ਲਈ ਸ਼ਾਨਦਾਰ ਲੋਹੜੀ ਸਮਾਗਮ ਕਰਵਾਉਣ ਲਈ ਸਮੂਹ ਕਾਲਜ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ। ਨਰਸਿੰਗ ਕਾਲਜ ਵਿਖੇ ਲੋਹੜੀ ਦਾ ਤਿਉਹਾਰ ਮਨਾਉਣ ਮੌਕੇ ਹੋਏ ਸਭਿਆਚਾਰਕ ਸਮਾਗਮ ਵਿਚ ਵੱਖ-ਵੱਖ ਕਲਾਸਾਂ ਦੇ ਦੇ ਨਰਸਿੰਗ ਵਿਦਿਆਰਥੀਆਂ ਵੱਲੋਂ ਲੋਹੜੀ ਦੇ ਗੀਤ ਗਾਏ ਗਏ ਅਤੇ ਗਿੱਧਾ-ਭੰਗੜਾ ਪਾ ਕੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਹਨਾਂ ਖੁਸ਼ੀਆਂ ਦੇ ਪਲਾਂ ਮੌਕੇ ਸ। ਹਰਦੇਵ ਸਿੰਘ ਕਾਹਮਾ ਪ੍ਰਧਾਨ, ਸ. ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ। ਦਰਸ਼ਨ ਸਿੰਘ ਮਾਹਿਲ ਕੈਨੇਡਾ ਪ੍ਰਬੰਧਕ ਮੈਂਬਰ, ਜਗਜੀਤ ਸਿੰਘ ਸੋਢੀ ਪ੍ਰਬੰਧਕ ਮੈਂਬਰ, ਸ. ਵਰਿੰਦਰ ਸਿੰਘ ਬਰਾੜ ਐਚ ਆਰ, ਮਹਿੰਦਰਪਾਲ ਸਿੰਘ ਸੁਪਰਡੈਂਟ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਨਵਜੋਤ ਕੌਰ ਸਹੋਤਾ ਤੋਂ ਇਲਾਵਾ ਸਮੂਹ ਨਰਸਿੰਗ ਕਾਲਜ ਸਟਾਫ਼ ਅਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

ਮਹਿਲਾਵਾਂ ਦੇ ਸਮਾਜ ਵਿੱਚ ਅੱਗੇ ਵੱਧਣ ਨਾਲ ਹੀ ਬਣੇਗਾ ਭਾਰਤ ਵਿਸ਼ਵ ਗੁਰੂ - ਰਾਜਪਾਲ ਪੰਜਾਬ

ਭਾਰਤ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਦਾ ਲਾਭ ਹਰ ਲੋੜਵੰਦ ਨੂੰ ਦੇਣਾ ਵਿਕਸਿਤ ਭਾਰਤ ਸੰਕਲਪ ਯਾਤਰਾ ਦਾ ਮੁੱਖ ਮਕਸਦ

ਬਲਾਚੌਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸ਼ਕ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭਰਥਲਾ ਪਹੁੰਚੀ 'ਵਿਕਸਿਤ ਭਾਰਤ ਸੰਕਲਪ ਯਾਤਰਾ' ਵਿੱਚ ਵਿਸੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਭਾਰਤ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਵਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਵਿਕਸਿਤ ਭਾਰਤ ਦਾ ਸੰਕਲਪ ਵੀ ਲਿਆ ਗਿਆ। ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਵਾਰੇ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਜਰੂਰੀ ਹੈ। ਅਤੇ ਹੁਣ ਇਹ ਸਾਡੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਸਮਾਜ ਨੂੰ ਯੋਜਨਾਵਾਂ ਵਾਰੇ ਜਾਗਰੂਕ ਕਰੀਏ। ਇਸ ਮੰਤਵ ਦੀ ਪ੍ਰਾਪਤੀ ਲਈ ਵਿਕਸਿਤ ਭਾਰਤ ਸੰਕਲਪ ਯਾਤਰਾ ਵੱਖ-ਵੱਖ ਥਾਵਾਂ ਤੇ ਪਹੁੰਚ ਰਹੀ ਹੈ ਅਤੇ ਭਾਰਤ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਹਰ ਲੋੜਵੰਦ ਤੱਕ ਪਹੁੰਚਾਣਾ ਸਾਡਾ ਮਕਸਦ ਹੈ। ਉਹਨਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਜਰੂਰੀ ਹੈ ਕਿ ਨਸ਼ੇ ਤੋਂ ਬਚਾਇਆ ਜਾਵੇ। ਇਸ ਵਾਰੇ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਪਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ ਐਸ ਪੀ ਡਾਕਟਰ ਅਖਿਲ ਚੌਧਰੀ ਸਮੇਤ ਹਰ ਸਰਕਾਰ ਦੇ ਕਈ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਸਰਕਾਰ ਦੀਆਂ ਯੋਜਨਾਵਾਂ ਸੰਬੰਧੀ ਵੱਖ-ਵੱਖ ਵਿਭਾਗਾਂ ਵਲੋਂ ਸਟਾਲ ਲਗਾਏ ਗਏ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈਣ ਵਾਲੇ ਲਾਭਪਾਤਰੀਆਂ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਆਪਣੇ ਦਿਲ ਦੇ ਜਜ਼ਬਾਤ ਵੀ ਸਾਂਝੇ ਕੀਤੇ। ਇਸ ਦੌਰਾਨ ਮਾਣਯੋਗ ਰਾਜਪਾਲ ਦੀ ਮੌਜੂਦਗੀ ਵਿੱਚ ਵਿਕਸਿਤ ਭਾਰਤ ਲਈ ਸੰਕਲਪ ਲਿਆ ਗਿਆ ਅਤੇ ਮੇਰੀ ਕਹਾਣੀ ਮੇਰੀ ਜੁਬਾਨੀ ਤਹਿਤ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਵਾਲੇ ਲਾਭਪਾਤਰੀਆਂ ਦੇ ਵਿਚਾਰ ਵੀ ਸੁਣੇ। ਇਸ ਮੌਕੇ ਸਕੂਲ ਦੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਵਿਕਸਿਤ ਭਾਰਤ ਸੰਕਲਪ ਯਾਤਰਾ ਭਾਰਤ ਸਰਕਾਰ ਦੀ ਹੁਣ ਤੱਕ ਦੀ ਸਭ ਤੋਂ ਵਿਆਪਕ ਪਹਿਲ ਹੈ। ਇਸ ਤਹਿਤ ਖਾਸ ਤੌਰ ਤੇ ਡਿਜਾਈਨ ਕੀਤੀਆਂ ਗਈਆਂ ਆਈ ਈ ਸੀ (ਸੂਚਨਾ, ਸਿੱਖਿਆ ਅਤੇ ਸੰਚਾਰ) ਵੈਨਾਂ ਰਾਹੀਂ ਕੇਂਦਰ ਸਰਕਾਰ ਦੀਆਂ ਵੱਖ-ਵੱਖ ਫਲੈਗਸ਼ਿਪ ਸਕੀਮਾਂ ਵਾਰੇ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ ਅਤੇ ਯੋਗ ਲਾਭਪਾਤਰੀਆਂ ਨੂੰ ਮੌਕੇ ਤੇ ਹੀ ਇਹਨਾਂ ਸਕੀਮਾਂ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਯਾਤਰਾ ਦੌਰਾਨ ਖਾਸਕਰ ਆਯੂਸ਼ਮਾਨ ਭਾਰਤ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਉੱਜਵਲਾ ਯੋਜਨਾ, ਕਿਸਾਨ ਕ੍ਰੈਡਿਟ ਕਾਰਡ, ਪ੍ਰਧਾਨ ਮੰਤਰੀ ਪੋਸ਼ਣ ਅਭਿਆਨ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ, ਸੁਰੱਖਿਆ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਡਰੋਨ ਰਾਹੀਂ ਖੇਤਾਂ ਵਿੱਚ ਸਪਰੇਅ ਆਦਿ ਸਮੇਤ ਬਹੁਤ ਸਾਰੀਆਂ ਯੋਜਨਾਵਾਂ ਵਾਰੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਪ੍ਰਿੰਸੀਪਲ ਬੀ ਕੇ ਬਾਲੀ ਸਦੀਵੀ ਵਿਛੋੜਾ ਦੇ ਗਏ

ਸਸਕਾਰ ਮੌਕੇ ਪਹੁੰਚੀਆਂ ਅਹਿਮ ਸ਼ਖਸ਼ੀਅਤਾਂ

ਮਾਹਿਲਪੁਰ– ਮਾਹਿਲਪੁਰ ਦੇ ਉੱਘੇ ਪ੍ਰਿੰਸੀਪਲ ਬਾਲ ਕ੍ਰਿਸ਼ਨ ਬਾਲੀ ਲੰਮਾ ਸਮਾਂ ਬਿਮਾਰ ਰਹਿਣ ਮਗਰੋਂ 10 ਜਨਵਰੀ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਰਿਵਾਰ ਵਿੱਚ ਜੀਵਨ ਸਾਥਣ ਰਜਿੰਦਰ ਕੌਰ, ਪੁੱਤਰ ਡਾ।ਰਜਨੀਤ, ਬਹੂ ਅਤੇ ਪੋਤਰੀ ਆਇਰਾ ਨੂੰ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸਸਕਾਰ ਕੱਲ ਮਾਹਿਲਪੁਰ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸਾਹਿਤਕ, ਸਮਾਜਿਕ, ਸੱਭਿਆਚਾਰਕ, ਵਿਦਿਅਕ,ਖੇਡ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਿਲ ਹੋਏ ਲ ਪਰਿਵਾਰ ਵੱਲੋਂ ਉਹਨਾਂ ਦੀ ਯਾਦ ਵਿੱਚ 50 ਫੁੱਟਬਾਲ ਤਕਸੀਮ ਕੀਤੇ ਗਏ। ਉਹਨਾਂ ਕਿਹਾ ਕਿ ਪ੍ਰਿੰਸੀਪਲ ਬਾਲੀ ਦੀ ਇਹ ਆਖਰੀ ਖਾਹਿਸ਼ ਸੀ ਕਿ ਉਹਨਾਂ ਦੀ ਸਸਕਾਰ ਤੋਂ ਬਾਅਦ ਕੋਈ ਵੀ ਰਸਮ ਨਾ ਕੀਤੀ ਜਾਵੇ। ਇਸ ਮੌਕੇ ਕੌਮਾਂਤਰੀ ਲੇਖਕ ਤੇ ਪੱਤਰਕਾਰ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਉਨਾਂ ਦੇ ਜੀਵਨ ਤੋਂ ਬਹੁਤ ਲੋਕਾਂ ਨੇ ਪ੍ਰੇਰਨਾ ਲਈ ਅਤੇ ਉੱਚੀਆਂ ਮਜ਼ਿਲਾਂ ਪ੍ਰਾਪਤ ਕੀਤੀਆਂ।

ਉਹਨਾਂ ਦੁਆਰਾ ਤਿਆਰ ਕੀਤੇ ਖਿਡਾਰੀ ਅਤੇ ਵਿਦਿਆਰਥੀ ਦੇਸ਼ ਵਿਦੇਸ਼ ਵਿੱਚ ਸ਼ਾਨਦਾਰ ਪ੍ਰਾਪਤੀਆਂ ਅਤੇ ਰੁਤਬੇ ਹਾਸਲ ਕਰ ਚੁੱਕੇ ਹਨ। ਪ੍ਰੋ. ਅਜੀਤ ਲੰਗੇਰੀ ਨੇ ਉਹਨਾਂ ਦੀਆਂ ਜੀਵਨ ਪ੍ਰਾਪਤੀਆਂ ਤੇ ਝਾਤ ਪਵਾਈ।

ਅੰਤਿਮ ਅਰਦਾਸ ਮੌਕੇ ਸਾਬਕਾ ਐਮਪੀ ਅਵਤਾਰ ਸਿੰਘ ਕਰੀਮਪੁਰੀ, ਕ੍ਰਿਸ਼ਨਜੀਤ ਰਾਓ ਕੈਂਡੋਵਾਲ, ਬਲਜਿੰਦਰ ਮਾਨ, ਮਾਸਟਰ ਬਨਿੰਦਰ ਸਿੰਘ, ਦਵਿੰਦਰ ਸਿੰਘ,ਅਮਰਜੀਤ ਸਿੰਘ, ਗੁਰਨਾਮ ਸਿੰਘ, ਪ੍ਰਿੰ. ਮਹਿੰਦਰ ਪਾਲ ਸ਼ਰਮਾ, ਬੱਗਾ ਸਿੰਘ ਆਰਟਿਸਟ ਅਤੇ ਬੰਧਨਾਂ ਸਿੰਘ ਸਮੇਤ ਬਹੁ ਗਿਣਤੀ ਵਿੱਚ ਉਹਨਾਂ ਦੇ ਵਿਦਿਆਰਥੀ ਅਤੇ ਪ੍ਰੇਮੀ ਹਾਜ਼ਰ ਹੋਏ।

ਗਣਤੰਤਰ ਦਿਵਸ ਤੋਂ ਲੋਕਾਂ ਦੀ ਸੇਵਾ ਲਈ ਸਮਰਪਿਤ ਹੋਵੇਗੀ ਸੜਕ ਸੁਰੱਖਿਆ ਫੋਰਸ

ਚੰਡੀਗੜ੍ਹ– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ ਉੱਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 461 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਅਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਦਸਮੇਸ਼ ਪਿਤਾ ਦੇ ਨਕਸ਼ੇ ਕਦਮ 'ਤੇ ਚੱਲਣ ਦਾ ਸੱਦਾ ਦਿੱਤਾ। ਇੱਥੇ ਮਿਊਂਸਿਪਲ ਭਵਨ ਵਿਖੇ ਨਿਯੁਕਤੀ ਪੱਤਰ ਦੇਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਜ਼ੁਲਮ, ਬੇਇਨਸਾਫ਼ੀ ਅਤੇ ਦਮਨ ਵਿਰੁੱਧ ਲੜਨ ਦਾ ਉਪਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਦਿਹਾੜੇ 'ਤੇ ਸਾਨੂੰ ਸਾਰਿਆਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਲੋਕਾਂ ਦੀ ਸੇਵਾ ਉਤਸ਼ਾਹ ਨਾਲ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਊਂਸਿਪਲ ਭਵਨ ਅਜਿਹੇ ਕਈ ਸਮਾਗਮਾਂ ਦਾ ਗਵਾਹ ਰਿਹਾ ਹੈ, ਜਿਸ ਵਿੱਚ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਨੌਕਰੀਆਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਇਹ ਨੌਜਵਾਨਾਂ ਦੀ ਭਲਾਈ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਹੀ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੱਕ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਲਈ ਚੁਣਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ ਅਤੇ ਹੁਣ ਉਨ੍ਹਾਂ ਨੂੰ ਮਿਸ਼ਨਰੀ ਜਜ਼ਬੇ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਕਿ ਨਵੇਂ ਭਰਤੀ ਹੋਏ ਨੌਜਵਾਨ ਲੋਕਾਂ ਲਈ ਇਨਸਾਫ਼ ਯਕੀਨੀ ਬਣਾਉਣ ਦੇ ਨਾਲ-ਨਾਲ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਦੀ ਮਦਦ ਲਈ ਕਰਨਗੇ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਵੱਧ ਤੋਂ ਵੱਧ ਲੋਕਾਂ ਦੀ ਭਲਾਈ ਯਕੀਨੀ ਬਣਾਉਣੀ ਚਾਹੀਦੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਆਗਾਮੀ ਗਣ-ਤੰਤਰ ਦਿਵਸ ਮੌਕੇ ਸੜਕ ਸੁਰੱਖਿਆ ਫੋਰਸ ਲੋਕਾਂ ਦੀ ਸੇਵਾ ਵਿੱਚ ਸਮਰਪਿਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਵੇਲੇ ਇਹ ਫੋਰਸ ਕਪੂਰਥਲਾ ਵਿਖੇ ਸਿਖਲਾਈ ਲੈ ਰਹੀ ਹੈ ਅਤੇ ਸੂਬੇ ਵਿੱਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਉਣ ਲਈ ਤੇ ਸੂਬੇ ਦੀਆਂ ਸੜਕਾਂ 'ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਇਸ ਫੋਰਸ ਦੀ ਸ਼ੁਰੂਆਤ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਕਿਸਮ ਦੀ ਇਹ ਪਹਿਲੀ ਵਿਸ਼ੇਸ਼ ਫੋਰਸ ਪੰਜਾਬ ਵਿੱਚ ਰੋਜ਼ਾਨਾ ਸੜਕ ਹਾਦਸਿਆਂ ਵਿੱਚ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਏਗੀ ਅਤੇ ਇਸ ਫੋਰਸ ਨੂੰ ਗਲਤ ਡਰਾਈਵਿੰਗ ਨੂੰ ਰੋਕਣ, ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਦੀ ਜਾਂਚ ਦਾ ਕੰਮ ਸੌਂਪਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸ਼ੁਰੂਆਤੀ ਤੌਰ 'ਤੇ ਅਤਿ-ਆਧੁਨਿਕ ਯੰਤਰਾਂ ਨਾਲ ਲੈਸ ਲਗਪਗ 130 ਵਾਹਨ ਹਰ 30 ਕਿਲੋਮੀਟਰ ਦੇ ਘੇਰੇ ਬਾਅਦ ਸੜਕਾਂ ਉੱਤੇ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਾਹਨਾਂ ਵਿੱਚ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਐਮਰਜੈਂਸੀ ਇਲਾਜ ਮੁਹੱਈਆ ਕਰਵਾਉਣ ਲਈ ਪੂਰੀ ਮੈਡੀਕਲ ਕਿੱਟ ਵੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੂੰ ਸਮੇਂ ਸਿਰ ਲੋੜੀਂਦੀ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਲਈ ਫੋਰਸ ਨੂੰ ਟਰੌਮਾ ਸੈਂਟਰਾਂ ਨਾਲ ਜੋੜਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਜਨਮ ਤੋਂ ਹੀ ਉੱਦਮੀ ਅਤੇ ਲੀਡਰ ਦੇ ਗੁਣਾਂ ਨਾਲ ਭਰਪੂਰ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਨੇ ਦੁਨੀਆ ਭਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਮਿਹਨਤ ਅਤੇ ਸਮਰਪਣ ਬੇਮਿਸਾਲ ਹੈ, ਜਿਸ ਕਾਰਨ ਉਹ ਹਰ ਖੇਤਰ ਵਿੱਚ ਮੱਲਾਂ ਮਾਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਦੇ ਇਸ ਜਜ਼ਬੇ ਨੂੰ ਸੂਬੇ ਨੂੰ ਅੱਗੇ ਲੈ ਜਾਣ ਲਈ ਸਹੀ ਢੰਗ ਨਾਲ ਵਰਤਿਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਵੱਲੋਂ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਤੋਂ ਲੈ ਕੇ ਸਬ-ਇੰਸਪੈਕਟਰ ਤੱਕ ਦੀਆਂ ਵੱਖ-ਵੱਖ ਅਸਾਮੀਆਂ ਲਈ ਨਿਯਮਤ ਭਰਤੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਇਨਵੈਸਟੀਗੇਸ਼ਨ ਕਾਡਰ ਵਿੱਚ ਨਵੇਂ ਭਰਤੀ ਕੀਤੇ ਗਏ 200 ਸਿਵਲੀਅਨ ਸਪੋਰਟ ਸਟਾਫ਼ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਡਿਪਟੀ ਸਪੀਕਰ ਨੇ ਗੜ੍ਹਸ਼ੰਕਰ ਹਲਕੇ ਦੇ 10 ਪਿੰਡਾਂ ਨੂੰ ਵੰਡੇ 36.40 ਲੱਖ ਦੀ ਗ੍ਰਾਂਟ ਦੇ ਚੈੱਕ

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)– ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਤਹਿਤ ਜੰਗੀ ਪੱਧਰ 'ਤੇ

ਕੰਮ ਜਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਪਿੰਡ ਦੇ ਵਿਕਾਸ ਲਈ ਬਿਨਾਂ ਕਿਸੇ ਭੇਦਭਾਵ ਦੇ ਗ੍ਰਾਂਟਾਂ ਜਾਰੀ ਕਰਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਤਾਂ ਕਿ ਪਿੰਡਾਂ ਦੇ ਵਸਨੀਕਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਹਲਕੇ ਦੇ ਪਿੰਡਾਂ ਲਈ ਵੀ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ, ਜਿਸ ਨਾਲ ਹਲਕੇ ਦੀ ਨੁਹਾਰ ਬਦਲਣ ਜਾ ਰਹੀ ਹੈ। ਉਹ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟ ਦੇ ਚੈੱਕ ਸੌਂਪਣ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਹਲਕੇ ਦੇ 10 ਪਿੰਡਾਂ ਵਿਚ ਜਾ ਕੇ ਉਨ੍ਹਾਂ ਨੂੰ 36.40 ਲੱਖ ਰੁਪਏ ਦੀ ਗ੍ਰਾਂਟ ਦੇ ਚੈੱਕ ਸੌਂਪੇ, ਜਿਨ੍ਹਾਂ ਵਿਚ ਪਿੰਡ ਬਗਵਾਈਂ ਨੂੰ 2 ਲੱਖ ਰੁਪਏ, ਪਨਾਮ ਨੂੰ 6 ਲੱਖ ਰੁਪਏ, ਨੰਗਲਾਂ ਨੂੰ 8 ਲੱਖ 40 ਹਜ਼ਾਰ, ਚੱਕ ਫੁੱਲੂ ਨੂੰ 2 ਲੱਖ ਰੁਪਏ, ਕੁੱਕੜ ਮਜਾਰਾ ਨੂੰ 2 ਲੱਖ 50 ਹਜ਼ਾਰ ਰੁਪਏ, ਚੱਕ ਹਾਜੀਪੁਰ ਨੂੰ 2 ਲੱਖ ਰੁਪਏ, ਸ਼ਾਹਪੁਰ ਨੂੰ 2 ਲੱਖ ਰੁਪਏ, ਚੱਕ ਰੌਤਾਂ ਨੂੰ 2 ਲੱਖ 50 ਹਜ਼ਾਰ ਰੁਪਏ, ਪਿੰਡ ਮਹਿਤਾਬਪੁਰ ਨੂੰ 4 ਲੱਖ ਰੁਪਏ ਅਤੇ ਪਿੰਡ ਕੁੱਲੇਵਾਲ ਨੂੰ 5 ਲੱਖ ਰੁਪਏ ਦੇ ਚੈੱਕ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰੇਕ ਵਰਗ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਜਿਹੜੇ ਲੋਕ ਪਿਛਲੀਆਂ ਸਰਕਾਰਾਂ ਦੇ ਸਮੇਂ ਅੰਦਰ ਬੁਨਿਆਦੀ ਸਹੂਲਤਾਂ ਨੂੰ ਤਰਸਦੇ ਰਹੇ ਹਨ, ਉਨ੍ਹਾਂ ਦੀ ਹਰੇਕ ਲੋੜ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕੀਤਾ ਜਾ ਰਿਹਾ ਹੈ। ਇਸ ਦੌਰਾਨ ਡਿਪਟੀ ਸਪੀਕਰ ਨੇ ਸਬੰਧਤ ਪਿੰਡਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਇਨ੍ਹਾਂ ਨੂੰ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਬੀ.ਡੀ.ਪੀ.ਓ ਮਨਜਿੰਦਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

NSB Insurance

for Insurance Call:
NIRMAL SINGH BADHAN
707-228-2020

Lic #0144676

NIRMAL SINGH BADHAN

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

ਸਿਹਤ ਵਿਭਾਗ ਵਲੋਂ "ਧੀਆਂ ਦੀ ਲੋਹੜੀ" ਦਾ ਸਮਾਗਮ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)– ਲੜਕੇ ਲੜਕੀਆਂ ਦੇ ਲਿੰਗ ਅਨੁਪਾਤ ਨੂੰ ਬਰਾਬਰ ਕਰਨ ਅਤੇ ਇੱਕ

ਸਮਾਨਤਾ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਸਿਵਲ ਸਰਜਨ ਹੁਸ਼ਿਆਰਪੁਰ ਡਾ ਬਲਵਿੰਦਰ ਕੁਮਾਰ ਡਮਾਣਾ ਜੀ ਦੇ ਨਿਰਦੇਸ਼ਾਂ ਅਨੁਸਾਰ ਪੀਸੀਪੀਐਨਡੀਟੀ ਤਹਿਤ ਅੱਜ ਦਫਤਰ ਸਿਵਲ ਸਰਜਨ ਵਿਖੇ ਮਾਸ ਮੀਡੀਆ ਵਿੰਗ ਵੱਲੋਂ 'ਧੀਆਂ ਦੀ ਲੋਹੜੀ ਸਮਾਗਮ' ਕਰਵਾਇਆ ਗਿਆ। ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ। ਅਨੀਤਾ ਕਟਾਰੀਆ ਅਤੇ ਜਿਲ੍ਹਾ ਟੀਕਾਕਰਨ ਅਫਸਰ ਡਾ ਸੀਮਾ ਗਰਗ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ 13 ਨਵਜੰਮੀਆਂ ਬੱਚੀਆਂ ਦੀ ਲੋਹੜੀ ਪਾਈ ਗਈ ਅਤੇ ਬੱਚੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਏਐਨਐਮ ਟ੍ਰੇਨਿੰਗ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਸਿਹਤ ਸਕੀਮਾਂ ਪ੍ਰਤੀ ਜਾਗਰੂਕ ਕਰਦਾ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਸਭ ਨੂੰ ਲੋਹੜੀ ਵੀ ਵੰਡੀ ਗਈ। ਲੋਹੜੀ ਦੇ ਸਮਾਰੋਹ ਵਿੱਚ ਸੰਬੋਧਨ ਕਰਦਿਆਂ ਡਾ. ਬਲਵਿੰਦਰ ਕੁਮਾਰ ਡਮਾਣਾ ਨੇ ਲੋਹੜੀ ਦੀ ਮਹੱਤਤਾ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਧੀਆਂ ਦੀ ਲੋਹੜੀ ਪਾਉਣ ਦੇ ਇਸ ਉਪਰਾਲੇ ਨਾਲ ਜਿੱਥੇ ਭਰੂਣ ਹੱਤਿਆ ਨੂੰ ਠੱਲ ਪਾਉਣ ਵਿੱਚ ਮਦਦ ਮਿਲੇਗੀ ਉੱਥੇ ਲੋਕਾਂ ਦੇ ਮਨਾ ਵਿੱਚ ਵੀ ਲੜਕੀਆਂ ਪ੍ਰਤੀ ਇੱਕ ਸੱਚੀ ਸੁਚੀ ਸੋਚ ਨੂੰ ਬਲ ਮਿਲੇਗਾ ਕਿਉਂਕਿ ਲੜਕੀਆਂ ਹੀ ਸਾਡੇ ਸਮਾਜ ਦਾ ਆਧਾਰ ਹਨ।ਡਾ।ਅਨੀਤਾ ਕਟਾਰੀਆ ਨੇ ਕਿਹਾ ਕਿ ਸਿਹਤ ਵਿਭਾਗ ਵਲੋਂ ਮਾਦਾ ਭਰੂਣ ਹੱਤਿਆ ਰੋਕਣ ਲਈ ਪੀ।ਸੀ। ਪੀ।ਐਨ।ਡੀ।ਟੀ। ਐਕਟ ਅਧੀਨ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਵਿੱਚ ਹੋਰ ਸੁਧਾਰ ਕਰਨ ਲਈ ਸਾਨੂੰ ਆਪਣੀ ਸੋਚ ਵਿੱਚ ਬਦਲਾਅ ਲਿਆਉਣ ਦੀ ਜਰੂਰਤ ਹੈ ਤਾਂ ਕਿ ਕੁੜੀਆਂ ਨੂੰ ਅਸੀਂ ਵਧੀਆ ਸੋਚ ਦੇ ਨਾਲ ਮਜਬੂਤ ਬਣਾਈਏ। ਸਮਾਗਮ ਦੌਰਾਨ ਜਿਲ੍ਹਾ ਟੀਕਾਕਰਨ ਅਫਸਰ ਡਾ। ਸੀਮਾ ਗਰਗ ਨੇ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਅਸੀਂ ਆਪਣੇ ਲੜਕਿਆਂ ਦੀ ਲੋਹੜੀ ਪੂਰੀ ਧੂਮ ਧਾਮ ਨਾਲ ਮਨਾਉਂਦੇ ਹਾਂ ਇਸ ਸੋਚ ਨਾਲ ਕਿ ਉਹ ਉਹਨਾਂ ਦਾ ਸਹਾਰਾ ਬਣੇਗਾ, ਜੇਕਰ ਇਹੀ ਸੋਚ ਅਸੀਂ ਆਪਣੀਆਂ ਲੜਕੀਆਂ ਲਈ ਅਪਣਾਈਏ, ਉਹਨਾਂ ਨੂੰ ਪੜਾਈਏ ਅਤੇ ਲੜਕਿਆਂ ਬਰਾਬਰ ਪਾਲਣ ਪੋਸ਼ਣ ਕਰੀਏ ਤਾਂ ਲੜਕੀਆਂ ਵੀ ਸਮਾਜ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਕੇ ਇਸ ਸਮਾਜ ਨੂੰ ਖੁਸ਼ਹਾਲ ਅਤੇ ਬੁਢਾਪੇ ਵਿੱਚ ਆਪਣੇ ਮਾਂ ਬਾਪ ਦਾ ਸਹਾਰਾ ਬਣ ਸਕਦੀਆਂ ਹਨ। ਧੀਆਂ ਦੀ ਲੋਹੜੀ ਸਮਾਗਮ ਵਿੱਚ ਜਿਲ੍ਹਾ ਡੈਂਟਲ ਹੈਲਥ ਅਫਸਰ ਡਾ। ਸ਼ੈਲਾ ਮਹਿਤਾ, ਡਿਪਟੀ ਮਾਸ ਮੀਡੀਆ ਅਫਸਰ ਤ੍ਰਿਪਤਾ ਦੇਵੀ, ਡਿਪਟੀ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਏ।ਐਨ।ਐਮ ਟ੍ਰੇਨਿੰਗ ਸਕੂਲ ਦੇ ਪ੍ਰਿੰਸੀਪਲ ਤ੍ਰਿਸ਼ਲਾ ਦੇਵੀ ਤੇ ਸਮੂਹ ਟਿਊਟਰ ਅਤੇ ਜਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਅਮਨਦੀਪ ਸਿੰਘ ਦਾ ਪੂਰਣ ਸਹਿਯੋਗ ਰਿਹਾ। ਇਸ ਦੌਰਾਨ ਦਫਤਰ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

ਹੁਸ਼ਿਆਰਪੁਰ ਸ਼ਹਿਰ ਦੀ ਨੁਹਾਰ ਬਦਲਣ 'ਚ ਨਹੀਂ ਛੱਡੀ ਜਾਵੇਗੀ ਕੋਈ ਕਸਰ - ਬ੍ਰਹਮ ਸ਼ੰਕਰ ਜਿੰਪਾ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਨੂੰ ਸੰਵਾਰਨ ਅਤੇ ਇਸ ਦੀ ਨੁਹਾਰ ਬਦਲਣ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਾਰੇ ਕੌਂਸਲਰਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਸ਼ਹਿਰ ਨੂੰ ਖ਼ੂਬਸੂਰਤ ਬਣਾਇਆ ਜਾਵੇਗਾ। ਉਹ ਅੱਜ ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਦੀ ਬੈਠਕ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਸਾਲ ਦੀ ਪਹਿਲੀ ਹਾਊਸ ਦੀ ਬੈਠਕ ਵਿਚ ਉਨ੍ਹਾਂ ਹਾਊਸ ਦੇ ਸਾਰੇ ਮੈਂਬਰਾਂ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਮਿਲ ਕੇ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਦਾ ਸੱਦਾ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਦੇ ਦੌਰਾਨ ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮ ਦੀ ਹਾਊਸ ਦੀ ਬੈਠਕ ਵਿਚ ਲੋਕ ਹਿੱਤ ਵਿਚ ਵੱਖ-ਵੱਖ ਮਤੇ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਜਿਨ੍ਹਾਂ ਇਲਾਕਿਆਂ ਵਿਚ ਜਲ ਸਪਲਾਈ ਜਾਂ ਸੀਵਰੇਜ ਦੀ ਸੁਵਿਧਾ ਨਹੀਂ ਹੈ, ਉਥੇ ਵੀ ਇਸ ਸਬੰਧੀ ਜਲਦ ਕੰਮ ਕੀਤਾ ਜਾਵੇਗਾ। ਜਿਨ੍ਹਾਂ ਮੁਹੱਲਿਆਂ ਵਿਚ ਪੀਣ ਵਾਲੇ ਪਾਣੀ ਦੀ ਦਿੱਕਤ ਹੈ ਉਥੇ ਟਿਊਬਵੈਲ ਲਗਵਾਏ ਜਾਣਗੇ। ਇਸ ਤੋਂ ਇਲਾਵਾ ਅਸੁਰੱਖਿਅਤ ਇਮਾਰਤਾਂ ਅਤੇ ਨਗਰ ਨਿਗਮ ਦੀਆਂ ਥਾਵਾਂ 'ਤੇ ਹੋਏ ਕਬਜ਼ਿਆਂ ਨੂੰ ਲੈ ਕੇ ਵਿਸ਼ੇਸ਼ ਰਣਨੀਤੀ ਬਣਾਈ ਗਈ ਹੈ। ਹਾਊਸ ਦੀ ਇਸ ਬੈਠਕ ਵਿਚ ਕਮਿਸ਼ਨਰ ਨਗਰ ਨਿਗਮ ਜਯੋਤੀ ਬਾਲਾ ਮੱਟੂ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵੱਖ-ਵੱਖ ਵਾਰਡਾਂ ਦੇ ਕੌਂਸਲਰ ਅਤੇ ਨਗਰ ਨਿਗਮ ਦੇ ਅਧਿਕਾਰੀ

ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਨਗਰ ਨਿਗਮ ਦੀਆਂ ਖਾਲੀ ਥਾਵਾਂ ਨੂੰ ਗਰੀਨ ਬੈਲਟ ਦੇ ਤੌਰ 'ਤੇ ਵਿਕਸਿਤ ਕੀਤਾ ਜਾਵੇਗਾ ਅਤੇ ਫੂਡ ਸਟਰੀਟ ਦੀ ਤਰਜ਼ 'ਤੇ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਨੂੰ ਸੰਵਾਰਿਆ ਜਾਵੇਗਾ। ਉਨ੍ਹਾਂ ਸ਼ਹਿਰ ਵਾਸੀਆਂ ਅਤੇ ਨਗਰ ਨਿਗਮ ਦੀ ਪੂਰੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਸਵੱਛਤਾ ਰੈਂਕ ਵਿਚ ਹੁਸ਼ਿਆਰਪੁਰ ਨਗਰ ਨਿਗਮ ਨੇ ਵੱਡੀ ਛਲਾਂਗ ਲਗਾਉਂਦੇ ਹੋਏ ਪਹਿਲਾਂ ਦੇ ਮੁਕਾਬਲੇ ਵਧੀਆ ਪਕੜ ਬਣਾਈ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਵਿਚ ਉਹ ਨਗਰ ਨਿਗਮ ਨੂੰ ਸਹਿਯੋਗ ਦੇਣ ਤਾਂ ਜੋ ਹੁਸ਼ਿਆਰਪੁਰ ਨੂੰ ਪੰਜਾਬ ਦਾ ਸਭ ਤੋਂ ਸੋਹਣਾ ਸ਼ਹਿਰ ਬਣਾਇਆ ਜਾ ਸਕੇ।

ਨਗਰ ਨਿਗਮ ਮੇਅਰ ਸੁਰਿੰਦਰ ਕੁਮਾਰ ਨੇ ਹਾਊਸ ਦੀ ਬੈਠਕ ਸਬੰਧੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਨਗਰ ਨਿਗਮ ਹੁਸ਼ਿਆਰਪੁਰ ਸ਼ਹਿਰ ਵਾਸੀਆਂ ਨੂੰ 100 ਫੀਸਦੀ ਬੁਨਿਆਦੀ ਸੁਵਿਧਾਵਾਂ ਦੇਣ ਦੇ ਲਈ ਵਚਨਬੱਧ ਹੈ। ਸ਼ਹਿਰ ਦੇ ਅੰਦਰ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਪੂਰੀਆਂ ਸੁਵਿਧਾਵਾਂ ਦੇਣ ਦੇ ਲਈ ਸਮੇਂ-ਸਮੇਂ 'ਤੇ ਨਿਗਮ ਵਲੋਂ ਹਾਊਸ ਦੀ ਬੈਠਕ ਦੇ ਦੌਰਾਨ ਮਤੇ ਪਾਸ ਕਰਕੇ ਸਰਕਾਰ ਨੂੰ ਭੇਜੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਅੱਜ ਹਾਊਸ ਦੀ ਬੈਠਕ ਵਿਚ ਵੱਖ-ਵੱਖ ਵਾਰਡਾਂ ਵਿਚ ਸੜਕਾਂ ਦਾ ਵਿਕਾਸ ਕਰਨ ਦੇ ਲਈ 512।23 ਲੱਖ ਰੁਪਏ ਦੇ ਕੰਮ ਦੇ ਮਤੇ ਹਾਊਸ ਵਲੋਂ ਪਾਸ ਕੀਤੇ ਗਏ ਹਨ। ਇਸ ਤੋਂ ਇਲਾਵਾ ਸ਼ਹਿਰ ਵਾਸੀਆਂ ਨੂੰ ਸਟਰੀਟ ਲਾਈਟ ਦੀ ਸੁਵਿਧਾ ਦੇਣ ਦੇ ਲਈ 229 ਲੱਖ ਰੁਪਏ ਪਾਸ ਕੀਤੇ ਗਏ, ਜਿਸ ਦੇ ਨਾਲ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ।

ਮੁਹੱਲਾ ਸੰਤੋਖ ਨਗਰ, ਮੁਹੱਲਾ ਕੀਰਤੀ ਨਗਰ, ਮੁਹੱਲਾ ਬੀਰਬਲ ਨਗਰ, ਮੁਹੱਲਾ ਵਾਲਮੀਕਿ, ਮੁਹੱਲਾ ਪੱਖੋਆਣਾ ਨਿਆੜਾ ਰੋਡ ਵਿਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਸੁਵਿਧਾ ਦੇਣ ਲਈ 40 ਲੱਖ ਰੁਪਏ ਮਨਜ਼ੂਰ ਕੀਤੇ ਗਏ, ਜਿਸ ਦੇ ਰਾਹੀਂ ਇਨ੍ਹਾਂ ਮੁਹੱਲਿਆਂ ਵਿਚ ਜਲ ਸਪਲਾਈ ਅਤੇ ਸੀਵਰੇਜ ਦੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਤੰਦਰੁਸਤ ਰੱਖਣ ਲਈ ਬਿਰਧ ਆਸ਼ਰਮ ਰਾਮ ਕਲੋਨੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪਾਰਕ ਦੇ ਰੱਖ-ਰਖਾਅ ਦਾ ਕੰਮ ਸਬੰਧਤ ਮੁਹੱਲੇ ਦੀਆਂ ਐਸੋਸੀਏਸ਼ਨਾਂ ਨੂੰ ਦਿੱਤਾ ਗਿਆ ਹੈ, ਤਾਂ ਜੋ ਸ਼ਹਿਰ ਵਾਸੀ ਇਨ੍ਹਾਂ ਪਾਰਕਾਂ ਵਿਚ ਸੈਰ ਕਰ ਸਕਣ ਅਤੇ ਤੰਦਰੁਸਤ ਵਾਤਾਵਰਣ ਦਾ ਆਨੰਦ ਲੈ ਸਕਣ। ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਕਿਸੇ ਵੀ ਪੱਖ ਤੋਂ ਵਾਰਡਾਂ ਦੇ ਵਿਕਾਸ ਵਿਚ ਕਮੀ ਨਹੀਂ ਛੱਡੀ ਜਾਵੇਗੀ। ਨਗਰ ਹਮੇਸ਼ਾ ਹੀ ਸ਼ਹਿਰ ਵਾਸੀਆਂ ਨੂੰ ਸਮੇਂ-ਸਮੇਂ 'ਤੇ ਬੁਨਿਆਦੀ ਸੁਵਿਧਾਵਾਂ ਦਿੰਦਾ ਰਹੇਗਾ ਅਤੇ ਭਵਿੱਖ ਵਿਚ ਵੀ ਸ਼ਹਿਰ ਦਾ ਵਿਕਾਸ ਕਰਨ ਦੇ ਲਈ ਸਰਕਾਰ ਤੋਂ ਗ੍ਰਾਂਟ ਪ੍ਰਾਪਤ ਕਰਦਾ ਰਹੇਗਾ।

ਖ਼ਾਲਸਾ ਕਾਲਜ ਗੜ੍ਹਸ਼ੰਕਰ 'ਚ ਨੈਸ਼ਨਲ ਨੌਜਵਾਨ ਦਿਵਸ ਮਨਾਇਆ

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)- ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਐਜ਼ੂਕੇਸ਼ਨ ਵਿਭਾਗ ਨੇ ਸੈਸਰੈਕ, ਐਨ.ਐਸ.ਐਸ. ਅਤੇ ਆਈ.ਆਈ.ਸੀ. ਦੇ ਸਹਿਯੋਗ ਨਾਲ ਨੈਸ਼ਨਲ ਕਮਿਊਨਿਟੀ ਇੰਗੇਜ਼ਮੈਂਟ ਅਕੈਡਮਿਕ ਨੈਟਵਰਕ ਦੇ ਦਿਸ਼ਾ ਨਿਰਦੇਸ ਤਹਿਤ 'ਨੈਸ਼ਨਲ ਨੌਜਵਾਨ ਦਿਵਸ' ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਲੇਖ ਰਚਨਾ ਮੁਕਾਬਲੇ ਵਿਚ ਬੀ.ਐਸ.ਸੀ. ਬੀ.ਐਂਡ. ਦੀ ਵਿਦਿਆਰਥਣ ਦੀਕਸ਼ਾ ਨੇ ਪਹਿਲਾ ਸਥਾਨ, ਬੀ।ਏ। ਬੀ.ਐਂਡ. ਦੀ ਵਿਦਿਆਰਥਣਾਂ ਸੁਮਿਤੀ ਨੇ ਦੂਜਾ ਅਤੇ ਪਾਇਲ ਨੇ ਤੀਜਾ ਸਥਾਨ ਹਾਸਿਲ ਕੀਤਾ। ਬੀ.ਐਸ.ਸੀ. ਬੀ.ਐਂਡ. ਦੀ ਵਿਦਿਆਰਥਣ ਸਿਮਰਨ ਕੌਰ ਨੇ ਚੰਗੀ ਕਾਰਗੁਜ਼ਾਰੀ ਲਈ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਨੌਜਵਾਨਾਂ ਦੀ ਸਮਾਜ ਨਾਲ

ਸਾਂਝ ਅਤੇ ਬਜ਼ੁਰਗਾਂ ਪ੍ਰਤੀ ਆਦਰ ਭਾਵ ਵਧਾਉਣ ਲਈ ਵਿਦਿਆਰਥੀਆਂ ਨੂੰ ਆਪਣੇ ਘਰ ਅਤੇ ਆਲੇ-ਦੁਆਲੇ ਦੇ ਬਜ਼ੁਰਗਾਂ ਨਾਲ ਮਿਲ ਕੇ ਉਨ੍ਹਾਂ ਦੇ ਅਨੁਭਵਾਂ ਨੂੰ ਜਾਨਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਹ ਉਨ੍ਹਾਂ ਦੇ ਤਜ਼ੁਰਬਿਆਂ ਤੋਂ ਸੇਧ ਲੈ ਸੈਕਣ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝ ਸਕਣ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਅਵੱਲ ਰਹੀਆਂ ਵਿਦਿਆਰਥਣਾਂ ਨੂੰ ਇਨਾਮ ਤਕਸੀਮ ਕਰਦੇ ਹੋਏ ਭਵਿੱਖ ਵਿਚ ਅਜਿਹੇ ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸੈਸਰੈਕ ਦੇ ਕੋਆਰਡੀਨੇਟਰ ਡਾ।ਮਨਬੀਰ ਕੌਰ, ਐਜ਼ੂਕੇਸ਼ਨ ਵਿਭਾਗ ਦੇ ਮੁੱਖੀ ਡਾ. ਸੰਘਾ ਗੁਰਬਖਸ਼ ਕੌਰ ਅਤੇ ਪ੍ਰੋਗਰਾਮ ਕੋਆਰਡੀਨੇਟਰ ਪ੍ਰੋ. ਨਰੇਸ਼ ਕੁਮਾਰੀ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਤੇ ਵਿਦਿਆਰਥੀਆਂ ਨੂੰ ਬਜ਼ੁਰਗਾਂ ਦਾ ਸਨਮਾਨ ਕਰਨ ਲਈ ਸੇਧ ਦਿੱਤੀ। ਇਸ ਮੌਕੇ ਡਾ. ਜਾਨਕੀ ਅਗਰਵਾਲ, ਪ੍ਰੋ. ਕਿਰਨਜੋਤ ਕੌਰ ਅਤੇ ਪ੍ਰੋ।ਮਨੀਸ਼ਾ ਤੇ ਵਿਦਿਆਰਥੀ ਹਾਜ਼ਰ ਹੋਏ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਧੀਆਂ ਦੀ ਲੋਹੜੀ ਮੌਕੇ ਸਿਹਤ ਵਿਭਾਗ ਵਲੋਂ ਧੀਆਂ-ਪੁੱਤਰਾਂ ਨੂੰ ਬਰਾਬਰ ਸਮਝਣ ਦਾ ਸੁਨੇਹਾ

ਸੰਗਰੂਰ, (ਦਲਜੀਤ ਕੌਰ)- ਧੀਆਂ-ਪੁੱਤਰਾਂ ਨੂੰ ਬਰਾਬਰ ਸਮਝਣ ਦਾ ਸੁਨੇਹਾ ਦਿੰਦਿਆਂ ਸਿਹਤ ਵਿਭਾਗ ਵੱਲੋਂ ਅੱਜ ਇੱਥੇ ਸਰਕਾਰੀ ਨਰਸਿੰਗ ਟ੍ਰੇਨਿੰਗ ਸਕੂਲ ਵਿਖੇ ਸਿਵਲ ਸਰਜਨ ਡਾ: ਕਿਰਪਾਲ ਸਿੰਘ

ਦੀ ਅਗਵਾਈ ਵਿੱਚ'ਧੀਆਂ ਦੀ ਲੋਹੜੀ' ਮਨਾਈ ਗਈ। ਇਸ ਮੌਕੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਵੱਲੋਂ ਸਿਵਲ ਹਸਪਤਾਲ ਵਿਖੇ ਨਵਜਾਤ ਬੱਚੀਆਂ ਤੇ ਮਾਵਾਂ ਦਾ ਹਾਲ ਚਾਲ ਪੁੱਛਿਆ ਤੇ ਧੀਆਂ ਦੀ ਲੋਹੜੀ ਮਨਾਉਂਦਿਆਂ ਉਨ੍ਹਾਂ ਨੂੰ ਤੋਹਫ਼ੇ ਵੰਡੇ ਗਏ। ਸਕੂਲ ਵਿੱਚ ਕਰਵਾਏ ਸਮਾਗਮ ਦੌਰਾਨ ਡਾ: ਹਰਪ੍ਰੀਤ ਕੌਰ ਖਾਲਸਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਧੀਆਂ ਦੀ ਲੋਹੜੀ ਮਨਾਉਣ ਦਾ ਮਕਸਦ ਸਮਾਜ ਅੰਦਰ ਧੀਆਂ ਪ੍ਰਤੀ ਲੋਕਾਂ ਦੀ ਸੋਚ ਨੂੰ ਉਚਾ ਚੁੱਕਣਾ ਅਤੇ ਧੀਆਂ ਨੂੰ ਵੀ ਪੁੱਤਰਾਂ ਦੀ ਤਰ੍ਹਾਂ ਬਰਾਬਰੀ ਤੇ ਸਾਰੀਆਂ ਸਹੂਲਤਾਂ ਪ੍ਰਦਾਨ ਕਰਨ ਦਾ ਸੁਨੇਹਾ ਦੇਣਾ ਹੈ। ਉਨ੍ਹਾਂ ਕਿਹਾ ਕਿ ਅੱਜ ਕੁੜੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਘੱਟ ਨਹੀਂ ਹਨ ਤੇ ਉਹ ਹਰ ਕੰਮ ਬਿਹਤਰ ਢੰਗ ਨਾਲ ਕਰ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਲੜਕੀਆਂ ਹਰ ਖੇਤਰ ਵਿਚ ਮੋਹਰੀ ਹੋ ਕੇ ਸਮਾਜ ਉਸਾਰੂ ਭੂਮਿਕਾ ਅਦਾ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਗਰਭ 'ਚ ਪਲ ਰਹੇ ਬੱਚੇ ਦਾ ਲਿੰਗ ਪਤਾ ਕਰਨ ਤੇ ਭਰੂਣ ਹੱਤਿਆ ਕਰਨਾ ਪੀ.ਸੀ.ਪੀ. ਐਨ.ਡੀ.ਟੀ. ਐਕਟ ਤਹਿਤ ਸਜ਼ਾਯੋਗ ਅਪਰਾਧ ਹੈ। ਇਸ ਮੌਕੇ ਵਿਦਿਆਰਥਣਾਂ ਨੇ ਲੋਕ ਗੀਤ ਤੇ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਇੰਦਰਜੀਤ ਸਿੰਗਲਾ, ਡੀ। ਐਮ।ਸੀ। ਡਾ। ਵਿਕਾਸ ਧੀਰ, ਡਾ:ਹਰਪ੍ਰੀਤ ਕੌਰ ਖਾਲਸਾ, ਡਾ ਰਮਨਵੀਰ ਕੌਰ ਬੋਪਾਰਾਏ, ਡਾ: ਹਰਪ੍ਰੀਤ ਕੌਰ ਰੇਖੀ, ਡਾ: ਪ੍ਰਿੰਸੀ ਮਿੱਤਲ, ਜਿਲ੍ਹਾ ਮਾਸ ਮੀਡੀਆ ਅਫਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸਰੋਜ ਰਾਣੀ, ਪੀਐਨਡੀਟੀ ਕੋ ਆਰਡੀਨੇਟਰ ਹਰਪ੍ਰੀਤ ਸਿੰਘ, ਵਿਪਨ ਕੁਮਾਰ, ਨਰਸਿੰਗ ਸਕੂਲ ਦੇ ਵਾਈਸ ਪ੍ਰਿੰਸੀਪਲ ਸੁਰਿੰਦਰ ਕੌਰ, ਸ਼੍ਰੀਮਤੀ ਐਡਨਾ, ਸ੍ਰੀ ਦੁਰਗਾ ਪ੍ਰਸਾਦ, ਸਮੂਹ ਸਟਾਫ ਅਤੇ ਨਰਸਿੰਗ ਸਿੱਖਿਆਰਥਣਾਂ ਵੀ ਹਾਜ਼ਰ ਸਨ।

ਧੀਆਂ ਦੀ ਲੋਹੜੀ ਮਨਾਉਣ ਦੀ ਮੁਹਿੰਮ ਨਾਲ ਹੁਣ ਬਦਲ ਰਹੀ ਸਮਾਜ ਦੀ ਸੋਚ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)- ਲੋਹੜੀ ਦਾ ਤਿਉਹਾਰ ਪੰਜਾਬੀ ਸੱਭਿਆਚਾਰ 'ਚ ਅਹਿਮ ਸਥਾਨ ਰੱਖਦਾ ਹੈ। ਲੇਕਿਨ ਪਿਛਲੀ ਸਦੀ ਤੱਕ ਪੁੱਤਰ ਦੇ ਵਿਆਹ ਜਾਂ ਘਰ ਵਿਚ ਲੜਕੇ ਦੇ ਜਨਮ ਸਮੇਂ ਹੀ ਪਰਿਵਾਰਾਂ ਵਲੋਂ ਪੂਰੇ ਉਤਸ਼ਾਹ ਨਾਲ ਲੋਹੜੀ ਮਨਾਈ ਜਾਂਦੀ ਸੀ। ਜਦਕਿ ਧੀਆਂ ਦੇ ਜਨਮ ਨੂੰ ਉੱਨੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ। ਪਰ ਮੌਜੂਦਾ ਸਦੀ ਦੇ ਆਰੰਭ ਤੋਂ ਸਮਾਜ ਸੇਵੀ ਜੱਥੇਬੰਦੀਆਂ ਵਲੋਂ ਇਸ ਸਮਾਜਿਕ ਕੁਰੀਤੀ ਦੇ ਖਿਲਾਫ ਆਵਾਜ਼ ਬੁਲੰਦ ਕਰਦਿਆਂ 'ਧੀਆਂ ਦੀ ਲੋਹੜੀ' ਪਾਉਣ ਦੀ ਜੋ ਨਵੇਕਲੀ ਪਰੰਪਰਾ ਆਰੰਭੀ ਗਈ ਸੀ, ਹੁਣ ਉਹ ਅਸਰ ਦਿਖਾਉਂਦੀ ਨਜ਼ਰ ਆਉਣ ਲੱਗ ਪਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਂਈ ਕਰਨੈਲ ਸ਼ਾਹ ਗੱਦੀ ਨਸ਼ੀਨ ਦਰਬਾਰ ਨੂਰ ਏ ਖੁਦਾ ਬਾਬਾ ਮੰਗੂ ਸ਼ਾਹ ਪਿੰਡ ਸਾਹਨੀ, ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਲੱਖਪੁਰ, ਕਿਸਾਨ ਆਗੂ ਹਰਵਿੰਦਰ ਸਿੰਘ ਖੁਣਖੁਣ ਮਾਨਾਂਵਾਲੀ, ਮਲਕੀਤ ਚੰਦ ਪੰਚਾਇਤ ਸਕੱਤਰ ਫਗਵਾੜਾ, ਓਮ ਪ੍ਰਕਾਸ਼ ਸਰਪੰਚ ਵਜੀਦੋਵਾਲ ਅਤੇ ਕੁਲਵਿੰਦਰ ਸਿੰਘ ਕਾਲਾ ਸਰਪੰਚ ਅਠੌਲੀ ਨੇ ਕਿਹਾ ਕਿ ਸਮੇਂ ਦੇ ਨਾਲ ਹੁਣ ਸਮਾਜ ਦੀ ਸੋਚ ਬਦਲ ਰਹੀ ਹੈ ਜਿਸ ਵਿਚ ਧੀਆਂ ਦੀ ਲੋਹੜੀ ਪਾਉਣ ਦੀ ਪਰੰਪਰਾ ਦੀ ਵੱਡੀ ਭੂਮਿਕਾ ਹੈ। ਉਹਨਾਂ ਜਿੱਥੇ ਧੀਆਂ ਤੇ ਪੁੱਤਰਾਂ ਦੀ ਲੋਹੜੀ ਪੂਰੇ ਉਤਸ਼ਾਹ ਨਾਲ ਮਨਾਉਣ ਦੀ ਗੱਲ ਕਹੀ ਉੱਥੇ ਹੀ ਸਮੂਚੇ ਸਮਾਜ ਨੂੰ ਅਪੀਲ ਕੀਤੀ ਕਿ ਅਮੀਰ ਪੰਜਾਬੀ ਵਿਰਸੇ ਨਾਲ ਜੁੜੇ ਇਸ ਤਿਓਹਾਰ ਦੇ ਇਤਿਹਾਸ ਨਾਲ ਅਜੋਕੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣ ਦਾ ਉਪਰਾਲਾ ਵੀ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਅੱਜ ਦੇ ਨੌਜਵਾਨ ਲੋਹੜੀ ਦੇ ਮਹੱਤਵ ਨੂੰ ਸਿਰਫ ਮੌਜ ਮਸਤੀ ਜਾਂ ਰਾਤ ਨੂੰ ਧੂਣੀ ਬਾਲ ਕੇ ਮੂੰਗਫਲੀ ਰਿਉੜੀਆਂ ਖਾਣ ਤੱਕ ਸੀਮਿਤ ਸਮਝਦੇ ਹਨ। ਆਗੂਆਂ ਨੇ ਦੱਸਿਆ ਕਿ ਇਸ ਤਿਉਹਾਰ ਦੀ ਪਰੰਪਰਾ ਬਹੁਤ ਪੁਰਾਣੀ

ਹੈ ਤੇ ਇਸ ਤਿਉਹਾਰ ਨਾਲ ਕਈ ਕਥਾਵਾਂ ਜੁੜੀਆਂ ਹੋਈਆਂ ਹਨ ਪਰ ਸਭ ਤੋਂ ਪ੍ਰਚਲਿਤ ਲੋਕ-ਕਥਾ ਅਨੁਸਾਰ ਇਸ ਦਿਨ ਡਾਕੂ ਦੁੱਲੇ ਭੱਟੀ ਨੇ ਇੱਕ ਗਰੀਬ ਦੀਆਂ ਸੁੰਦਰੀ ਤੇ ਮੰਦਰੀ ਨਾਮ ਦੀਆਂ ਦੋ ਧੀਆਂ ਦਾ ਵਿਆਹ ਆਪਣੇ ਹੱਥੀ ਕਰਵਾ ਕੇ ਉਹਨਾਂ ਨੂੰ ਦੁਸ਼ਟ ਹਾਕਮ ਦੇ ਚੰਗੁਲ ਤੋਂ ਬਚਾਇਆ ਸੀ। ਉਹਨਾਂ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਦੁੱਲਾ ਭੱਟੀ ਦੀ ਇਸ ਕਹਾਣੀ ਤੋਂ ਸੇਧ ਲੈਂਦਿਆਂ ਆਪਣੀ ਸਮਰੱਥਾ ਅਨੁਸਾਰ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਦੇ ਉਪਰਾਲੇ ਜਰੂਰ ਕਰਨ। ਇਸ ਦੌਰਾਨ ਉਹਨਾਂ ਸਾਰਿਆਂ ਨੂੰ ਲੋਹੜੀ ਦੀਆਂ ਸ਼ੁੱਭ ਇੱਛਾਵਾਂ ਵੀ ਦਿੱਤੀਆਂ।

ਮਥੁਰਾ 'ਚ ਸ਼ਾਹੀ ਈਦਗਾਹ ਦੇ ਸਰਵੇਖਣ 'ਤੇ ਲਗਾਈ ਰੋਕ

ਨਵੀਂ ਦਿੱਲੀ– ਸੁਪਰੀਮ ਕੋਰਟ ਨੇ ਮਥੁਰਾ ਵਿਚ ਕ੍ਰਿਸ਼ਨ ਜਨਮਭੂਮੀ ਨਾਲ ਲੱਗਦੀ ਸ਼ਾਹੀ ਈਦਗਾਹ ਮਸਜਿਦ ਦੇ ਅਦਾਲਤ ਦੀ ਨਿਗਰਾਨੀ ਵਿਚ ਸਰਵੇਖਣ ਦੀ ਇਜਾਜ਼ਤ ਦੇਣ ਵਾਲੇ ਅਲਾਹਾਬਾਦ ਹਾਈ ਕੋਰਟ ਦੇ ਹੁਕਮ ਉਤੇ ਰੋਕ ਲਾ ਦਿੱਤੀ। ਜਸਟਿਸ ਸੰਜੀਵ ਖੰਨਾ ਤੇ ਦੀਪਾਂਕਰ ਦੱਤਾ ਦੇ ਬੈਂਚ ਨੇ 14 ਦਸੰਬਰ 2023 ਦੇ ਹੁਕਮ ਲਾਗੂ ਹੋਣ ਉਤੇ ਰੋਕ ਲਾਈ ਹੈ ਜਿਸ ਵਿਚ ਮਸਜਿਦ ਕੰਪਲੈਕਸ ਦਾ ਸਰਵੇਖਣ ਅਦਾਲਤ ਦੀ ਨਿ-ਗਰਾਨੀ ਹੇਠ ਕਰਾਉਣ ਉਤੇ ਸਹਿਮਤੀ ਜਤਾਈ ਗਈ ਸੀ। ਹਿੰਦੂ ਧਿਰ ਦਾ ਦਾਅਵਾ ਹੈ ਕਿ ਮਸਜਿਦ ਕੰਪਲੈਕਸ ਵਿਚ ਅਜਿਹੀਆਂ ਨਿਸ਼ਾਨੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਵੇਲੇ ਇਹ ਮੰਦਰ ਸੀ। ਬੈਂਚ ਨੇ ਕਿਹਾ ਕਿ ਕੁਝ ਕਾਨੂੰਨੀ ਮੁੱਦੇ ਸਾਹਮਣੇ ਆਏ ਹਨ ਤੇ ਉਨ੍ਹਾਂ ਸਰਵੇਖਣ ਲਈ ਅਦਾਲਤੀ ਕਮਿਸ਼ਨਰ ਦੀ ਨਿਯੁਕਤੀ ਲਈ ਹਾਈ ਕੋਰਟ ਅੱਗੇ ਪੇਸ਼ ਕੀਤੀ ਗਈ 'ਅਸਪ-ਸ਼ਟ' ਅਰਜ਼ੀ ਉਤੇ ਵੀ ਸਵਾਲ ਚੁੱਕੇ। ਹਾਲਾਂਕਿ ਸੁਪਰੀਮ ਕੋਰਟ ਨੇ ਕਿਹਾ ਕਿ ਇਸ ਵਿਵਾਦ ਉਤੇ ਹਾਈ ਕੋਰਟ ਵਿਚ ਸੁਣਵਾਈ

ਜਾਰੀ ਰਹੇਗੀ। ਬੈਂਚ ਨੇ ਹਿੰਦੂ ਧਿਰਾਂ ਜਿਵੇਂ ਕਿ ਭਗਵਾਨ ਸ੍ਰੀ ਕਿਸ਼ਨ ਵਿਰਾਜਮਾਨ ਤੇ ਹੋਰਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੂੰ ਕਿਹਾ, 'ਤੁਸੀਂ ਅਦਾਲਤੀ ਕਮਿਸ਼ਨਰ ਦੀ ਨਿਯੁਕਤੀ ਲਈ ਅਸਪੱਸ਼ਟ ਅਰਜ਼ੀ ਨਹੀਂ ਦੇ ਸਕਦੇ। ਇਸ ਦਾ ਮੰਤਵ ਬਹੁਤ ਸਪੱਸ਼ਟ ਹੋਣਾ ਚਾਹੀਦਾ ਹੈ। ਤੁਸੀਂ ਸਭ ਕੁਝ ਅਦਾਲਤ ਉਤੇ ਨਹੀਂ ਛੱਡ ਸਕਦੇ।' ਅਦਾਲਤ ਨੇ ਹਿੰਦੂ ਸੰਸਥਾਵਾਂ ਨੂੰ ਨੋਟਿਸ ਜਾਰੀ ਕਰ ਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਈਦਗਾਹ ਦੀ ਪ੍ਰਬੰਧਕ ਕਮੇਟੀ ਦੀ ਪਟੀਸ਼ਨ ਉਤੇ ਸੁਣਵਾਈ ਕਰ ਰਿਹਾ ਹੈ।

ਸੁਪਰੀਮ ਕੋਰਟ ਨੇ ਹਿੰਦੂ ਮਹਿਲਾ ਪਟੀਸ਼ਨਰਾਂ ਵੱਲੋਂ ਦਾਖ਼ਲ ਅਪੀਲ 'ਤੇ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਵਿਚ ਵਜ਼ੂਖਾਨੇ ਦੀ ਸਫ਼ਾਈ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਵਜ਼ੂਖਾਨਾ ਮਸਜਿਦ ਦੇ ਸੀਲ ਕੀਤੇ ਹਿੱਸੇ ਵਿੱਚ ਪੈਂਦਾ ਹੈ। ਚੀਫ਼ ਜਸਟਿਸ ਡੀ।ਵਾਈ।ਚੰਦਰਚੂੜ ਅਤੇ ਜਸਟਿਸ ਜੇ।ਬੀ। ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਵਾਰਾਨਸੀ ਜ਼ਿਲ੍ਹਾ ਮੈਜਿਸਟਰੇਟ ਦੀ ਨਿਗਰਾਨੀ ਵਿੱਚ ਵਜ਼ੂਖਾਨਾ ਸਾਫ਼ ਕਰਨ ਦੇ ਹੁਕਮ ਦਿੱਤੇ ਹਨ। ਯੂਪੀ ਸਰਕਾਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ ਮਾਧਵੀ ਦੀਵਾਨ ਨੇ ਮੱਛੀਆਂ ਮਰੀਆਂ ਹੋਣ ਦੇ ਹਵਾਲੇ ਨਾਲ ਵਜ਼ੂਖਾਨਾ ਸਾਫ਼ ਕਰਨ ਦੀ ਮੰਗ ਕੀਤੀ ਸੀ।

ਨਵਾਂ ਸਾਲ 2024 ਨੂੰ ਸਮਰਪਿਤ ਸਾਹਿਤਕ ਪ੍ਰੋਗਰਾਮ ਆਯੋਜਿਤ ਕੀਤਾ

ਰਾਜਪੁਰਾ (ਪੰਜਾਬ) (ਪ੍ਰਮਿੰਦਰ ਸਿੰਘ ਪ੍ਰਵਾਨਾ)– ਡਾ. ਗੁਰਵਿੰਦਰ ਸਿੰਘ ਅਮਨ ਅਤੇ ਕਰਮ ਸਿੰਘ ਹਕੀਰ ਦੀ ਅਗਵਾਈ ਹੇਠ ਰੋਟਰੀ ਭਵਨ ਰਾਜਪੁਰਾ ਵਿਖੇ ਹੋਏ ਸਮਾਗਮ

ਵਿਚ ਸਾਲ 2024 ਦਾ ਸਵਾਗਤ ਕਰਦਿਆਂ ਆਪਣੀਆਂ ਭਾਵਪੂਰਕ ਰਚਨਾਵਾਂ ਸੁਣਾਈਆਂ। ਸ਼ੁਰੂ ਵਿਚ ਕਰਮ ਸਿੰਘ ਹਕੀਰ ਨੇ ਕਵਿਤਾ 'ਗੱਲ ਪੀੜ ਦੀ ਕਰਨ ਤੋਂ ਪਹਿਲਾਂ ਤਨ ਤੇ ਪੀੜ ਹੰਢਾ ਕੇ ਵੇਖ' ਸੁਣਾਈ। ਸ਼ਰਤ ਚੰਦਰ ਅਤਰੇ 'ਭਾਵੁਕ' ਨੇ 'ਜ਼ਿੰਦਗੀ ਏਕ ਬਾਰ ਮਿਲਤੀ ਹੈ' ਸੁਣਾ ਕੇ ਮਹਿਫਲ ਨੂੰ ਅਗਾਂਹ ਤੋਰਿਆ। ਗੁਰਚਰਨ ਸਿੰਘ ਪੰਛੀ ਨੇ ਰਚਨਾ 'ਹਿੰਦੀ ਖ਼ਬਰ' ਸੁਣਾ ਕੇ ਜਾਣਕਾਰੀ ਦਿੱਤੀ। ਇੰਜੀ. ਰਵਿੰਦਰ ਕ੍ਰਿਸ਼ਨ 'ਇਨਸਾਨ ਦੀ ਜ਼ਿੰਦਗੀ' ਕਵਿਤਾ ਸੁਣਾ ਕੇ ਜ਼ਿੰਦਗੀ ਦਾ ਸਫ਼ਰ ਬਿਆਨਿਆ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ 'ਤੱਕ ਪੱਤਰੀ ਵਾਲਿਆ ਲੇਖ ਮੇਰੇ' ਸੁਣਾ ਕੇ ਵਾਹ ਵਾਹ ਖੱਟੀ। ਅਵਤਾਰ ਸਿੰਘ ਪੁਆਰ 'ਨਵੀਆਂ ਕਿਰਨਾਂ ਨਵਾਂ ਸਵੇਰ ਵੇਖ ਰਿਹਾ' ਗਜ਼ਲ ਸੁਣਾ ਕੇ ਗਜ਼ਲ ਦਾ ਰੰਗ ਭਰਿਆ। ਰਣਜੀਤ ਸਿੰਘ ਫਤਿਹਗੜ੍ਹ ਸਾਹਿਬ ਨੇ 'ਬੱਲੇ ਓ ਪੰਜਾਬੀਆਂ ਨੂੰ ਸ਼ੇਰ' ਕਿਹਾ ਜਾਂਦਾ ਹੈ, ਸੁਣਾ ਕੇ ਮਹਿਫਲ ਨੂੰ ਹੁਲਾਰਾ ਦਿੱਤਾ। ਇਸੇ ਤਰ੍ਹਾਂ ਇੰਦਰਜੀਤ ਲਾਂਬਾ, ਸੁਨੀਤਾ ਦੇਸ ਰਾਜ, ਮਨਜੀਤ ਸਿੰਘ ਨਾਗਰਾ, ਕੁਲਵੰਤ ਸਿੰਘ ਜੱਸਲ, ਸਾਬਕਾ ਡੀ. ਐਸ. ਪੀ. ਰਘਬੀਰ ਸਿੰਘ, ਡਾ. ਗੁਰਵਿੰਦਰ ਸਿੰਘ ਅਮਨ ਨੇ ਨਵੇਂ ਸਾਲ ਦੀ ਕਵਿਤਾ ਸੁਣਾਈ। ਹਮੇਸ਼ਾ ਦੀ ਤਰ੍ਹਾਂ ਬਲਦੇਵ ਸਿੰਘ ਖੁਰਾਣਾ ਨੇ ਮਲਮਲੀ ਟੋਟਕਿਆਂ ਨਾਲ ਮੰਚ ਸੰਚਾਲਨ ਬਾਖੂਬ ਨਿਭਾਇਆ।

ਬਲਾਕ ਕਾਂਗਰਸ ਫਗਵਾੜਾ ਨੇ ਪ੍ਰਿਅੰਕਾ ਗਾਂਧੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ

ਫਗਵਾੜਾ, (ਬੀ.ਕੇ. ਰੱਤੂ) ਬਲਾਕ ਕਾਂਗਰਸ ਫਗਵਾੜਾ ਵਲੋਂ ਪਾਰਟੀ ਦੀ ਕੌਮੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦਾ ਜਨਮ ਦਿਨ ਬਲਾਕ ਪ੍ਰਧਾਨ ਮਨੀਸ਼ ਪ੍ਰਭਾਕਰ (ਸਾਬਕਾ ਕੌਂਸਲਰ) ਦੇ

ਦਫਤਰ ਵਿਖੇ ਕੇਕ ਕੱਟ ਕੇ ਮਨਾਇਆ ਗਿਆ। ਇਸ ਦੌਰਾਨ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਹਨਾਂ ਕੇਕ ਕੱਟਣ ਦੀ ਰਸਮ ਅਦਾ ਕਰਦਿਆਂ ਕਿਹਾ ਕਿ ਪ੍ਰਿਯੰਕਾ ਗਾਂਧੀ ਪਾਰਟੀ ਦੀ ਜਨਰਲ ਸਕੱਤਰ ਹੀ ਨਹੀਂ ਸਗੋਂ ਇਕ ਸੂਝਵਾਨ ਸਪੋਕਸ ਪਰਸਨ ਵੀ ਹਨ। ਜਿਨ੍ਹਾਂ ਦੀ ਸ਼ਖ਼ਸੀਅਤ ਵਿੱਚ ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਦੀ ਨਿਮਰਤਾ ਦੇ ਨਾਲ-ਨਾਲ ਦਾਦੀ ਇੰਦਰਾ ਗਾਂਧੀ ਦੀ ਕਠੋਰਤਾ ਸਾਫ਼ ਝਲਕਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਭਵਿੱਖ ਪ੍ਰਿਅੰਕਾ ਅਤੇ ਰਾਹੁਲ ਗਾਂਧੀ ਦੀ ਅਗਵਾਈ ਅਤੇ ਕਾਂਗਰਸ ਪਾਰਟੀ ਦੇ ਹੱਥਾਂ 'ਚ ਹੀ ਸੁਰੱਖਿਅਤ ਰਹਿ ਸਕਦਾ ਹੈ। ਕਿਉਂਕਿ ਕਾਂਗਰਸ ਪਾਰਟੀ ਸਾਰੇ ਵਰਗਾਂ, ਧਰਮਾਂ ਅਤੇ ਜਾਤਾਂ ਨੂੰ ਨਾਲ ਲੈ ਕੇ ਚੱਲਣ ਦੀ ਨੀਤੀ 'ਤੇ ਚੱਲਦੀ ਹੈ। ਇਸ ਦੌਰਾਨ ਬਲਾਕ ਪ੍ਰਧਾਨ ਮਨੀਸ਼ ਪ੍ਰਭਾਕਰ ਨੇ ਵੀ ਹਾਜ਼ਰੀਨ ਕਾਂਗਰਸੀ ਵਰਕਰਾਂ ਨੂੰ ਪ੍ਰਿਅੰਕਾ ਗਾਂਧੀ ਦੇ ਜਨਮ ਦਿਨ ਦੀ ਵਧਾਈ ਦਿੱਤੀ। ਇਸ ਮੌਕੇ ਸਾਬਕਾ ਕੌਂਸਲਰ ਪਦਮ ਦੇਵ ਸੁਧੀਰ, ਸਾਬਕਾ ਕੌਂਸਲਰ ਰਾਮਪਾਲ ਉੱਪਲ, ਸਾਬਕਾ ਕੌਂਸਲਰ ਜਤਿੰਦਰ ਵਰਮਾਨੀ, ਸਾਬਕਾ ਕੌਂਸਲਰ ਦਰਸ਼ਨ ਲਾਲ ਧਰਮਸੋਤ, ਡੈਲੀਗੇਟ ਮੈਂਬਰ ਗੁਰਜੀਤ ਪਾਲ ਵਾਲੀਆ, ਡੈਲੀਗੇਟ ਮੈਂਬਰ ਮੁਨੀਸ਼ ਭਾਰਦਵਾਜ, ਅਮਨਦੀਪ ਪ੍ਰਭਾਕਰ, ਸ਼ਿਵੀ ਪ੍ਰਭਾਕਰ, ਸ਼ੰਕਰ ਝਾਂਜੀ, ਗੁਰਦਿਆਲ ਭੁੱਲਾਰਾਈ ਚੇਅਰਮੈਨ ਬਲਾਕ ਸੰਮਤੀ ਫਗਵਾੜਾ, ਕੈਲਾਸ਼ ਸ਼ਰਮਾ, ਹੈਪੀ ਬੱਤਰਾ, ਮਹਿਲਾ ਆਗੂ ਸੁਮਨ ਸ਼ਰਮਾ ਆਦਿ ਹਾਜ਼ਰ ਸਨ।

ਪਿੰਡ ਤਖਤੂਪੁਰਾ ਵਿਖੇ ਸਾਹਿਤ,ਸਭਿਆਚਾਰ ਅਤੇ ਪੰਜਾਬੀਅਤ ਨੂੰ ਸਮਰਪਿਤ 'ਜੀਵੇ ਜਵਾਨੀ' ਅਤੇ ਮਾਂ ਬੋਲੀ ਪੰਜਾਬੀ ਸਮਾਗਮ ਸੰਪੰਨ

ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)– ਸ਼ਹੀਦ ਊਧਮ ਸਿੰਘ ਵੈਲਫੇਅਰ ਕਲੱਬ ਤੇ ਸਾਦਿਕ ਪਬਲੀਕੇਸ਼ਨਜ਼ ਵਲੋਂ ਪਿੰਡ ਤਖਤੂਪੁਰਾ ਵਿਖੇ ਸਾਹਿਤ, ਸਭਿਆਚਾਰ ਅਤੇ ਪੰਜਾਬੀਅਤ ਨੂੰ ਸਮਰਪਿਤ ਜੀਵੇ ਜਵਾਨੀ ਅਤੇ ਮਾਂ ਬੋਲੀ ਪੰਜਾਬੀ ਸਮਾਗਮ

ਕਰਵਾਇਆ ਗਿਆ। ਜਿਸ ਵਿੱਚ ਸਾਹਿਤਕਾਰ ਗੁਰਪ੍ਰੀਤ ਸਿੰਘ ਤੂਰ ਆਈ ਪੀ ਐਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਉਹਨਾਂ ਲੋਕਾਂ ਦੇ ਰੂਬਰੂ ਹੁੰਦਿਆਂ ਆਪਸੀ ਵੈਰ ਵਿਰੋਧ ਛੱਡ ਕੇ ਚੰਗਾ ਸਮਾਜ ਸਿਰਜਣ ਲਈ ਫਜ਼ੂਲ ਖਰਚੇ ਘਟਾਉਣ ਤੇ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆਉਣ ਲਈ ਕਿਹਾ। ਡਾ ਨਿਰਮਲ ਜੌੜਾ ਰੰਗ ਕਰਮੀ ਤੇ ਡਾਇਰੈਕਟਰ ਯੁਵਕ ਸੇਵਾਵਾ ਨੇ ਸਮਾਗਮ ਦੀ ਪਰਧਾਨਗੀ ਕੀਤੀ ਅਤੇ ਸੰਬੋਧਨ ਕਰਦਿਆਂ। ਆਪਣੇ ਵਿਰਸੇ ਸਭਿਆਚਾਰ ਨਾਲ ਜੁੜ ਕੇ ਚੰਗੇ ਗੁਣ ਪੈਦਾ ਕਰਨ ਸਮਾਜਕ ਬੇਹਤਰੀ ਲਈ ਯੋਗਦਾਨ ਪਾਉਣ ਲਈ ਕਿਹਾ।

ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਪ੍ਰਬੰਧਕਾਂ ਨੂੰ ਵਧੀਆ ਸਮਾਜਕ ਤੇ ਸਭਿਆਚਾਰਕ ਜਵਾਨੀ ਦੇ ਨਾਮ ਸਮਾਗਮ ਕਰਵਾਉਣ ਲਈ ਮੁਬਾਰਕ ਬਾਦ ਦਿੱਤੀ । ਪ੍ਰਧਾਨਗੀ ਮੰਡਲ ਵੱਲੋਂ ਸਾਦਿਕ ਪਬਲੀਕੇਸ਼ਨਜ਼ ਵੱਲੋਂ ਪਿੰਡ ਦੇ ਬਵੰਜਾ ਸ਼ਾਇਰਾਂ ਦੀਆਂ ਪ੍ਰਕਾਸ਼ਤ ਪੁਸਤਕਾਂ ਵੀ ਜਾਰੀ ਕੀਤੀਆਂ ਗਈਆਂ।

ਇਸ ਦੌਰਾਨ ਪ੍ਰਸਿੱਧ ਅਦਾਕਾਰ ਸੁਖਦੇਵ ਲੱਧੜ ਦੀ ਨਿਰਦੇਸ਼ਨਾਂ ਹੇਠ ਜੈ ਹੋ ਰੰਗ ਮੰਚ ਦੀ ਟੀਮ ਵੱਲੋਂ ਸਾਹਿਕਦੀ ਧਰਤੀ ਨਾਟਕ ਖੇਡਿਆ ਗਿਆ ਜਿਸ ਨੂੰ ਦਰਸ਼ਕਾਂ ਸਾਹ ਰੋਕ ਕੇ ਵੇਖਿਆ ਅਤੇ ਭਰਵੀਂ ਦਾਦ ਦਿੱਤੀ।ਪ੍ਰਸਿੱਧ ਗੀਤਕਾਰ ਗਿੱਲ ਰੌਂਤਾ ਨੇ ਲੋਕਾਂ ਦੇ ਰੂਬਰੂ ਹੁੰਦਿਆਂ ਪੰਜਾਬੀ ਜ਼ਰ ਜ਼ਮੀਨ ਨਾਲ ਜੁੜੀ ਸ਼ਾਇਰੀ ਕਰਕੇ ਮਿਆਰੀ ਤੇ ਘੈਂਟ ਗੀਤਕਾਰੀ ਦੀ ਛਾਪ ਛੱਡੀ। ਮੰਚ ਸੰਚਾਲਨ ਰਾਜਵਿੰਦਰ ਰੌਂਤਾ ਨੇ ਕੀਤਾ।

ਇਸ ਸਮਾਗਮ ਵਿੱਚ ਸਰਪੰਚ ਪ੍ਰੀਤ ਇੰਦਰ ਪਾਲ ਸਿੰਘ ਮਿੱਟੂ, ਸਾਦਿਕ ਤਖਤੂਪੁਰਾ, ਗਾਇਕ ਕੁਲਦੀਪ ਭੱਟੀ,ਯਸ਼ ਪੱਤੋਂ, ਨਿਰਮਲ ਨਿੰਮਾ, ਡੀਸੀ ਧੂੜਕੋਟ, ਭੱਟੀ ਤਖਤੂਪੁਰਾ, ਬੱਬੀ ਪੱਤੋਂ, ਮਨਦੀਪ ਕੁੰਦੀ, ਸੁਰਿੰਦਰ ਜੋਧਪੁਰ ਪਾਖਰ,ਹੌਲਦਾਰ ਗਗਨ ਤਖਤੂਪੁਰਾ, ਪਵਦੀਪ ਏਕਮ, ਇੰਦਰ ਧੋਨੀ, ਲੈਕਚਰਾਰ ਭੱਟੀ ਮੌੜਾਂ ਵਾਲਾ,, ਜਸਕੀਰਤ, ਗੁਰਸੇਵਕ, ਗੁਰਪ੍ਰੀਤ ਭੱਟੀ, ਜਗਜੋਤ ਗਿੱਲ, ਸਰਪੰਚ ਗੁਰਮੇਲ ਸਿੰਘ, ਸਰਪੰਚ ਸੁਖਦੇਵ ਸਿੰਘ, ਚਰਨਜੀਤ ਕੌਰ ਧੂੜਕੋਟ, ਸੋਨੂੰ ਦਿਓਲ, ਥਾਣੇਦਾਰ ਬਲਜਿੰਦਰ ਸਿੰਘ, ਵਿੱਕੀ, ਹਰਦਿਲ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ ਅਤੇ ਸ਼ਾਇਰਾਨਾ ਰੰਗ ਦਿਖਾਏ। ਸ਼ਹੀਦ ਊਧਮ ਸਿੰਘ ਵੈਲਫੇਅਰ ਕਲੱਬ ਦੇ ਪ੍ਰਧਾਨ ਸ਼ੰਕਰ ਦਾਸ ਤਖਤੂਪੁਰਾ ਤੇ ਕੁਲਦੀਪ ਦੀਪ ਨੇ ਧੰਨਵਾਦ ਕੀਤਾ।

– ਰਾਜਵਿੰਦਰ ਰੌਂਤਾ

ਜਿਲ੍ਹਾ ਪਠਾਨਕੋਟ ਵਿਖੇ ਲੰਬਿਤ ਇੰਤਕਾਲ ਦਰਜ ਕਰਨ ਲਈ ਲਗਾਏ ਵਿਸ਼ੇਸ਼ ਕੈਂਪਾਂ ਦੋਰਾਨ 551 ਇੰਤਕਾਲ ਕੀਤੇ ਗਏ ਦਰਜ

ਪਠਾਨਕੋਟ (ਰਾਜਿੰਦਰ ਸਿੰਘ ਰਾਜਨ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਦਿਸਾ ਨਿਰਦੇਸ਼ਾਂ ਅਨੁਸਾਰ ਅੱਜ ਜਿਲ੍ਹਾ ਪਠਾਨਕੋਟ ਵਿਖੇ ਤਹਿਸੀਲ ਪਠਾਨਕੋਟ ਅਤੇ ਤਹਿਸੀਲ ਧਾਰਕਲ੍ਹਾ ਵਿਖੇ ਪੈਂਡਿੰਗ ਪਏ ਇੰਤਕਾਲ ਦਰਜ ਕਰਨ ਲਈ ਦੂਸਰੀ ਵਾਰ ਵਿਸੇਸ ਕੈਂਪ ਲਗਾਏ ਗਏ।

ਜਾਣਕਾਰੀ ਦਿੰਦਿਆ ਤਹਿਸੀਲਦਾਰ ਪਠਾਨਕੋਟ ਸ. ਲਛਮਣ ਸਿੰਘ ਨੇ ਦੱਸਿਆ ਕਿ ਅੱਜ ਲਗਾਏ ਗਏ ਦੂਸਰੇ ਵਾਰ ਕੈਂਪਾਂ ਦੌਰਾਨ ਜਿਲਾ ਪਠਾਨਕੋਟ ਵਿੱਚ 551 ਇੰਤਕਾਲ ਦਰਜ ਦਰਜ ਕੀਤੇ ਗਏ।

ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਖੱਜਲ ਖੁਆਰੀ ਘਟਾਉਣ ਲਈ ਵਚਨਬੱਧ ਹੈ ਅਤੇ ਹਰ ਸੰਭਵ ਉਪਰਾਲੇ ਲਗਾਤਾਰ ਕੀਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ । ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮਕਾਰ ਨੂੰ ਚੁਸਤ ਦਰੁਸਤ ਅਤੇ ਸੁਚਾਰੂ ਕਰਨ ਲਈ ਇਹ ਕੈਂਪ ਲਗਾਏ ਜਾ ਰਹੇ ਹਨ । ਉਹਨਾਂ ਕਿਹਾ ਕਿ ਮਾਲ ਵਿਭਾਗ ਵਿਚ ਵੀ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਇਸ ਸਬੰਧੀ ਹੈਲਪ ਲਾਈਨ ਨੰਬਰ 8184900002 ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ।

ਅਕਾਲ ਉਸਤਤਿ : ਗੁਰੂ ਗੋਬਿੰਦ ਸਿੰਘ

ਅਕਾਲ ਉਸਤਤਿ ਦਾ ਮਤਲਬ – ਸਦਜੀਵਤ ਪ੍ਰਭੂ ਦੀ ਪ੍ਰਸੰਸ਼ਾ (Eulogy of The Non Temporal Lord)। ਉਂਝ ਤਾਂ ਹਰੇਕ ਲੇਖਕ, ਭਾਵੇਂ ਉਹ ਗੱਦਕਾਰ ਹੋਵੇ, ਕਵੀ ਹੋਵੇ, ਨਾਵਲਕਾਰ ਹੋਵੇ, ਉਸਦੀ ਇੱਕ ਅੱਧ ਰਚਨਾ ਅਜਿਹੀ ਹੁੰਦੀ ਹੈ ਜਿਸਨੂੰ ਉਸਦੀ ਸ਼ਾਹਕਾਰ ਰਚਨਾ ਆਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਸ੍ਰੀ ਜਪੁ ਜੀ ਸਾਹਿਬ, ਗੁਰੂ ਅਮਰ ਦਾਸ ਜੀ ਦੀ ਸ੍ਰੀ ਅਨੰਦ ਸਾਹਿਬ, ਗੁਰੂ ਅਰਜੁਨ ਦੇਵ ਜੀ ਦੀ ਸ੍ਰੀ ਸੁਖਮਨੀ ਸਾਹਿਬ, ਗੁਰੂ ਤੇਗ ਬਹਾਦੁਰ ਜੀ ਦੇ ਸ਼ਲੋਕ, ਭਗਤ ਕਬੀਰ ਜੀ ਦੇ ਸਲੋਕ, ਭਾਬਾ ਫਰੀਦ ਜੀ ਦੇ ਸਲੋਕ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਕਰਕੇ ਜਾਣੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਇੱਕ ਤੋਂ ਵੱਧ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਉਂਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਕਿਹਾ ਜਾ ਸਕਦਾ ਹੈ। ਸ੍ਰੀ ਦਸਮ ਗ੍ਰੰਥ ਵਿਚਲੀਆਂ ਉਨ੍ਹਾਂ ਦੀਆਂ ਬਾਣੀਆਂ ਵਿੱਚੋਂ ਤਿੰਨ ਬਾਣੀਆਂ – ਸ੍ਰੀ ਜਾਪੁ ਸਾਹਿਬ, ਸ੍ਰੀ ਅਕਾਲ ਉਸਤਤਿ (ਤਵਪ੍ਰਸਾਦ ਸੈਵੱਯੇ) ਅਤੇ ਸ੍ਰੀ ਚਉਪਈ ਸਾਹਿਬ ਦੀਆਂ ਉਨ੍ਹਾਂ ਦੀਆਂ ਬਾਣੀਆਂ ਸ਼ਾਹਕਾਰ ਰਚਨਾਵਾਂ ਦੀ ਕਸਵੱਟੀ ਉਤੇ ਸੌ ਫੀਸਦੀ ਸੰਪੂਰਨ ਉਤਰਦੀਆਂ ਹਨ। ਸ਼ਾਇਦ ਇਸੇ ਕਰਕੇ ਹੀ ਇਨ੍ਹਾਂ ਬਾਣੀਆਂ ਨੂੰ ਨਿੱਤਨੇਮ ਦੀਆਂ ਪੰਜ ਬਾਣੀਆਂ ਵਿੱਚ ਸਥਾਨ ਹਾਸਿਲ ਹੈ।

ਸੰਤੋਖ ਸਿੰਘ ਸੰਧੂ
(+64 22 071 0935)

ਆਪਣੇ ਇਸ ਲੇਖ ਵਿੱਚ ਮੈਂ ਉਨ੍ਹਾਂ ਦੀ ਅਕਾਲ ਉਸਤਤਿ (ਤਵਪ੍ਰਸਾਦਿ ਸੈਵਯੇ) ਸ਼ਾਹਕਾਰ ਰਚਨਾ ਦਾ ਆਪਣੀ ਤੁਛ ਬੁੱਧੀ ਅਨੁਸਾਰ ਅਧਿਐਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਹ ਬਾਣੀ ਸ੍ਰੀ ਦਸਮ ਗ੍ਰੰਥ ਦੇ ਅੰਗ 38 ਉਤੇ ਦਰਜ ਹੈ। ਅਕਾਲ ਉਸਤਤਿ ਦੀ ਸਮੁੱਚੀ ਬਾਣੀ ਅੰਗ 35 ਤੋਂ ਸ਼ੁਰੂ ਹੋ ਕੇ ਅੰਗ 79 ਉਤੇ ਦਰਜ ਹੈ। ਇਸ ਬਾਣੀ ਦੀ ਭਾਸ਼ਾ ਜਿਆਦਾ ਤਰ ਫਾਰਸੀ ਹੈ, ਪਰ ਨਾਲ ਨਾਲ ਗੁਰਮੁਖੀ ਵੀ ਹੈ ਅਤੇ ਇਨ੍ਹਾਂ ਦੋਹਾਂ ਭਾਸ਼ਾਵਾਂ ਦਾ ਬੜਾ ਸੁੰਦਰ ਸੁਮੇਲ ਹੈ। ਸ਼ੁਰੂਆਤ ਵਿੱਚ ਪ੍ਰਭੂ ਦੀ ਕ੍ਰਿਪਾ ਅਤੇ ਰੱਖਿਆ ਦਾ ਸ਼ੁਕਰਾਨਾ ਕੀਤਾ ਗਿਆ ਹੈ।ਸ੍ਰੀ ਚਉਪਈ ਸਾਹਿਬ ਵਾਲੇ ਭਾਗ ਵਿੱਚ ਪ੍ਰਭੂ ਦੇ ਪਸਾਰੇ ਅਤੇ ਉਪਸਥਿਤੀ ਦਾ ਵਰਣਨ ਕੀਤਾ ਗਿਆ ਹੈ। ਪ੍ਰਭੂ ਦੇ ਸਰੂਪ ਦਾ ਵਰਣਨ ਕਰਦਿਆਂ ਸਾਰੇ ਰੰਗਾਂ, ਰੂਪਾਂ, ਸ਼ਕਲਾਂ, ਜਾਤਾਂ ਤੇ ਪਾਤਾਂ ਤੋਂ ਵਿਲੱਖਣ ਤੇ ਨਿਆਰਾ ਕਿਹਾ ਗਿਆ ਹੈ। ਪ੍ਰਭੂ ਦਾ ਨਾ ਕੋਈ ਪੂਰਨ ਭੇਦ ਪਾ ਸਕਿਆ ਹੈ ਅਤੇ ਨਾ ਹੀ ਅੰਤ ਜਾਣ ਸਕਿਆ ਹੈ। ਉਹ ਚੌਦਾਂ ਲੋਕ ਦਾ ਰਚਨਹਾਰ ਹੈ ਅਤੇ ਫਿਰ ਆਪ ਖੁਦ ਹੀ ਇਸ ਵਿੱਚ ਵਿਚਰਨ ਵਾਲਾ ਹੈ।

ਲੋਕ ਚਤੁਰਦਸ ਖੇਲ ਰਚਾਇਓ ॥ ਬਹੁਰਿ ਆਪ ਹੀ ਬੀਚ ਮਿਲਾਇਓ॥ (ਸ੍ਰੀ ਦਸਮ ਗ੍ਰੰਥ ਅੰਗ 36)

ਤਵਪ੍ਰਸਾਦਿ ਸਵੱਯੇ ਬਾਣੀ ਦਾ ਅਧਿਐਨ ਕਰਨ ਤੋਂ ਪਹਿਲਾਂ ਇਰਾਨ ਦੇ ਇੱਕ ਪ੍ਰਸਿੱਧ ਕਵੀ ਦਾ ਵਰਣਨ ਕਰਨਾ ਮੈਂ ਜਰੂਰੀ ਸਮਝਦਾ ਹਾਂ। ਇਸ ਕਵੀ ਦਾ ਨਾਂ ਫਿਰਦੌਸੀ ਸੀ ਜੋਕਿ ਦਸਵੀਂ ਸਦੀ ਵਿੱਚ ਇਰਾਨ ਦੇ ਇੱਕ ਸਰਹੱਦੀ ਪਿੰਡ 'ਤੁਸ' ਵਿੱਚ ਪੈਦਾ ਹੋਇਆ ਸੀ। ਉਸਨੇ ਉਸਤਤੀ ਵਾਲੇ 60,000 ਦੋਹਿਆਂ ਦੀ 'ਸ਼ਾਹ ਨਾਮੇ'' ਸਿਰਲੇਖ ਹੇਠ ਇੱਕ ਪੁਸਤਕ ਲਿਖੀ ਸੀ। ਇਸ ਪੁਸਤਕ ਨਾਲ ਉਹ ਇਰਾਨ ਦੀਆਂ ਹੱਦਾਂ ਤੋਂ ਬਾਹਰ ਦੂਰ ਦੂਰ ਤੱਕ ਜਾਣਿਆ ਜਾਣ ਲੱਗਾ ਸੀ। ਇਹ ਦੋਹੇ ਉਸਨੇ ਉਸ ਵੇਲੇ ਦੇ ਅਫਗਾਨਿਸਤਾਨ ਦੇ ਬੜੇ ਤਾਕਤਵਰ ਬਾਦਸ਼ਾਹ ਸੁਲਤਾਨ ਮਹਿਮੂਦ ਗਜ਼ਨਵੀ ਦੀ ਸਿਫਤ ਵਿੱਚ ਲਿਖੇ ਸਨ। ਮਹਿਮੂਦ ਗਜ਼ਨਵੀ ਨੇ ਐਲਾਨ ਕੀਤਾ ਸੀ ਕਿ ਉਸਦੀ ਸਿਫਤ ਵਾਲੇ ਦੋਹੇ ਲਿਖਣ ਵਾਲੇ ਕਵੀ ਨੂੰ ਪ੍ਰਤੀ ਦੋਹਾ ਇੱਕ ਸੋਨੇ ਦੀ ਮੁਹਰ ਦਿੱਤੀ ਜਾਵੇਗੀ। ਫਿਰਦੌਸੀ ਸੱਠ ਹਜ਼ਾਰ ਦੋਹੇ ਲਿਖ ਕੇ ਲੈ ਕੇ ਉਸ ਕੋਲ ਗਿਆ ਸੀ। ਇਹ ਪੁਸਤਕ ਫਿਰਦੌਸੀ ਦੀ ਸ਼ਾਹਕਾਰ ਅਤੇ ਬੜੀ ਉਤਮ ਰਚਨਾ ਮੰਨੀ ਜਾਂਦੀ ਹੈ। ਫਾਰਸੀ ਅਤੇ ਗੁਰਮੁਖੀ ਭਾਸ਼ਾਵਾਂ ਦਾ ਗਿਆਨ ਰੱਖਣ ਵਾਲੇ ਵਿਦਵਾਨਾਂ ਨੇ ਜਦ ਫਿਰਦੌਸੀ ਦੀ ਇਸ ਪੁਸਤਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਬਾਣੀ ਦਾ ਤੁਲਨਾਤਮਿਕ ਅਧਿਐਨ ਕੀਤਾ ਤਾਂ ਉਨ੍ਹਾਂ ਨੇ 'ਤਵਪ੍ਰਸਾਦਿ' ਬਾਣੀ ਨੂੰ ਸਰਵੁਤਮ ਮੰਨਿਆਂ ਹੈ।

'ਤਵਪ੍ਰਸਾਦਿ ਸਵੱਯੇ' ਸਿਰਲੇਖ ਵਾਲੀ ਬਾਣੀ ਵਿੱਚ ਕੁਲ ਦਸ ਸਵੱਯੇ ਹਨ। ਨਿਤਨੇਮ ਦੀ ਬਾਣੀ ਵਿੱਚ ਇਨ੍ਹਾਂ ਦਾ ਹੀ ਜਾਪ ਕੀਤਾ ਜਾਂਦਾ ਹੈ। ਸਵੱਯੇ ਇੱਕ ਚਾਰ ਸੱਤਰਾਂ ਵਾਲੀ ਕਵਿਤਾ ਹੁੰਦੀ ਹੈ ਜਿਸ ਵਿੱਚ ਚੌਹਾਂ ਸੱਤਰਾਂ ਦਾ ਕਾਫੀਆ ਮਿਲਾਇਆ ਜਾਂਦਾ ਹੈ, ਜਿਵੇਂ:

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰਿ ਜੋਗਿ ਜਤੀ ਕੇ॥
ਸੂਰ ਸਰਾਰਦਨ ਸੁਧ ਸਧਾਇਕ ਸੰਤ ਸਮੂਹ ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖਿ ਰਹਿਯੋ ਮਤ ਕੋਉ ਨਾ ਦੇਖੀਅਤ ਪ੍ਰਾਨ ਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ॥ (ਸ੍ਰੀ ਦਸਮ ਗ੍ਰੰਥ ਅੰਗ 38)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਇਸ ਰਚਨਾ ਵਿੱਚ ਆਖਦੇ ਹਨ ਕਿ ਮੈਂ ਆਪਣੇ ਜਵਿਨ-ਸਫਰ ਦੌਰਾਨ ਖਾਲਸ ਜੈਨੀ ਸਾਧੂਆਂ ਅਤੇ ਬੋਧੀ ਭਿਕਸ਼ੂਆਂ ਨੂੰ ਵੇਖਿਆਂ ਹੈ। ਕੁਸ਼ਲ ਤੇ ਤਿਆਗੀ ਸੰਨਿਆਸੀਆਂ ਅਤੇ ਜੋਗੀਆਂ ਦੇ ਸਮੂਹਾਂ ਨੂੰ ਵੇਖਿਆਂ ਹੈ। ਬਹਾਦਰ ਨਾਇਕਾਂ, ਦੇਵਤਿਆਂ ਨੂੰ ਮਾਰਦੇ ਦੈਂਤਾਂ ਨੂੰ ਵੀ ਵੇਖਿਆਂ ਹੈ। ਦੇਵਤਿਆਂ ਨੂੰ ਅੰਮ੍ਰਿਤ ਪੀਂਦੇ ਵੀ ਵੇਖਿਆ ਹੈ ਅਤੇ ਵੱਖ ਵੱਖ ਸੰਪਰਦਾਵਾਂ ਦੇ ਸੰਤਾਂ ਦੇ ਸਮੂਹਾਂ ਨੂੰ ਵੀ ਵੇਖਿਆ ਹੈ। ਸਾਰੇ ਮੁਲਕਾਂ ਦੇ ਧਾਰਮਿਕ ਪ੍ਰਬੰਧ ਦੇ ਨਿਯਮਾਂ ਨੂੰ ਵੀ ਵੇਖਿਆ ਹੈ। ਪ੍ਰਭੂ ਦੀ ਕ੍ਰਿਪਾ ਤੋਂ ਬਿਨਾਂ ਕੋਈ ਇੱਕ ਰੱਤੀ ਬਰੋਬਰ ਵੀ ਨਹੀਂ ਹੈ।

ਦੂਜੇ ਸਵੱਯੇ ਵਿੱਚ ਇੱਕ ਮਹਾਰਾਜੇ ਦਾ ਜਿਕਰ ਕਰਦਿਆਂ ਲਿਖਦੇ ਹਨ ਕਿ ਜਿਸ ਮਹਾਰਾਜੇ ਕੋਲ ਸੁਨਹਿਰੇ ਰੰਗਾਂ ਨਾਲ ਸਿੰਗਾਰੇ ਹੋਏ ਮਸਤ ਹਾਥੀ ਅਤੇ ਹਵਾ ਨਾਲੋਂ ਵੀ ਤੇਜ਼ ਦੌੜਨ ਵਾਲੇ ਲੱਖਾਂ ਘੋੜੇ ਅਤੇ ਭਾਰੀ ਭਰਕਮ ਫੌਜ ਹੋਵੇ, ਉਹ ਵੀ ਅੰਤ ਸਮੇਂ ਇਸ ਸੰਸਾਰ ਤੋਂ ਨੰਗੇ ਪੈਰੀਂ ਹੀ ਰੁਖਸਤ ਹੁੰਦਾ ਹੈ। ਚੌਥੇ ਸਵੱਯੇ ਵਿੱਚ ਗੁਰੂ ਜੀ ਲਿਖਦੇ ਹਨ ਕਿ ਤੀਰਥਾਂ ਦੀ ਯਾਤਰਾ ਕਰਕੇ, ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਕਰਕੇ, ਦਾਨ ਕਰਕੇ, ਕਈ ਤਰ੍ਹਾਂ ਦੇ ਨੇਮ ਕਰਕੇ, ਵੇਦਾਂ, ਪੁਰਾਣਾ, ਪਵਿੱਤਰ ਕੁਰਾਨ ਦਾ ਅਧਿਐਨ ਕਰਕੇ, ਭੁੱਖ ਨੂੰ ਮਾਰ ਕੇ ਅਤੇ ਸਿਰਫ ਹਵਾ ਦਾ ਸੇਵਨ ਕਰਕੇ, ਹਜ਼ਾਰਾਂ ਸ਼ੁਭ ਵਿਚਾਰਾਂ ਵਾਲੇ ਵਿਦਵਾਨਾਂ ਨੂੰ ਮਿਲ ਕੇ ਵੀ ਵੇਖ ਲਿਆ ਹੈ। ਪ੍ਰਭੂ ਦੇ ਭਜਨ ਤੋਂ ਬਿਨਾ , ਪ੍ਰਭੂ ਦੀ ਕ੍ਰਿਪਾ ਤੋਂ ਬਿਨਾ ਸਾਰੀਆਂ ਕ੍ਰਿਆਵਾਂ, ਸਾਰੀਆਂ ਵਸਤਾਂ ਇੱਕ ਰੱਤੀ ਸਮਾਨ ਵੀ ਨਹੀਂ ਹਨ।

ਅਠਵੇਂ ਸਵੱਯੇ ਵਿੱਚ ਗੁਰੂ ਜੀ ਜਨਮ – ਮੌਤ ਦਾ ਵਰਣਨ ਕਰਦਿਆਂ ਲਿਖਦੇ ਹਨ ਕਿ ਜੇ ਕੋਈ ਤ੍ਰੈ ਲੋਕ ਦਾ ਵੀ ਰਾਜਾ ਹੈ ਅਤੇ ਤ੍ਰੈ ਲੋਕਾਂ ਉਤੇ ਰਾਜ ਕਰਦਾ ਹੈ, ਪਵਿੱਤਰ ਸਰੋਵਰਾਂ ਵਿੱਚ ਕਰੋੜਾਂ ਇਸ਼ਨਾਨ ਕਰਦਾ ਹੈ, ਖੁਦ ਦਾ ਸੁਵੰਬਰ ਰਚਾ ਕੇ ਹਾਥੀਆਂ ਅਤੇ ਹੋਰ ਜਾਨਵਰਾਂ ਦਾ ਦਾਨ ਕਰਦਾ ਹੈ, ਉਹ ਵੀ ਮੌਤ ਦੇ ਪੰਜੇ ਤੋਂ ਬਚ ਨਹੀਂ ਸਕਦਾ। ਕਿਉਂਕਿ ਮੌਤ ਦੇ ਫੰਦੇ ਤੋਂ ਤਾਂ ਬ੍ਰਹਮਾਂ, ਸ਼ਿਵ ਤੇ ਇੰਦਰ ਵੀ ਨਹੀਂ ਬਚ ਸਕੇ। ਹਾਂ ਜੋ ਮਨੁੱਖ ਪ੍ਰਭੂ ਦੇ ਚਰਨਾਂ ਉਤੇ ਢਹਿ ਕੇ ਪ੍ਰਭੂ ਦੀ ਨਿਸ਼ਕਾਮ ਭਗਤੀ ਕਰਦਾ ਹੈ, ਪ੍ਰਭੂ ਦਾ ਗੁਣ ਗਾਇਨ ਕਰਦਾ ਹੈ, ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ।

ਨੌਵੇਂ ਸਵੱਯੇ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਜੇ ਕੋਈ ਬਗਲੇ ਵਾਂਗ ਸ਼ਿਕਾਰ ਵੱਲ ਟਿਕਟਿਕੀ ਲਗਾ ਕੇ ਕਾਫੀ ਦੇਰ ਤੱਕ ਅਡੋਲ ਖੜਾ ਰਹਿੰਦਾ ਹੈ, ਜਾਂ ਇਹ ਸੋਚਦਾ ਹੈ ਕਿ ਸਰੋਵਰਾਂ ਵਿੱਚ ਇਸ਼ਨਾਨ ਕਰਨ ਨਾਲ ਮੁਕਤੀ ਪ੍ਰਾਪਤ ਹੋ ਜਾਵੇ ਗੀ, ਉਹ ਭਾਵੇਂ ਸੱਤ ਸਮੁੰਦਰਾਂ ਦਾ ਇਸ਼ਨਾਨ ਕਰ ਲਵੇ, ਉਹ ਤਾਂ ਸਿਰਫ ਇਹ ਹੀ ਗੱਲ ਹੋਵੇਗੀ ਕਿ ਲੋਕ ਵੀ ਗਵਾਇਆ ਤੇ ਪ੍ਰਲੋਕ ਵੀ ਹੱਥ ਨਾ ਆਇਆ। ਸਾਰੇ ਇਸ ਸੱਚਾਈ ਨੂੰ ਧਿਆਨ ਨਾਲ ਸੁਣ ਲੈਣ ਕਿ ਜੋ ਪ੍ਰਭੂ ਨੂੰ ਪ੍ਰੇਮ ਕਰੇਗਾ ਉਹ ਹੀ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ।

ਇੱਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਪਿਆਰ ਤਾਂ ਉਸ ਵਸਤੂ ਨੂੰ ਕੀਤਾ ਜਾ ਸਕਦਾ ਹੈ ਜਿਸਨੂੰ ਅੱਖਾਂ ਨਾਲ ਵੇਖਿਆ ਜਾ ਸਕੇ, ਹੱਥਾਂ ਨਾਲ ਛੂਹਿਆ ਜਾ ਸਕੇ ਜਾਂ ਫੜਿਆ ਜਾ ਸਕੇ, ਫਿਰ ਪ੍ਰਭੂ ਨਾਲ ਪ੍ਰੇਮ ਕਿਸ ਤਰ੍ਹਾਂ ਕੀਤਾ ਜਾਵੇ। ਪ੍ਰਭੂ ਨੂੰ ਨਾ ਮਨੁੱਖੀ ਅੱਖਾਂ ਨਾਲ ਵੇਖਿਆਂ ਜਾ ਸਕਦਾ ਹੈ, ਨਾ ਹੱਥਾਂ ਨਾਲ ਛੂਹਿਆ ਜਾ ਸਕਦਾ ਹੈ ਨਾ ਫੜਿਆ ਜਾ ਸਕਦਾ ਹੈ। ਇਸਦਾ ਜਵਾਬ ਹੈ ਕਿ ਪ੍ਰਭੂ ਦੀ ਰਚੀ ਹੋਈ ਕਾਇਨਾਤ ਅਤੇ ਇਸ ਵਿੱਚ ਸਾਰੇ ਜੀਵਾਂ ਅੰਦਰ ਪ੍ਰਭੂ ਦੀ ਹੋਂਦ ਨੂੰ ਮੰਨ ਕੇ ਉਨ੍ਹਾਂ ਨੂੰ ਪਿਆਰ ਕੀਤਾ ਜਾਵੇ। ਕਿਸੇ ਨੂੰ ਕਸ਼ਟ ਨਾ ਪਹੁੰਚਾਇਆ ਜਾਵੇ ਅਤੇ ਨੀਯਤ ਹਮੇਸ਼ਾਂ ਸਾਫ ਰੱਖੀ ਜਾਵੇ।

ਦਸਵੇਂ ਸਵੱਯੇ ਵਿੱਚ ਗੁਰੂ ਜੀ ਦੁਨੀਆਂ ਦਾ ਵਰਤਾਰਾ ਵੇਖ ਕੇ ਦੁਖੀ ਮਨ ਨਾਲ ਲਿਖਦੇ ਹਨ ਕਿ ਇਸ ਸੰਸਾਰ ਵਿੱਚ ਕੋਈ ਪੱਥਰ ਨੂੰ ਭਗਵਾਨ ਮੰਨ ਕੇ ਸਿਰ ਉਤੇ ਧਰੀ ਫਿਰਦਾ ਹੈ, ਕੋਈ ਪ੍ਰਭੂ ਦਾ ਸਥਾਨ ਇੱਕ ਖਾਸ ਦਿਸ਼ਾ ਵਿੱਚ ਮੰਨ ਕੇ, ਉਧਰ ਮੂੰਹ ਕਰਕੇ ਪ੍ਰਮਾਤਮਾ ਦਾ ਜਾਪ ਕਰਦਾ ਹੈ, ਕੋਈ ਪਿੱਛੇ ਵੱਲ ਸੀਸ ਝੁਕਾਅ ਕੇ ਉਸਦੀ ਭਗਤੀ ਕਰਦਾ ਹੈ, ਕੋਈ ਬੁੱਤਾਂ ਨੂੰ ਪੂਜ ਕੇ ਪ੍ਰਮਾਤਮਾਂ ਨੂੰ ਖੁਸ਼ ਕਰਨ ਦਾ ਜਤਨ ਕਰਦਾ ਹੈ, ਕੋਈ ਮੜ੍ਹੀ ਮਸਾਣਾਂ ਵਿੱਚ ਜਾ ਕੇ ਪ੍ਰਭੂ ਨੂੰ ਲੱਭ ਰਿਹਾ ਹੈ। ਸਾਰਾ ਹੀ ਸੰਸਾਰ ਝੂਠੀਆਂ ਤੇ ਅਰਥਹੀਣ ਕ੍ਰਿਆਵਾਂ ਵਿੱਚ ਉਰਝਿਆ ਹੋਇਆ ਹੈ ਅਤੇ ਪ੍ਰਭੂ ਦੇ ਭੇਦ ਦਾ ਕਿਸੇ ਨੂੰ ਗਿਆਨ ਨਹੀਂ ਹੈ। ਜਿਵੇਂ:

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦ ਨਾ ਪਾਇਓ॥

(ਜ਼ਰੂਰੀ ਨੋਟ : ਕੰਪਿਊਟਰ ਵਿੱਚ ਅੱਧੇ 'ਵ' ਦੀ ਵਿਵਸਥਾ ਨਾ ਹੋਣ ਕਰਕੇ ਜਿੱਥੇ ਕਿਤੇ ਅੱਧਾ 'ਵ' ਪੈਣਾ ਸੀ ਉਥੇ ਪੂਰੇ 'ਵ' ਦੀ ਵਰਤੋਂ ਕਰਨੀ ਪਈ ਹੈ। ਇਸ ਲਈ ਖਿਮਾ ਦਾ ਜਾਚਕ ਹਾਂ।

ਪਲਸ ਮੰਚ ਵੱਲੋਂ ਸਾਹਿਤਕ ਸਮਾਗਮ 25 ਨੂੰ

ਜਲੰਧਰ– ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਅਗਲੇ ਦਿਨਾਂ 'ਚ ਪੰਜਾਬ ਦੇ ਵੱਖ ਵੱਖ ਕੇਂਦਰਾਂ ਅੰਦਰ 'ਲੋਕ ਪੱਖੀ ਰੰਗ ਮੰਚ ਦਾ ਪਰਚਮ ਬੁਲੰਦ ਰੱਖੋ' ਦੇ ਸੁਨੇਹੇ ਨੂੰ ਕੇਂਦਰ ਵਿਚ ਰੱਖਦਿਆਂ ਸਮਾਗਮ ਕੀਤੇ ਜਾਣਗੇ। ਇਹਨਾਂ ਸਮਾਗਮਾਂ ਦੀ ਲੜੀ ਵਜੋਂ ਜਲੰਧਰ ਸਮਾਗਮ ਕਰਨ ਲਈ ਅੱਜ ਸਹਿਯੋਗੀ ਸੰਸਥਾਵਾਂ ਨਾਲ਼ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ ਨੇ ਇਸ ਵਿਚਾਰ ਵਟਾਂਦਰਾ ਮੀਟਿੰਗ ਉਪਰੰਤ ਪ੍ਰੈੱਸ ਨਾਲ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 25 ਜਨਵਰੀ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਾਹਿਤਕ ਸਮਾਗਮ ਕੀਤਾ ਜਾਏਗਾ। ਇਸ ਸਮਾਗਮ 'ਚ 'ਸਾਡੇ ਸਮਿਆਂ ਅੰਦਰ ਲੋਕ- ਪੱਖੀ ਸਾਹਿਤ ਸਭਿਆਚਾਰ ਦੀ ਭੂਮਿਕਾ' ਦਾ ਸੁਨੇਹਾ ਦਿੱਤਾ ਜਾਏਗਾ। ਕਵੀ ਦਰਬਾਰ ਅਤੇ ਨਾਟ- ਮੰਚਣ ਹੋਏਗਾ। ਉਹਨਾਂ ਦੱਸਿਆ ਕਿ ਇਸ ਸਮਾਗਮ 'ਚ ਸ਼ਬਦੀਸ਼ ਦੀ ਰਚਨਾ, ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਦੁਆਰਾ 'ਮਨ ਮਿੱਟੀ ਦਾ ਬੋਲਿਆ' ਨਾਟਕ ਖੇਡਿਆ ਜਾਏਗਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਮਰਹੂਮ ਗੰਧਰਵ ਸੇਨ ਕੋਛੜ ਹੋਰਾਂ ਦੇ ਜਨਮ ਦਿਨ ਤੇ ਉਹਨਾਂ ਦੀ ਕਰਨੀ ਨੂੰ ਵੀ ਯਾਦ ਕੀਤਾ ਜਾਏਗਾ। ਪਲਸ ਮੰਚ ਦੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਪਲਸ ਮੰਚ ਦੀ ਇਕਾਈ ਮਾਨਵਤਾ ਕਲਾ ਮੰਚ ਨਗਰ, ਲੋਕ ਸੰਗੀਤ ਮੰਡਲੀ ਮਸਾਣੀ, ਪੰਜਾਬ ਕਲਾ ਸੰਗਮ ਫਗਵਾੜਾ, ਸਾਹਿਤ ਕਲਾ ਕੇਂਦਰ ਜਲੰਧਰ, ਡਾ. ਅੰਬੇਡਕਰ ਭਵਨ ਕਮੇਟੀ, ਸਮਾਜਿਕ ਇਨਸਾਫ਼ ਕੌਂਸਲ ਜਲੰਧਰ, ਸਾਹਿਤ ਸਭਿਆਚਾਰ ਸੰਸਥਾ (ਫੁਲਕਾਰੀ), ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਤਰਕਸ਼ੀਲ ਸੁਸਾਇਟੀ ਪੰਜਾਬ ਜਲੰਧਰ ਜੋਨ, ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ, ਪੀਪਲਜ਼ ਵਾਇਸ, ਸ਼ਹੀਦ ਭਗਤ ਸਿੰਘ ਵਿਚਾਰ ਮੰਚ ਰੇਲ ਕੋਚ ਫੈਕਟਰੀ ਕਪੂਰਥਲਾ, ਡਾ. ਅੰਬੇਡਕਰ ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਕੇਂਦਰ ਅਰਬਨ ਅਸਟੇਟ ਫਗਵਾੜਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਜਲੰਧਰ ਨੇ ਇਸ ਸਮਾਗਮ 'ਚ ਭਰਵੀਂ ਸ਼ਮੂਲੀਅਤ ਦਾ ਗਰਮਜੋਸ਼ੀ ਨਾਲ ਹੁੰਗਾਰਾ ਭਰਿਆ ਹੈ। ਪਲਸ ਮੰਚ ਦੇ ਆਗੂਆਂ ਨੇ ਸਮੂਹ ਲੋਕ ਪੱਖੀ ਸੰਸਥਾਵਾਂ ਅਤੇ ਸ਼ਖਸ਼ੀ

ਖੇਤੀ ਖੇਤਰ ਪ੍ਰਤੀ ਸਰਕਾਰ ਦੀ ਉਪਰਾਮਤਾ- ਚਿੰਤਾਜਨਕ

ਗੁਰਮੀਤ ਪਲਾਹੀ
91-98158-02070

ਭਾਰਤ ਵਿੱਚ ਖੇਤੀ ਉਤਪਾਦਨ 'ਚ ਲਗਾਤਾਰ ਵਾਧਾ ਹੋਇਆ ਹੈ। ਪਰ ਯੂ.ਐਨ.ਓ। ਦੀ ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤ ਦੇ 20 ਕਰੋੜ ਤੋਂ ਜ਼ਿਆਦਾ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। 97 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਬੀਜਾਂ, ਖਾਦਾਂ, ਬਿਜਲੀ ਅਤੇ ਪਾਣੀ ਜਿਹੇ ਖੇਤੀ ਉਤਪਾਦਕਾਂ ਉਤੇ ਸਬਸਿਡੀ ਮਿਲਣ ਦੇ ਬਾਵਜੂਦ, ਵੱਡੀ ਗਿਣਤੀ ਕਿਸਾਨ ਲਗਾਤਾਰ ਸੰਕਟ ਵਿੱਚ ਹਨ। ਉਹ ਖੁਦਕੁਸ਼ੀ ਕਰ ਰਹੇ ਹਨ ਜਾਂ ਅੰਦੋਲਨ ਦੇ ਰਾਹ 'ਤੇ ਹਨ।

ਜਿਵੇਂ ਕਿ ਉਮੀਦ ਸੀ ਕਿ ਖੇਤੀ ਦੇ ਬੁਰੇ ਦੌਰ ਵਿੱਚ ਕੇਂਦਰ ਦੀ ਸਰਕਾਰ ਦੇਸ਼ ਦੇ ਬਜ਼ਟ ਵਿੱਚ ਖੇਤੀ ਸੁਧਾਰ ਲਈ ਨਵੇਂ ਢੰਗ-ਤਰੀਕੇ, ਪ੍ਰਵਾਧਾਨ ਅਪਨਾਏਗੀ, ਪਰ ਖੇਤੀ ਖੇਤਰ ਦਾ ਬਜ਼ਟ 2022-23 ਦੇ 1.33 ਲੱਖ ਕਰੋੜ ਦੇ ਮੁਕਾਬਲੇ ਘਟਾਕੇ 2023-24 'ਚ 1.25 ਲੱਖ ਕਰ ਦਿੱਤਾ ਗਿਆ। ਸਾਲ 2021-22 ਵਿੱਚ ਖੇਤੀ ਖੇਤਰ ਦਾ ਬਜ਼ਟ ਦੇਸ਼ ਦੇ ਬਜ਼ਟ ਦਾ 3.78 ਫੀਸਦੀ ਸੀ, ਜੋ 2022-23 ਵਿੱਚ 3.36 ਫੀਸਦੀ ਅਤੇ 2023-24 ਦੇ ਬਜ਼ਟ 'ਚ 2.78 ਫੀਸਦੀ ਰਹਿ ਗਿਆ ਹੈ।

ਪਿਛਲੇ ਕੁਝ ਦਹਾਕਿਆਂ 'ਚ ਭਾਰਤ ਦੀ ਆਰਥਿਕ ਦਸ਼ਾ ਅਤੇ ਨੀਤੀਆਂ 'ਚ ਤਬਦੀਲੀ ਹੋਈ ਹੈ। ਭਾਰਤੀ ਹਾਕਮ, ਅੰਤਰਰਾਸ਼ਟਰੀ ਦਬਾਅ ਅਧੀਨ ਖੇਤੀ ਖੇਤਰ ਤੋਂ ਮੁੱਖ ਮੋੜ ਰਹੇ ਹਨ। ਦੇਸ਼ ਦੀ ਜੀਡੀਪੀ (ਸਕਲ ਘਰੇਲੂ ਉਤਪਾਦਨ) ਵਿੱਚ ਖੇਤੀ ਦੀ 1947 ਵਿੱਚ ਹਿੱਸੇਦਾਰੀ 60 ਫੀਸਦੀ ਤੋਂ ਘੱਟਕੇ ਪਿਛਲੇ ਸਾਲ 15 ਫੀਸਦੀ ਰਹਿ ਗਈ ਹੈ। ਇਹ ਇੱਕ ਵੱਡੀ ਤਬਦੀਲੀ ਦਾ ਪ੍ਰਤੀਕ ਹੈ। ਅਸਲ 'ਚ ਇਹ ਦੇਸ਼ ਦੀ ਆਰਥਿਕ ਅਸਥਿਰਤਾ ਵਿਖਾਉਂਦਾ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਖੇਤੀ ਖੇਤਰ ਵਿੱਚ ਵਾਧਾ ਅਸਥਿਰ ਰਿਹਾ ਹੈ। 2005-06 ਵਿੱਚ ਜਿਥੇ ਇਹ ਦਰ 5.8 ਫੀਸਦੀ ਸੀ, ਉਹ 2009-10 ਵਿੱਚ 0.4 ਫੀਸਦੀ ਅਤੇ 2014-15 ਵਿੱਚ 0.2 ਫੀਸਦੀ ਸੀ। ਇਹ ਅੰਕੜਾ ਦੇਸ਼ ਦੀ ਆਰਥਿਕ ਰੂਪ-ਰੇਖਾ ਨੂੰ ਆਕਾਰ ਦੇਣ ਵਿੱਚ ਖੇਤੀ ਖੇਤਰ ਦੀ ਘੱਟਦੀ ਭੂਮਿਕਾ ਦੀ ਇੱਕ ਸਪਸ਼ਟ ਕਹਾਣੀ ਪੇਸ਼ ਕਰਦਾ ਹੈ।

ਇਹ ਬਦਲਾਅ ਆਖ਼ਰ ਕਿਉਂ ਹੈ? ਦੇਸ਼ ਵਿੱਚ ਉਦਯੋਗੀਕਰਨ ਅਤੇ ਸ਼ਹਿਰੀਕਰਨ ਵਧ ਰਿਹਾ ਹੈ। ਜਿਉਂ-ਜਿਉਂ ਰਾਸ਼ਟਰ ਨੇ ਉਦਯੋਗਿਕ ਵਿਕਾਸ ਨੂੰ ਅਪਨਾਇਆ ਅਤੇ ਸ਼ਹਿਰੀ ਕੇਂਦਰਾਂ ਦਾ ਉਵੇਂ-ਉਵੇਂ ਵਾਧਾ ਹੋਇਆ। ਖੇਤੀ ਦਾ ਮਹੱਤਵ ਘਟਿਆ। ਅੱਜ ਪਿੰਡ, ਸ਼ਹਿਰ ਦੀਆਂ ਬਸਤੀਆਂ ਬਣਕੇ ਰਹਿ ਗਏ ਹਨ। ਜਿਉਂ-ਜਿਉਂ ਖੇਤੀ ਦਾ ਵਿਕਾਸ 'ਚ ਹਿੱਸਾ ਘਟਦਾ ਹੈ, ਤਿਵੇਂ-ਤਿਵੇਂ ਸ਼ਹਿਰੀ-ਪੇਂਡੂ ਅੰਤਰ ਵਧਦਾ ਜਾਂਦਾ ਹੈ।

ਦੇਸ਼ ਦੇ ਇਹੋ ਜਿਹੇ ਦੌਰ 'ਚ ਇੱਕ ਇਹੋ ਜਿਹਾ ਸਮਾਂ ਆਇਆਂ ਜਦੋਂ ਦੇਸ਼ ਨੂੰ ਵਿਦੇਸ਼ ਤੋਂ ਅਨਾਜ ਮੰਗਵਾਉਣਾ ਪਿਆ। ਲੇਕਿਨ 1960 ਦੇ ਦਹਾਕੇ 'ਚ ਹਰੀ ਕ੍ਰਾਂਤੀ ਬਾਅਦ ਕਣਕ ਅਤੇ ਚਾਵਲ ਦੇ ਉਤਪਾਦਨ 'ਚ ਜ਼ਬਰਦਸਤ ਵਾਧਾ ਹੋਇਆ। 2015-16 ਤੱਕ ਦੇਸ਼ ਦੇ ਕੁੱਲ ਖਾਧ ਉਤਪਾਦਨ ਵਿੱਚ ਕਣਕ ਅਤੇ ਚਾਵਲ ਦੀ ਹਿੱਸੇਦਾਰੀ 78 ਫੀਸਦੀ ਹੋ ਗਈ। ਪਰ ਉਤਪਾਦਨ ਦੇ ਉੱਚ ਪੱਧਰਾਂ ਦੇ ਬਾਵਜੂਦ ਭਾਰਤ 'ਚ ਹੋਰ ਵੱਡੇ ਉਤਪਾਦਕ ਦੇਸ਼ਾਂ ਦੇ ਮੁਕਾਬਲੇ ਖੇਤੀ ਉਪਜ ਘੱਟ ਹੈ।

1950-51 'ਚ ਖਾਧ ਪਦਾਰਥਾਂ ਦੀ ਉਪਜ 'ਚ ਚਾਰ ਗੁਣਾ ਵਾਧਾ ਹੋਇਆ। 2014-15 ਦੇ ਦੌਰਾਨ ਇਹ 2017 ਕਿਲੋ ਪ੍ਰਤੀ ਹੇਕਟੇਅਰ ਸੀ, ਜਦਕਿ 2021 ਵਿੱਚ ਇਹ 2394 ਕਿਲੋ ਪ੍ਰਤੀ ਹੇਕਟੇਅਰ ਅੰਦਾਜ਼ਨ ਹੋ ਗਈ। ਪਰ ਹੋਰ ਦੇਸ਼ਾਂ ਦੀ ਤੁਲਨਾ ਭਾਰਤ ਵਿੱਚ ਅੰਨ ਉਤਪਾਦਨ ਦਾ ਵਾਧਾ ਬਹੁਤ ਘੱਟ ਹੈ। ਉਦਾਹਰਨ ਵਜੋਂ 1981 'ਚ ਚਾਵਲਾਂ ਦੀ ਫਸਲ ਦੀ ਉਪਜ ਬ੍ਰਾਜੀਲ ਵਿੱਚ 1981 'ਚ 1.3 ਟਨ ਪ੍ਰਤੀ ਹੈਕਟੇਅਰ ਸੀ ਜੋ 2011 'ਚ ਵਧਕੇ 4.9 ਟਨ ਪ੍ਰਤੀ ਹੇਕਟੇਅਰ ਹੋ ਗਈ। ਭਾਰਤ ਵਿੱਚ 2000-01 ਵਿੱਚ ਉਪਜ 1.9 ਟਨ ਪ੍ਰਤੀ ਹੈਕਟੇਅਰ ਅਤੇ 2021-22 'ਚ 2.8 ਟਨ ਪ੍ਰਤੀ ਹੈਕਟੇਅਰ ਤੱਕ ਪਹੁੰਚਿਆ। ਪਰ ਇਹ ਹਾਲੀ ਵੀ ਵਿਸ਼ਵ ਔਸਤ ਤੋਂ ਘੱਟ ਹੈ। ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸੇ ਦੌਰਾਨ ਚੀਨ ਵਿੱਚ ਚਾਵਲ ਦੀ ਉਤਪਾਦਨ 4।3 ਟਨ ਪ੍ਰਤੀ ਹੇਕਟੇਅਰ ਤੋਂ ਵਧਕੇ 6.7 ਟਨ ਪ੍ਰਤੀ ਹੇਕਟੇਅਰ ਹੋ ਗਈ ਹੈ।

ਇੱਕ ਰਿਪੋਰਟ ਦੱਸਦੀ ਹੈ ਕਿ 2050 ਤੱਕ ਇਸ ਸੰਸਾਰ ਉਤੇ ਦਸ ਅਰਬ ਲੋਕ ਹੋਣਗੇ। ਭਾਰਤ ਦੀ ਆਬਾਦੀ ਇਸ ਸਮੇਂ ਚੀਨ ਨੂੰ ਪਛਾੜਕੇ ਪਹਿਲੇ ਨੰਬਰ 'ਤੇ ਪੁੱਜ ਚੁੱਕੀ ਹੈ ਅਤੇ ਇਸ ਆਬਾਦੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹੋ ਜਿਹੇ 'ਚ ਅਨਾਜ ਦੀ ਲੋੜ ਵਧੇਗੀ ਅਤੇ ਇੱਕ ਅਨੁਮਾਨ ਅਨੁਸਾਰ ਹੁਣ ਨਾਲੋਂ 50 ਫੀਸਦੀ ਵੱਧ ਅਨਾਜ, ਖਾਧ ਪਦਾਰਥ ਲੋੜੀਂਦੇ ਹੋਣਗੇ। ਦੇਸ਼ ਵਿੱਚ ਪਹਿਲਾਂ ਹੀ ਖੇਤੀ ਯੋਗ ਜ਼ਮੀਨ ਦੀ ਕਮੀ ਹੈ। ਹੋਰ ਜ਼ਮੀਨ ਪ੍ਰਾਪਤੀ ਲਈ ਜੰਗਲਾਂ ਦੀ ਕਟਾਈ ਹੋਏਗੀ। ਪਹਿਲਾਂ ਹੀ ਸੜਕੀ ਨਿਰਮਾਣ ਅਤੇ ਹੋਰ ਯੋਜਨਾਵਾਂ ਖੇਤੀ ਖੇਤਰ ਦੀਆਂ ਜ਼ਮੀਨਾਂ ਹਥਿਆ ਰਹੀਆਂ ਹਨ।

ਸਿੱਟੇ ਵਜੋਂ ਇੱਕ ਅਸੰਤੁਲਨ ਪੈਦਾ ਹੋ ਰਿਹਾ ਹੈ। ਇਸ ਅੰਸੋਤੁਲਨ ਨਾਲ ਤਾਪਮਾਨ ਤਾਂ ਵਧੇਗਾ ਹੀ, ਫਸਲਾਂ ਦੀ ਪੈਦਾਵਾਰ 'ਚ ਵੀ ਖਤਰਾ ਹੋਏਗਾ। ਚਣੌਤੀਆਂ ਵਧਣਗੀਆਂ। ਭੁੱਖਮਰੀ ਦੀ ਸੰਭਾਵਨਾ ਵਧ ਸਕਦੀ ਹੈ।

ਅੱਜ ਭਾਰਤ ਵਿੱਚ ਖੇਤੀ ਖੇਤਰ 'ਚ ਸੁਸਤੀ ਹੈ। ਦੇਸ਼ 'ਚ ਮੌਸਮ ਅਨਿਯਮਤ ਹੈ। ਸਿੰਚਾਈ ਸੁਵਿਧਾਵਾਂ ਦੀ ਕਮੀ ਹੈ। ਖੇਤੀ ਉਤੇ ਉਤਪਾਦਨ ਲਾਗਤ ਵਧ ਰਹੀ ਹੈ। ਫਸਲ ਦਾ ਘੱਟੋ-ਘੱਟ ਮੁੱਲ ਕਿਸਾਨ ਨੂੰ ਨਹੀਂ ਮਿਲ ਰਿਹਾ। ਕਿਸਾਨਾਂ 'ਤੇ ਕਰਜ਼ਾ ਵਧ ਰਿਹਾ ਹੈ।

ਸਰਕਾਰ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਫਸਲ ਪਰਵਹਿਨ ਅਤੇ ਭੰਡਾਰਨ ਦੀਆਂ ਸੁਵਿਧਾਵਾਂ ਦੀ ਥੁੜ ਹੈ। ਇਹਨਾਂ ਘਾਟਾਂ ਦੇ ਕਾਰਨ ਫਸਲ ਕਟਾਈ ਦੇ ਬਾਅਦ, ਕਿਸਾਨਾਂ ਨੂੰ ਸਥਾਨਕ ਵਪਾਰੀਆਂ ਅਤੇ ਵਿਚੋਲਿਆਂ ਵੱਲ ਘੱਟ ਮੁੱਲ ਉਤੇ ਆਪਣੀ ਫਸਲ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਨਾਲ ਕਿਸਾਨਾਂ ਦਾ ਹੀ ਨੁਕਸਾਨ ਨਹੀਂ ਹੁੰਦਾ, ਸਗੋਂ ਉਸ ਖੇਤਰ ਦੀਆਂ ਸਾਰੀਆਂ ਵਿਕਾਸ ਯੋਜਨਾਵਾਂ ਪ੍ਰਭਾਵਿਤ ਹੁੰਦੀਆਂ ਹਨ।

ਖੇਤੀ ਖੇਤਰ ਸੰਕਟ 'ਚ ਹੈ। ਇਹ ਭਾਰਤ ਵਰਗੇ ਵਿਕਾਸ ਕਰ ਰਹੇ ਦੇਸ਼ ਦੀਆਂ ਆਰਥਿਕ ਔਕੜਾਂ ਹੋਰ ਵਧਾ ਸਕਦਾ ਹੈ। ਖੇਤੀ ਸੰਕਟ 'ਚੋਂ ਦੇਸ਼ ਨੂੰ ਉਭਾਰਨ ਅਤੇ ਜੀਡੀਪੀ 'ਚ ਖੇਤੀ ਖੇਤਰ ਦੀ ਹਿੱਸੇਦਾਰੀ ਵਧਾਉਣ ਲਈ ਸਰਕਾਰ ਨੂੰ ਮਜ਼ਬੂਤ ਇਰਾਦੇ ਨਾਲ ਕੰਮ ਕਰਨ ਦੀ ਲੋੜ ਹੈ ਨਾ ਕਿ ਪਿੱਠ ਵਿਖਾਉਣ ਦੀ। ਕਰੋਨਾ ਕਾਲ ਸਮੇਂ ਖੇਤੀ ਅਤੇ ਪਿੰਡ ਹੀ ਸਧਾਰਨ , ਗਰੀਬ, ਲੋਕਾਂ ਦੀ ਪਿੱਠ 'ਤੇ ਖੜਿਆ ਸੀ ਅਤੇ ਸ਼ਹਿਰਾਂ 'ਚ ਵਸਦੇ ਲੱਖਾਂ ਮਜ਼ਦੂਰ ਜਦੋਂ ਪਿੰਡ ਵੱਲ ਹਿਜ਼ਰਤ ਕਰਕੇ ਗਏ ਸਨ ਤਾਂ ਭੁੱਖੇ ਨਹੀਂ ਸਨ ਮਰੇ, ਜਦਕਿ ਸ਼ਹਿਰਾਂ 'ਚ ਉਸ ਸਮੇਂ ਲੋਕਾਂ ਦੀ ਭੁੱਖੇ ਮਰਨ ਦੀ ਨੌਬਤ ਆ ਗਈ ਸੀ।

ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵ ਇੱਕ ਪਿੰਡ ਬਨਣ ਦੇ ਦੌਰ 'ਚ ਆਧੁਨਿਕੀਕਰਨ ਵਲ ਵਧਿਆ ਹੈ, ਇਸਦਾ ਦੇਸ਼ ਨੂੰ ਲਾਭ ਵੀ ਹੋਇਆ ਹੈ। ਪਰ ਇਸ ਦੌਰ 'ਚ ਖੇਤੀ ਦੀ ਸਥਿਰਤਾ ਉਤੇ ਸਵਾਲ ਉੱਠੇ ਹਨ। ਇਸ ਸਮੇਂ ਤਕਨੀਕੀ ਤਰੱਕੀ ਅਤੇ ਵਾਤਾਵਰਨ ਸਬੰਧੀ ਤਬਦੀਲੀਆਂ ਦੀਆਂ ਚਿੰਤਾਵਾਂ ਦੇ ਵਿਚਕਾਰ ਸੰਤੁਲਿਨ ਬਨਾਉਣਾ ਮਹੱਤਵਪੂਰਨ ਹੈ।

ਵਿਸ਼ਵ ਪੱਧਰ ਉਤੇ ਨਿੰਜੀਕਰਨ ਨੀਤੀਆਂ ਦੇ ਵਾਧੇ ਅਤੇ ਧੰਨ ਕੁਬੇਰਾਂ ਵਲੋਂ ਸਭੋ ਕੁਝ ਸਮੇਤ ਸਿਆਸਤ, ਵਪਾਰ ਹੜੱਪਣ ਦੇ ਦੌਰ 'ਚ ਲੋਕ-ਹਿਤੈਸ਼ੀ ਕਲਿਆਣਕਾਰੀ ਸਰਕਾਰਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਖੇਤੀ ਸਮੇਤ ਕੁਦਰਤੀ ਸੋਮਿਆਂ ਦੀ ਰਾਖੀ ਲਈ ਦ੍ਰਿੜ ਸੰਕਲਪ ਹੋਵੇ ਅਤੇ ਨੀਤੀਆਂ ਬਣਾਏ, ਕਿਉਂਕਿ ਖੇਤੀ, ਜ਼ਰਖੇਜ ਜ਼ਮੀਨ, ਜੰਗਲ, ਮਨੁੱਖ ਦਾ ਇਸ ਧਰਤੀ ਉਤੇ ਜੀਊਣ ਦਾ ਅਧਾਰ ਹਨ। ਪਰ ਇਸ ਸਬੰਧ 'ਚ ਸਰਕਾਰਾਂ ਵਲੋਂ ਉਪਰਾਮਤਾ ਦਿਖਾਈ ਗਈ।

ਸਰਕਾਰ ਵਲੋਂ ਬਜ਼ਟ ਵਿੱਚ ਖੇਤੀ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਸੀ। ਸ਼ਹਿਰੀਕਰਨ ਦੇ ਬਾਵਜੂਦ ਪਿੰਡਾਂ ਦੀ ਕੁਰਬਾਨੀ ਨਹੀਂ ਸੀ ਦਿੱਤੀ ਜਾਣੀ ਚਾਹੀਦੀ। ਅਸਲ 'ਚ ਇਹੋ ਜਿਹੀ ਯੋਗ ਖੇਤੀ ਨੀਤੀ ਹੋਣੀ ਚਾਹੀਦੀ ਸੀ, ਜਿਸ ਵਿੱਚ ਖੇਤੀ ਅਤੇ ਖੇਤੀ ਅਧਾਰਤ ਧੰਦਿਆਂ ਬਾਗ-ਬਾਨੀ, ਦੁੱਧ ਉਤਪਾਦਨ ਆਦਿ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਸੀ। ਸਿੰਚਾਈ, ਭੰਡਾਰਨ, ਪਰਵਹਿਨ ਦਾ ਪ੍ਰਬੰਧ ਹੋਣਾ ਚਾਹੀਦਾ ਸੀ।

ਬਿਨ੍ਹਾਂ ਸ਼ੱਕ ਦੇਸ਼ 'ਚ ਉਦਯੋਗਿਕ ਜ਼ਰੂਰੀ ਹੈ, ਅੰਤਰਰਾਸ਼ਟਰੀ ਵਪਾਰ-ਜੋੜ ਵੀ ਦੇਸ਼ ਲਈ ਮਹੱਤਵਪੂਰਨ ਹੈ, ਲੇਕਿਨ ਇਹ ਹਿੱਤਾਂ 'ਤੇ ਕਿਸਾਨ ਹਿੱਤਾਂ ਨੂੰ ਧਿਆਨ 'ਚ ਰੱਖਕੇ ਬਨਾਉਣ ਦੀ ਲੋੜ ਸੀ। ਪਰ ਇੰਜ ਨਹੀਂ ਹੋ ਸਕਿਆ।

ਵਧਦੀ ਵਿਸ਼ਵ ਪੱਧਰੀ ਖਾਣ ਵਾਲੀਆਂ ਚੀਜ਼ਾਂ ਦੀ ਲੋੜ ਪੂਰੀ ਕਰਨ ਲਈ ਭਾਰਤ ਦੇ ਸਾਹਮਣੇ ਵੱਡੇ ਮੌਕੇ ਹਨ। ਜ਼ੁੰਮੇਵਾਰੀਆਂ ਵੀ ਹਨ।

ਇਹ ਚਣੌਤੀਆਂ ਲਚਕੀਲੇਪਨ, ਸਰਲਤਾ ਸਿਆਣਪ ਨਾਲ ਸਵੀਕਾਰੀਆਂ ਜਾਣੀਆਂ ਚਾਹੀਦੀਆਂ ਹਨ। ਸਿਰਫ਼ "ਵਿਸ਼ਵ ਗੁਰੂ" ਬਨਣ ਦੇ ਨਾਹਰੇ ਹੀ ਭਾਰਤ ਦੀ ਆਰਥਿਕਤਾ ਨੂੰ ਹੁਲਾਰਾ ਨਹੀਂ ਦੇ ਸਕਦੇ।

ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਤਦੇ ਮਿਲ ਸਕਦਾ ਹੈ, ਜੇਕਰ ਅਸੀਂ ਦੇਸ਼ ਦੇ ਅਧਾਰ ਖੇਤੀ ਖੇਤਰ, ਛੋਟੇ ਸੀਮਤ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ, ਨੀਤੀਆਂ ਦਾ ਨਿਰਮਾਣ ਕਰਾਂਗੇ। ਕਿਸਾਨਾਂ ਨੂੰ ਆਰਥਿਕ ਤੌਰ 'ਤੇ ਤੱਕੜੇ ਕਰਨ ਲਈ ਖੇਤੀ ਨੂੰ ਜਿਆਦਾ ਵਿਵਹਾਰਿਕ ਬਣਾਵਾਂਗੇ।

ਪਰੰਪਰਿਕ ਅਜੀਵਕਾ ਦੇ ਨਾਲ-ਨਾਲ ਅਧੁਨਿਕੀਕਰਣ ਦਾ ਸੰਤੁਲਿਨ ਬਣਾਕੇ ਤੁਰਨ ਦੀ ਅੱਜ ਦੇਸ਼ ਨੂੰ ਲੋੜ ਹੈ। ਇਹ ਹੀ ਭਾਰਤ ਦੀ ਆਰਥਿਕ ਯਾਤਰਾ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਅੱਗੇ ਵਧਾਉਣ ਦੀ ਕੁੰਜੀ ਹੈ।

ਅੱਜ ਚਣੌਤੀ ਇਹੋ ਜਿਹੀਆਂ ਨੀਤੀਆਂ ਨੂੰ ਤਿਆਰ ਕਰਨ ਦੀ ਹੈ, ਜੋ ਨਾ ਕੇਵਲ ਬਦਲਦੀਆਂ ਸਥਿਤੀਆਂ ਨੂੰ ਪ੍ਰਵਾਨ ਕਰਦੀ ਹੋਵੇ, ਬਲਕਿ ਇਹ ਵੀ ਯਕੀਨੀ ਬਣਾਵੇ ਕਿ ਆਰਥਿਕ ਵਿਕਾਸ ਦਾ ਲਾਭ ਖੇਤੀ ਖੇਤਰ ਅਤੇ ਆਮ ਲੋਕਾਂ ਤੱਕ ਪੁੱਜਦਾ ਹੋਵੇ। ਨਾ ਕਿ ਦੇਸ਼ ਦਾ ਧੰਨ ਕੁਝ ਹੱਥਾਂ 'ਚ ਹੀ ਇਕੱਠਾ ਹੋਵੇ, ਅਤੇ ਲੋਕ ਦੋ ਡੰਗ ਦੀ ਰੋਟੀ ਲਈ ਵੀ ਆਤੁਰ ਹੋ ਜਾਣ।

ਮਜ਼ਬੂਤ ਲੋਕਤੰਤਰ ਅਤੇ ਕਮਜ਼ੋਰ ਲੋਕਤੰਤਰ



ਦੇਵ ਮੁਹਾਫਿਜ਼
6239139449

ਜਦੋਂ ਕੋਈ ਨਲਾਇਕ ਵਿਅਕਤੀ ਮੰਤਰੀ, ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਪਦ ਤੇ ਸਥਾਪਿਤ ਹੁੰਦਾ ਹੈ ਤਾਂ ਉਹ ਪੂਰੇ ਸਿਸਟਮ ਨੂੰ ਖ਼ਰਾਬ ਕਰ ਦਿੰਦਾ ਹੈ। ਕਿਉਂਕਿ ਉਸ ਕੋਲ ਸ਼ਾਸਨ ਚਲਾਉਣ ਦੀ ਅਕਲ ਨਹੀਂ ਹੁੰਦੀ। ਇਹ ਸਭ ਭਾਣਾ ਆਮ ਲੋਕਾਂ ਦੀ ਵਜ੍ਹਾ ਕਰਕੇ ਵਰਤਦਾ ਹੈ। ਘੱਟ ਪੜ੍ਹੇ ਲਿਖੇ ਅਤੇ ਰਾਜਨੀਤੀ ਬਾਰੇ ਘੱਟ ਸੂਝ ਬੂਝ ਹੋਣ ਕਾਰਨ ਇਹ ਆਮ ਲੋਕ ਇਹਨਾਂ ਰਾਜਨੀਤੀ ਲੋਕਾਂ ਦੀਆਂ ਚਾਲਾਂ ਨੂੰ ਸਮਝਣ ਵਿੱਚ ਅਸਮਰਥ ਹੁੰਦੇ ਹਨ। ਇਹ ਆਮ ਲੋਕ ਉਹ ਹਨ ਜੋ ਰਾਜਨੀਤੀ ਖੇਲ ਨੂੰ ਬਿਲਕੁਲ ਵੀ ਨਹੀਂ ਸਮਝਦੇ। ਇਹ ਆਮ ਲੋਕ ਉਹ ਹਨ ਜੋ ਲਾਲਚ ਦੇ ਜਾਲ ਵਿੱਚ ਫਸਾਏ ਜਾਂਦੇ ਹਨ। ਇਹ ਸੇਮ ਉਸ ਤਰ੍ਹਾਂ ਹੈ ਜਿਵੇਂ ਕਾਂਟੇ ਉੱਤੇ ਆਟਾ ਜਾਂ ਗੋਸ਼ ਲਗਾ ਕੇ ਮਛਲੀ ਨੂੰ ਫੜਿਆ ਜਾਂਦਾ ਹੈ। ਮੱਛੀ ਨੂੰ ਆਟਾ ਤਾਂ ਜ਼ਰੂਰ ਨਜ਼ਰ ਆਉਂਦਾ ਹੈ ਪਰ ਕਾਂਟਾ ਨਹੀਂ। ਜਦੋਂ ਕਾਂਟਾ ਮਛਲੀ ਦੇ ਗਲੇ ਵਿੱਚ ਫ਼ਸ ਕੇ ਦਰਦ ਦਾ ਅਹਿਸਾਸ ਕਰ-ਾਉਂਦਾ ਹੈ ਤਦੇ ਹੀ ਮਛਲੀ ਨੂੰ ਸਮਝ ਲਗਦੀ ਹੈ ਕਿ ਉਸ ਨਾ਼ਲ ਤਾਂ ਧੋਖਾ ਹੋਇਆ ਹੈ।

ਇੱਥੇ ਫ਼ਿਰ ਇਹੀ ਕਹਾਵਤ ਕਹੀ ਜਾ ਸਕਦੀ ਹੈ ~

ਅਬ ਪਛਤਾਏ ਕਿਆ ਹੇਤੁ
ਜਬ ਚਿੜੀਆ ਚੁਗ ਗਈ ਖੇਤ।

ਇਹ ਰਜਵਾੜੇ ਰਾਜਨੀਤੀ ਸ਼ਿਕਾਰੀ ਹਨ ਤੇ ਆਮ ਲੋਕ ਇਹ ਉਹ ਮਛਲੀਆਂ ਹਨ ਜਿਨ੍ਹਾਂ ਨੂੰ ਰਾਜਨੀਤੀ ਰਜਵਾੜੇ ਲੋਕਾਂ ਨੇ ਤਲ ਕੇ ਖਾਣਾਂ ਹੈ।

ਜਦੋਂ ਰਾਜਨੀਤੀ ਦੀ ਘੱਟ ਸਮਝ ਰੱਖਣ ਵਾਲਿਆਂ ਤੋਂ ਰਾਜਨੀਤਕ ਦਲਾਂ ਦੁਆਰਾ ਲਾਲਚ ਦੇ ਕੇ ਵੋਟਾਂ ਖਰੀਦ ਕੇ ਸੱਤਾ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਉਦੋਂ ਲੋਕਤੰਤ ਲੋਕਤੰਤਰ ਨਹੀਂ ਰਹਿ ਜਾਂਦਾ। ਫਿਰ ਇਸਦੇ ਅਰਥ ਬਦਲ ਜਾਂਦੇ ਹਨ ਤੇ ਲੋਕਤੰਤਰ ਲੁੱਟਤੰਤਰ ਵਿੱਚ ਬਦਲ ਜਾਂਦਾ ਹੈ। ਫਿਰ ਇੱਥੇ ਸਵਾਲ ਇਹ ਵੀ ਪੈਦਾ ਹੋ ਜਾਂਦਾ ਹੈ ਕਿ ਕੀ ਲੋਕਤੰਤਰ ਨੂੰ ਵੀ ਖ਼ਰੀਦਿਆ ਜਾ ਸਕਦਾ ਹੈ?

ਤਾਂ ਜਵਾਬ ਮਿਲੇਗਾ - ਖ਼ਰੀਦਿਆ ਵੀ ਜਾ ਸਕਦਾ ਹੈ ਤੇ ਨਹੀਂ ਵੀ। ਜਵਾਬ ਦੀ ਪੁਸ਼ਟੀ ਅਨੁਸਾਰ ਜ਼ੇਕਰ ਸਾਰਾ ਸਮਾਜ਼ ਪੜਿਆ ਲਿਖਿਆ ਹੈ, ਰਾਜਨੀਤੀ ਦੀ ਸੂਝਬੂਝ ਰੱਖਣ ਵਾਲਾ ਹੈ, ਦੇਸ਼ ਅਤੇ ਆਪਣੀਆਂ ਆਉਂਣ ਵਾਲੀਆਂ ਪੀੜ੍ਹੀਆਂ ਦੀ

ਫ਼ਿਕਰ ਕਰਨ ਵਾਲਾ ਹੈ ਤਾਂ ਅਜਿਹਾ ਜ਼ਿੰਮੇਵਾਰ ਸਮਾਜ਼ ਨੂੰ ਕਦੇ ਵੀ ਖ਼ਰੀਦਿਆ ਨਹੀਂ ਜਾ ਸਕਦਾ ਤੇ ਜ਼ਿੰਮੇਵਾਰ ਸਮਾਜ਼ ਹੀ ਮਜ਼ਬੂਤ ਲੋਕਤੰਤਰ ਨੂੰ ਜਨਮ ਦਿੰਦਾ ਹੈ। ਇਸਦੇ ਉੱਲਟ ਜਿਹੜਾ ਸਮਾਜ਼ ਘੱਟ ਪੜ੍ਹਿਆ ਲਿਖਿਆ, ਰਾਜਨੀਤੀ ਤੋਂ ਅਨਜਾਣ ਅਤੇ ਆਪਣੀਆਂ ਆਉਂਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਤੋਂ ਬੇਫ਼ਿਕਰ ਹੈ ਤਾਂ ਅਜਿਹੇ ਸਮਾਜ ਨੂੰ ਅਸਾਨੀ ਨਾਲ ਖ਼ਰੀਦਿਆ ਜਾ ਸਕਦਾ ਹੈ। ਅਜਿਹਾ ਨਲਾਇਕ ਸਮਾਜ ਕਮਜ਼ੋਰ ਅਤੇ ਵਿਕਾਊ ਲ

ਜਨਮ ਦਿਨ 'ਤੇ ਵਿਸ਼ੇਸ਼

ਭਾਈ ਹਿੰਮਤ ਸਿੰਘ ਜੋ ਪੰਜ ਪਿਆਰਿਆਂ ਵਿਚ ਸ਼ਾਮਿਲ ਸਨ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਭਾਈ ਹਿੰਮਤ ਸਿੰਘ ਉਹ ਸਨ ਜੋ ਖ਼ਾਲਸਾ ਸਿਰਜਣਾ ਵਾਸਤੇ ਸੀਸ ਭੇਟਾ ਕਰਨ ਲਈ ਸਭ ਤੋਂ ਅਖੀਰ ਵਿੱਚ ਉੱਠੇ। ਮੰਗਲ ਸਿੰਘ ਦੇ ਜੀਵਨ ਬ੍ਰਿਤਾਂਤ ਬਾਬਾ ਬੁੱਢਾ ਜੀ ਅਨੁਸਾਰ ਇਹ 1718 ਬਿ. ਵਿੱਚ ਜਗਨਨਾਥ ਪੁਰੀ ਵਿੱਚ ਪਿਤਾ ਸ੍ਰੀ ਗੁਲਜ਼ਾਰੀ ਝਿਊਰ ਦੇ ਘਰ ਮਾਤਾ ਬੀਬੀ ਧੰਨੋ ਜੀ ਤੋਂ ਪੈਦਾ ਹੋਏ। ਗਿ. ਠਾਕੁਰ ਸਿੰਘ ਗੁਰਦੁਆਰੇ ਦਰਸ਼ਨ ਵਿੱਚ ਇਨ੍ਹਾਂ ਦਾ ਜਨਮ ਸੰਮਤ 1718 ਬਿ. ਹੀ ਲਿਖਿਆ ਹੋਇਆ ਪਰ ਉਹ ਮਿਤੀ 5 ਮਾਘ ਵੀ ਦਿੰਦੇ ਹਨ। ਉਨ੍ਹਾਂ ਅਨੁਸਾਰ ਇਹ ਸ੍ਰੀ ਜੋਤੀ ਰਾਮ ਝਿਊਰ ਦੇ ਘਰ ਪਿੰਡ ਸੰਗਤਪੁਰਾ (ਪਟਿਆਲਾ) ਵਿੱਚ ਮਾਤਾ ਬੀਬੀ ਰਾਮੋ ਜੀ ਤੋਂ ਪੈਦਾ ਹੋਏ। ਇਹ 1735 ਵਿੱਚ ਗੁਰੂ ਜੀ ਦੇ ਚਰਨੀਂ ਲੱਗੇ। ਹਿੰਮਤ ਸਿੰਘ ਜੀ ਬਾਰੇ ਸ੍ਰੀ ਗੁਰ ਸੋਭਾ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਹਿਮਾ ਪ੍ਰਕਾਸ਼ ਵਿੱਚ ਕੁਝ ਨਹੀਂ ਮਿਲਦਾ।

ਗੁਰ ਬਿਲਾਸ (ਸੁਖਾ ਸਿੰਘ) ਵਿੱਚ ਇਸ ਦੇ ਨਾਂ ਤੇ ਨਿਵਾਸ ਸਥਾਨ ਦਾ ਉਲੇਖ ਪਹਿਲਾਂ ਪਹਿਲ ਮਿਲਦਾ ਹੈ। ਇਹ ਸੀਸ ਭੇਟਾ ਲਈ ਸਭ ਤੋਂ ਬਾਅਦ ਵਿੱਚ ਪੇਸ਼ ਹੋਏ। ਦੁਨੀ ਚੰਦ ਆਪਣੇ ਹਾਥੀ ਦਾ ਮੁਕਾਬਲਾ ਕਰਨ ਵਾਲੀ ਸਮੱਸਿਆ ਦੇ ਉਠਣ ਸਮੇਂ ਪੰਜ ਪਿਆਰਿਆਂ (ਹਿੰਮਤ ਸਿੰਘ ਸਮੇਤ) ਅੱਗੇ ਪੇਸ਼ ਹੁੰਦਾ ਹੈ। ਇਸ ਰਚਨਾ ਵਿੱਚ ਚਮਕੌਰ ਦੀ ਲੜਾਈ ਵਿੱਚ ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਦੀ ਸ਼ਹੀਦੀ ਦਾ ਉਲੇਖ ਵੀ ਮਿਲਦਾ ਹੈ। ਸਿੰਘ ਸਾਗਰ ਅਨੁਸਾਰ ਵੀ ਹਿੰਮਤ ਸਿੰਘ ਸੀਸ ਭੇਟ ਲਈ ਸਭ ਤੋਂ ਅਖੀਰ ਵਿੱਚ ਖੜ੍ਹੇ ਹੋਏ। ਇਨ੍ਹਾਂ ਨੂੰ ਬੱਧਕ ਦੇ ਅਵਤਾਰ ਆਖਿਆ ਗਿਆ ਹੈ। ਇਹ ਜਗਨਨਾਥ ਦੇ ਜਲ ਭਰਾਂ ਵਿੱਚੋਂ ਦੱਸੇ ਗਏ ਹਨ। ਅੰਮ੍ਰਿਤ ਤਿਆਰੀ ਸਮੇਂ ਜਿਥੇ ਭਾਈ ਦਯਾ ਸਿੰਘ ਨੇ ਜਲ ਲਿਆਂਦਾ,ਭਾਈ ਮੁਹਕਮ ਸਿੰਘ ਨੇ ਉਸ ਵਿੱਚ ਮਿੱਠਾ ਪਾਇਆ, ਉੱਥੇ ਬਾਕੀ ਸਾਥੀਆਂ ਦੇ ਨਾਲ ਭਾਈ ਹਿੰਮਤ ਸਿੰਘ ਨੇ ਅਕਾਲ ਪੁਰਖ ਦਾ ਜਾਪ ਕੀਤਾ।

ਗੁਰ ਬਿਲਾਸ ਪਾਤਸ਼ਾਹੀ 10 (ਕੋਇਰ ਸਿੰਘ) ਵਿੱਚ ਭਾਈ ਹਿੰਮਤ ਸਿੰਘ ਨੂੰ ਬੱਧਕ ਅਵਤਾਰ ਤੇ ਜਗਨਨਾਥ ਪੁਰੀ ਦਾ ਵਾਸੀ ਦੱਸਿਆ ਗਿਆ ਹੈ। ਇਸ ਦੀ ਜ਼ਾਤ ਝੀਵਰ ਹੈ। ਬਿਪ੍ਰਾਂ ਦੀ ਸੰਗਤਾਂ ਦੀ ਪੂਜਾ ਵਿੱਚ ਜਿਥੇ ਭਾਈ ਦਯਾ ਸਿੰਘ ਨੇ ਪਰੋਸਣ ਦਾ ਕੰਮ ਕੀਤਾ ਇਨ੍ਹਾਂ ਨੇ ਜਲ ਲਿਆਉਣ ਦੀ ਸੇਵਾ ਕੀਤੀ। ਭੱਟਵਹੀ ਭਾਦਸੋਂ (ਪਰਗਣਾ ਥਨੇਸਰ) ਅਨੁਸਾਰ ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਪੁਰ ਸਭ ਤੋਂ ਅਖੀਰ ਵਿੱਚ ਸੀਸ ਭੇਟਾ ਲਈ

ਉੱਠੇ। ਗੁਰੂ ਦੀਆਂ ਸਾਖੀਆਂ ਵਿੱਚ ਇਨ੍ਹਾਂ ਨੂੰ ਝੀਵਰ ਦੀ ਥਾਂ ਮਹਿਰਾ ਆਖਿਆ ਗਿਆ ਹੈ। ਅਸੀਂ ਵੇਖਿਆ ਕਿ ਭਟਵਹੀ ਤੇ ਗੁਰੂ ਦੀਆਂ ਸਾਖੀਆਂ ਵਿੱਚ ਹੀ ਪੰਜ ਪਿਆਰਿਆਂ ਦੇ ਅੰਮ੍ਰਿਤ ਛਕਣ ਤੋਂ ਪਹਿਲੇ ਨਾਂ ਦਿੱਤੇ ਗਏ ਹਨ। ਬਾਕੀ ਰਚਨਾਵਾਂ ਵਿੱਚ ਅਜਿਹਾ ਨਹੀਂ ਕੀਤਾ ਗਿਆ।

ਨਿਰਮੋਹਗੜ੍ਹ ਦੀ ਲੜਾਈ ਵਿੱਚ ਗੁਰੂ ਦੀਆਂ ਸਾਖੀਆਂ ਅਨੁਸਾਰ ਜਿਸ ਹਿੰਮਤ ਸਿੰਘ ਨੇ ਸ਼ਹੀਦੀ ਪਾਈ ਉਹ ਜੀਤੇ ਦਾ ਪੁੱਤਰ ਤੇ ਰਾਮੇ ਉਦਾਨੇ ਦਾ ਪੋਤਰਾ ਸੀ ਇਉਂ ਇਹ ਇਸ ਹਿੰਮਤ ਸਿੰਘ ਤੋਂ ਵੱਖਰਾ ਵਿਅਕਤੀ ਹੈ। ਚਮਕੌਰ ਦੀ ਲੜਾਈ ਵਿੱਚ ਇਨ੍ਹਾਂ ਨੂੰ ਭਾਈ ਦਯਾ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਸਮੇਤ ਗੁਰੂ ਜੀ ਨੇ ਆਪਣੇ ਪਾਸ ਰੱਖਿਆ, ਜਦੋਂ ਕਿ ਭਾਈ ਧਰਮ ਸਿੰਘ ਤੇ ਆਲਮ ਸਿੰਘ ਦੋਹਾਂ ਪਾਸਿਆਂ ਦੀ ਤਕੜਾਈ ਲਈ ਖਲਿਹਾਰੇ ਗਏ। ਅਖੀਰ ਇਹ ਵੀ ਬਾਕੀ ਸਿੱਖਾਂ ਸਮੇਤ ਸ਼ਹੀਦੀ ਪਾ ਗਏ ਅਤੇ ਕੇਵਲ ਭਾਈ ਦਯਾ ਸਿੰਘ, ਸ. ਮਾਨ ਸਿੰਘ, ਭਾਈ ਧਰਮ ਸਿੰਘ ਤੇ ਸ. ਰਾਮ ਸਿੰਘ ਹੀ ਬਚ ਸਕੇ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਵੀ ਭਾਈ ਹਿੰਮਤ ਸਿੰਘ ਝੀਵਰ, ਜਗਨਨਾਥ ਨਿਵਾਸੀ ਸਭ ਤੋਂ ਅਖੀਰ ਵਿੱਚ ਸੀਸ ਭੇਟ ਲਈ ਪੇਸ਼ ਹੋਏ।

ਗੁਰੂ ਜੀ ਨਾਲ ਹੁੰਦੀਆਂ ਗੋਸ਼ਟੀਆਂ ਤੇ ਵਿਚਾਰ ਵਟਾਂਦਰੇ ਵਿੱਚ ਭਾਈ ਹਿੰਮਤ ਸਿੰਘ ਜੀ ਵੀ ਸ਼ਾਮਿਲ ਹੁੰਦੇ ਹਨ। ਅਜਿਹੀ ਇੱਕ ਗੋਸ਼ਟੀ ਤੀਜੀ ਰੁਤ ਦੇ 41ਵੇਂ ਅੰਸੂ ਵਿੱਚ ਵਿਖਾਈ ਗਈ ਹੈ, ਜਿਸ ਵਿੱਚ ਭਾਈ ਦਯਾ ਸਿੰਘ, ਭਾਈ ਮੁਹਕਮ ਸਿੰਘ ਆਦਿ ਸਮੇਤ ਇਹ ਵੀ ਗੁਰੂ ਜੀ ਪਾਸੋਂ ਸ਼ਹੀਦਾਂ ਦੀ ਅਹਿਮੀਅਤ ਬਾਰੇ ਪੁੱਛਦੇ ਹਨ। ਭਾਈ ਦਯਾ ਸਿੰਘ, ਉਦੇ ਸਿੰਘ, ਆਲਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਨੂੰ ਗੁਰੂ ਜੀ ਖਾਲਸੇ ਰਾਹੀਂ ਮੁਗਲ ਪਠਾਣਾਂ ਦੇ ਤੇਜ ਦੇ ਨਸ਼ਟ ਕਰਕੇ ਜਿੱਤ ਪ੍ਰਾਪਤ ਕਰਨ ਬਾਰੇ ਦੱਸਦੇ ਹਨ।

ਕੇਸਰੀ ਚੰਦ ਤੇ ਹਾਥੀ ਨਾਲ ਲੜਾਈ ਦੌਰਾਨ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਵੀ ਸੰਘਰਸ਼ ਵਿੱਚ ਭਾਗ ਲੈਂਦੇ ਹਨ। ਇਸ ਵਿੱਚ ਰਾਜਾ ਕੇਸਰੀ ਚੰਦ ਮਾਰਿਆ ਜਾਂਦਾ ਹੈ। ਇਸ ਘਟਨਾ ਤੋਂ ਬਾਅਦ ਉਦੇ ਸਿੰਘ, ਬਚਿਤ੍ਰ ਸਿੰਘ ਦੇ ਹਮਰਾਹ ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੁਹਕਮ ਸਿੰਘ ਵੀ ਗੁਰੂ ਜੀ ਪਾਸ ਜਾ ਕੇ ਹਾਲ ਦੱਸਦੇ ਹਨ। ਇਸ ਤੋਂ ਬਾਅਦ ਭੀਮ ਚੰਦ ਆਦਿ ਰਾਜਿਆਂ ਨਾਲ ਸੰਘਰਸ਼ ਵਿੱਚ ਵੀ ਹੋਰਨਾਂ ਸਿੰਘਾਂ ਦੇ ਨਾਲ ਭਾਈ ਹਿੰਮਤ ਸਿੰਘ ਵੀ ਯੋਗਦਾਨ ਪਾਉਂਦੇ ਹਨ।

ਰੁਤ 5 ਵਿੱਚ ਪਹਾੜੀ ਰਾਜਿਆਂ ਦੀ ਯੁੱਧ ਨੀਤੀ ਸਬੰਧੀ ਗੁਰੂ ਜੀ ਉਦੇ ਸਿੰਘ, ਆਲਮ ਸਿੰਘ, ਭਾਈ ਦਯਾ ਸਿੰਘ, ਭਾਈ ਮੁਹਕਮ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ ਆਦਿ ਨਾਲ ਵਿਚਾਰ-ਵਟਾਂਦਰਾ ਕਰਦੇ ਹਨ। ਆਨੰਦਪੁਰ ਤਿਆਗਣ ਸਬੰਧੀ ਵਿਚਾਰ-ਵਟਾਂਦਰੇ ਦੌਰਾਨ ਭਾਈ ਹਿੰਮਤ ਸਿੰਘ ਸਮੇਤ ਪੰਜ ਪਿਆਰੇ, ਪੰਜ ਮੁਕਤੇ, ਉਦੇ ਸਿੰਘ ਆਦਿ ਸਿੱਖ, ਗੁਰੂ ਜੀ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕਰਦੇ ਹਨ। ਚਮਕੌਰ ਦੀ ਲੜਾਈ ਸਮੇਂ ਭਾਈ ਮੁਹਕਮ ਸਿੰਘ ਤੋਂ ਬਾਅਦ ਭਾਈ ਸਾਹਿਬ ਸਿੰਘ ਤੇਭਾਈ ਹਿੰਮਤ ਸਿੰਘ ਕਿਲ੍ਹੇ ਵਿੱਚੋਂ ਨਿਕਲ ਕੇ ਲੜਾਈ ਦੇ ਮੈਦਾਨ ਵਿੱਚ ਜਾ ਕੇ ਲੜਦੇ ਤੇ ਸ਼ਹੀਦੀ ਪ੍ਰਾਪਤ ਕਰਦੇ ਹਨ।

(ਵਿਸਥਾਰ ਲਈ ਦੇਖੋ ਕਿਤਾਬ, 'ਪੰਜ ਪਿਆਰੇ'
ਲੇਖਕ ਡਾ. ਰਾਏਜਸਬੀਰ ਸਿੰਘ,
ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰਨੇ 61-63)

ਪੰਜਾਬੀ ਸੱਭਿਆਚਾਰ ਨੂੰ ਦਰਪੇਸ਼ ਗੰਭੀਰ ਖ਼ਤਰਾ

ਅਮਰ ਗਰਗ ਕਲਮਦਾਨ
91-98143-41746

ਡਾ. ਸਵਰਾਜ ਸਿੰਘ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਚੜ੍ਹਦੇ ਸਾਲ ਆਪਣੇ ਜਨਮ ਦਿਨ ਨੂੰ ਵਿਚਾਰ ਸਿਰਜਣਾ ਦਾ ਮੰਚ ਬਣਾ ਦਿੱਤਾ। ਵਿਚਾਰ ਸਿਰਜਣਾ ਵੀ ਉਹ ਜਿਸਦੀ ਅੱਜ ਪੰਜਾਬ ਨੂੰ ਗਰਦਿਸ਼ ਵਿੱਚੋਂ ਕੱਢਣ ਲਈ ਜ਼ਰੂਰਤ ਹੈ।

ਵਿਚਾਰ ਸਿਰਜਣਾ ਦੇ ਇਸ ਮਹਾਂਯੱਗ ਦਾ ਭਾਸ਼ਾ ਵਿਭਾਗ ਦੇ ਮੰਚ ਉੱਪਰ ਪ੍ਰਯੋਜਨ ਲਈ ਮਾਲਵਾ ਰਿਸਰਚ ਸੈਂਟਰ ਪਟਿਆਲਾ ਅਤੇ ਇਸਦੇ ਸੰਯੋਜਕ ਡਾ। ਭਗਵੰਤ ਸਿੰਘ ਵੀ ਵਧਾਈ ਦੇ ਪਾਤਰ ਹਨ। ਮੈਂ ਇੱਕ ਤੁੱਛ ਕਲਮ ਸਾਧਕ ਇਸ ਵਿਚਾਰ-ਸਿਰਜਣਾ ਚ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਾਂਗਾ। ਅੱਜ ਸਾਡੇ ਸਾਹਮਣੇ ਪੰਜਾਬ ਨੂੰ ਗਰਦਿਸ਼ ਚ ਧੱਕਣ ਦੇ ਕਈ ਪੱਖ ਨਜ਼ਰ ਆ ਰਹੇ ਹਨ:-

ੳ) ਵੱਡੇ ਪੱਧਰ ਉੱਪਰ ਪੱਛੜੀਆਂ ਸ਼੍ਰੇਣੀਆਂ ਦੀ ਧਰਮ ਤਬਦੀਲੀ।
ਅ) ਜੱਟ ਸਿੱਖਾਂ ਦਾ ਵੱਡੇ ਪੱਧਰ ਉੱਪਰ ਬਾਹਰਲੇ ਦੇਸ਼ਾਂ ਵੱਲ ਪਲਾਇਨ।
ੲ) ਪੰਜਾਬ ਦੇ ਨੌਜਵਾਨਾਂ ਦੇ ਬੌਧਿਕ ਸਤਰ ਦਾ ਅਤਿ ਨੀਵਾਂ ਹੋਣਾ।
ਸ) ਪੰਜਾਬ ਦੇ ਨੌਜਵਾਨਾਂ ਦਾ ਵਿਗਿਆਨ, ਹਿਸਾਬ ਅਤੇ ਉੱਚ ਵਿੱਦਿਆ ਨਾਲੋਂ ਮੋਹ ਭੰਗ ਹੋਣਾ।
ਹ) ਪੰਜਾਬੀ ਨੌਜਵਾਨਾਂ ਦੀ ਵਿਰਤੀ ਬੇ-ਸੁਰੇ ਅਤੇ ਅੱਤ ਦਰਜੇ ਦੇ ਹਲਕੇ ਗੀਤਾਂ ਵੱਲ ਹੋਣਾ ਪੰਜਾਬੀ ਸੱਭਿਆਚਾਰ ਦੀ ਚਿੰਤਾਜਨਕ ਗਿਰਾਵਟ ਹੈ।
ਕ) ਜੱਟ ਸਿੱਖਾਂ ਦੀ ਪ੍ਰਜਨਣ ਦਰ ਚ ਗਿਰਾਵਟ।
ਖ) ਜੱਟ ਸਿੱਖਾਂ ਨਾਲ ਸੰਬੰਧਤ ਨੌਜਵਾਨੀ ਦਾ ਨਸ਼ੇ ਦੀ ਸਮਗਲਿੰਗ ਅਤੇ ਸੇਵਨ ਵਿੱਚ ਬੁਰੀ ਤਰਾਂ ਫਸਦੇ ਜਾਣਾ।

ਉਪਰੋਕਤ ਸਾਰੀਆਂ ਅਲਾਮਤਾਂ ਦੇ ਪਿਛੋਕੜ ਵਿੱਚ ਇੱਕੋ ਜਿਹੇ ਕਾਰਨ ਹਨ ਅਤੇ ਉਪਰੋਕਤ ਅਲਾਮਤਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਜਿਵੇਂ ਜੇਕਰ ਦਿਮਾਗੀ ਸਤਰ ਨੀਵਾਂ ਹੁੰਦਾ ਹੈ ਤਾਂ ਬੇ-ਸੁਰੇ ਹਲਕੇ ਗੀਤਾਂ ਦਾ ਚਲਨ ਪੈਦਾ ਹੁੰਦਾ ਹੈ, ਉੱਚ ਵਿੱਦਿਆ ਵੱਲੋਂ ਮੋਹ ਭੰਗ ਹੁੰਦਾ ਹੈ ਅਤੇ ਨਸ਼ੇ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ।

ਕੀ ਪੰਜਾਬ ਦੇ ਬੁੱਧੀਜੀਵੀਆਂ ਜਾਂ ਪੰਜਾਬ ਦੀਆਂ ਸਰਕਾਰਾਂ ਨੇ ਇਹਨਾ ਅਲਾਮਤਾਂ ਤੋਂ ਪਾਰ ਪਾਉਣ ਦੀ ਕੋਈ ਸਾਰਥਕ ਸੇਧ ਜਾਂ ਯਤਨ ਕੀਤਾ ਹੈ, ਮੈਂ ਕਰਾਂਗਾ ਬਿਲਕੁਲ ਨਹੀਂ, ਸਗੋਂ ਉਨ੍ਹਾਂ ਦੀ ਸੋਚ ਇਹਨਾ ਅਲਾਮਤਾਂ ਦੀਆਂ ਜੜਾਂ ਨੂੰ ਹੋਰ ਡੂੰਘਾ ਕਰ ਰਹੀ ਹੈ। ਆਉ ਹੁਣ ਇਸ ਨਿਬੰਧ ਦਾ ਸਭ ਤੋਂ ਮਹੱਤਵਪੂਰਨ ਅੰਗ ਇਹਨਾਂ ਅਲਾਮਤਾਂ ਦੇ ਕਾਰਨਾਂ ਵੱਲ ਝਾਤੀ ਮਾਰਦੇ ਹਾਂ।

(1) 1980-90 ਦੇ ਦਸ਼ਕ ਵਿੱਚ ਸਿੱਖ ਮਾਨਸਿਕਤਾ ਉੱਪਰ ਮਿਲੀਟੈਂਸੀ ਦਾ ਹਾਵੀ ਹੋਣਾ ਉਪਰੋਕਤ ਅਲਾਮਤਾਂ ਪੈਦਾ ਹੋਣ ਦਾ ਸਭ ਤੋਂ ਵੱਡਾ ਅਤੇ ਪਹਿਲਾ ਕਾਰਨ ਹੈ। ਇਸ ਮਾਨਸਿਕਤਾ ਨੇ ਪੰਜਾਬ ਦੇ ਸੱਭਿਆਚਾਰ ਉੱਪਰ ਮਾਰੂ ਸੱਟ ਮਾਰੀ ਹੈ। ਪੰਜਾਬ ਦੇ ਨੌਜਵਾਨਾਂ ਦਾ ਮਿੱਟੀ ਨਾਲੋਂ ਮੋਹ ਭੰਗ ਅਤੇ

ਮਨਾਂ ਵਿੱਚੋਂ ਰਾਸ਼ਟਰੀ ਭਾਵਨਾ ਖ਼ਤਮ ਹੋਣ ਦੇ ਖ਼ਤਰਨਾਕ ਸਿੱਟੇ ਨਿਕਲਕੇ ਸਾਹਮਣੇ ਆਏ ਹਨ। ਇਨ੍ਹਾਂ ਖ਼ਤਰਨਾਕ ਸਿੱਟਿਆਂ ਕਾਰਨ ਹੀ, ਦੂਸਰੇ ਦੇਸ਼ਾਂ ਵੱਲ ਪਲਾਇਨ ਵਧਿਆ ਹੈ। ਕਿਸੇ ਵੀ ਪ੍ਰਕ੍ਰਿਤਿਕ ਸੱਭਿਆਚਾਰ ਦੀ ਬੁਨਿਆਦ ਤਿੰਨ ਮਾਵਾਂ ਜਿਨ੍ਹਾਂ ਵਿੱਚ ਪਹਿਲੀ ਜਨਨੀ ਮਾਂ, ਦੂਜੀ ਜਨਮ ਭੂਮੀ ਅਤੇ ਤੀਜੀ ਕਿਰਤ ਦੀ ਵਾਹਕ ਗਊ ਮਾਂ ਹੁੰਦੀ ਹੈ। ਇਹਨਾ ਤਿੰਨਾਂ ਤੋਂ ਹੀ ਪੰਜਾਬੀ ਪੇਂਡੂ ਨੌਜਵਾਨ ਦੂਰ ਜਾ ਚੁੱਕਾ ਹੈ। ਜਿਸ ਕਾਰਨ ਉਹ ਪੰਜਾਬੀ ਸੱਭਿਆਚਾਰ ਤੋਂ ਵੀ ਟੁੱਟਦਾ ਜਾ ਰਿਹਾ ਹੈ।

ਜਦੋਂ ਨੌਜਵਾਨਾਂ ਦੇ ਮਨਾਂ ਵਿੱਚੋਂ ਆਪਣੇ ਦੇਸ਼ ਅਤੇ ਰਾਸ਼ਟਰੀ ਭਾਵਨਾ ਦਾ ਸੰਕਲਪ ਖ਼ਤਮ ਹੁੰਦਾ ਹੈ ਤਾਂ ਮਾਨਸਿਕਤਾ ਰੋਹਿੰਗੀਆਂ ਦਾ ਰੂਪ ਧਾਰਨ ਕਰਦੀ ਹੈ, ਫੇਰ ਪਲਾਇਨ ਨੂੰ ਕੌਣ ਰੋਕ ਸਕਦਾ ਹੈ? ਸਧਾਰਨ ਕਿਸਾਨ ਜਮੀਨਾਂ ਵੇਚ ਕੇ ਅਤੇ ਵੱਡੀਆਂ ਜਾਇਦਾਦਾਂ ਵਾਲੇ ਕਿਸਾਨਾਂ ਦੇ ਧੀਆਂ-ਪੁੱਤਰਾਂ ਵੱਲੋਂ ਵਿਦੇਸ਼ ਜਾ ਕੇ ਨਿਮਨ ਸਤਰ ਦੇ ਕੰਮ ਕਰਨਾ ਇਸ ਗੱਲ ਦੀ ਤਾਇਦ ਕਰਦਾ ਹੈ।

1947 ਤੋਂ 1970 ਤੱਕ ਦੇ ਸਮਾਂ ਕਾਲ, ਪੰਜਾਬ ਵਿੱਚ ਕਮਿਊਨਿਸਟਾਂ ਦੇ ਉਭਾਰ ਦੀ ਕੇਂਦਰੀ ਸੋਚ ਵਿੱਚ ਇੱਕ ਵਧੀਆ ਦੇਸ਼ ਅਤੇ ਰਾਸ਼ਟਰ ਬਣਾਉਣ ਦਾ ਸੰਕਲਪ ਮੌਜੂਦ ਸੀ, ਬੌਧਿਕਤਾ ਦਾ ਜੋਰ ਸੀ, ਜਿਸ ਕਾਰਨ ਉਸ ਵਕਤ ਉਪਰੋਕਤ ਅਲਾਮਤਾਂ ਸਾਡੇ ਸਾਹਮਣੇ ਨਹੀਂ ਸਨ।

ਸਿੱਖ ਸਿਧਾਤਾਂ ਨੂੰ ਪ੍ਰਕ੍ਰਿਤੀ ਨਾਲੋਂ ਤੋੜ ਕੇ ਕੇਵਲ ਨਿਰਾਕਾਰ ਅਦਿੱਖ ਈਸ਼ਵਰ ਤੇ ਕੇਂਦਰਤ ਕਰਨ ਨਾਲ ਪੰਜਾਬ ਦੇ ਸੱਭਿਆਚਾਰ ਉੱਪਰ ਮਾਰੂ ਪ੍ਰਭਾਵ ਪਿਆ ਹੈ। ਪ੍ਰਕ੍ਰਿਤੀ ਅਤੇ ਇਸਦੇ ਤੱਤਾਂ ਦੀ ਉਪਾਸਨਾਂ ਵਿਧੀ ਕਿਸੇ ਵੀ ਪ੍ਰਾਕ੍ਰਿਤਿਕ ਸੱਭਿਆਚਾਰ ਦਾ ਆਧਾਰ ਹੁੰਦੀ ਹੈ, ਸੱਭਿਆਚਾਰ ਦੀ ਉਸਾਰੀ ਸਦਾ ਸਨਾਤਨ ਅਤੇ ਸਾਕਾਰ ਤੱਤਾਂ ਦੇ ਟਿਕੀ ਹੁੰਦੀ ਹੈ।

ਇਸ ਨਿਬੰਧ ਦਾ ਆਖਰੀ ਬਿੰਦੂ ਹੈ, ਪੰਜਾਬ ਵਿੱਚ ਵੱਧ ਰਹੀ ਨਸ਼ਾਵ੍ਰਿਤੀ। ਪੰਜਾਬ ਦਾ ਸਮਾਜ, ਸ਼ਰਾਬ, ਭੁੱਕੀ ਅਤੇ ਅਫ਼ੀਮ ਵਰਗੇ ਨਸ਼ਿਆਂ ਨੂੰ ਸਦੀਆਂ ਤੋਂ ਝੱਲਦਾ ਆ ਰਿਹਾ ਹੈ। ਇਹ ਨਸ਼ੇ ਸਮਾਜ ਦੀਆਂ ਜੜਾਂ ਨੂੰ ਨਹੀਂ ਹਿਲਾ ਸਕੇ। ਪਰ ਮੌਜੂਦਾ ਦੌਰ ਵਿੱਚ ਚਿੱਟੇ ਦੇ ਨਸ਼ੇ ਨੇ ਸਮਾਜ ਦੀਆਂ ਜੜਾਂ ਨੂੰ ਹਿਲਾ ਦਿੱਤਾ ਹੈ। ਚਿੱਟੇ ਦੇ ਸ਼ਿਕਾਰ 90% ਜੱਟ ਸਿੱਖ ਪਰਿਵਾਰਾਂ ਦੇ ਨੌਜਵਾਨ ਹੋ ਰਹੇ ਹਨ। ਗੁਆਂਢੀ ਦੇਸ਼ ਪਾਕਿਸਤਾਨ ਭਾਰਤੀ ਪੰਜਾਬ ਵਿੱਚ ਸਮਗਲਿੰਗ ਰਾਹੀਂ ਚਿੱਟੇ ਦੀ ਪੂਰਤੀ ਕਰਦਾ ਹੈ। ਪਰ ਵੱਡੇ ਦੁਖਾਂਤ ਦੀ ਗੱਲ ਹੈ ਕਿ ਪੰਜਾਬ ਦੇ ਬੁੱਧੀਜੀਵੀ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਚਿੱਟੇ ਦੇ ਮੁੱਖ ਸਰੋਤ ਪਾਕਿਸਤਾਨ ਨਾਲ਼ ਦੋਸਤੀ ਦਾ ਪ੍ਰਗਟਾਵਾ ਹਰ ਇੱਕ ਮੰਚ ਉੱਪਰ ਆਮ ਕਰਦੇ ਦੇਖੇ ਜਾ ਸਕਦੇ ਹਨ। ਜਿੰਨੀ ਦੇਰ ਅਸੀਂ ਚਿੱਟੇ ਦੀ ਪੂਰਤੀ ਲਈ ਪਾਕਿਸਤਾਨ ਨੂੰ ਲੜਾਈ ਦਾ ਕੇਂਦਰ ਨਹੀਂ ਬਣਾਉਂਦੇ ਉਦੋਂ ਤੱਕ ਅਸੀਂ ਪੰਜਾਬ ਵਿੱਚੋਂ ਨਸ਼ਾ ਵ੍ਰਿਤੀ ਖ਼ਤਮ ਨਹੀਂ ਕਰ ਸਕਦੇ। ਜੇ।ਬੀ।ਸੇ ਦਾ ਆਰਥਿਕ ਨਿਯਮ ਹੈ : ਪੂਰਤੀ ਆਪਣੀ ਮੰਗ ਆਪ ਪੈਦਾ ਕਰ ਲੈਂਦੀ ਹੈ।

ਸਰਹੱਦ ਦੀ ਵੰਡ ਵੇਲੇ ਭਾਰਤੀ ਪੰਜਾਬ ਨਾਲ਼ ਵੱਡਾ ਧੋਖਾ ਹੋਇਆ ਸੀ। ਜਦੋਂ ਰਾਵੀ ਨੂੰ ਸਰਹੱਦ ਮੰਨ ਲਿਆ ਗਿਆ ਤਾਂ ਪਾਕਿਸਤਾਨ ਵੱਲੋਂ ਰਾਜਧਾਨੀਆਂ ਬਣਾਉਣ ਦੀ ਮੰਗ ਤੇ ਲਹੌਰ ਅਤੇ ਮੁਲਤਾਨ ਸਰਹੱਦੀ ਲੂਪ ਬਣਾ ਕੇ ਸਾਥੋਂ ਖੋਹ ਲਏ ਗਏ, ਇਹ ਦੋਵੇਂ ਸ਼ਹਿਰ ਸਾਡੀ ਸੰਸਕ੍ਰਿਤੀ ਦੇ ਕੇਂਦਰ ਬਿੰਦੂ ਸਨ। ਲਾਹੌਰ ਸ੍ਰੀ ਰਾਮ ਚੰਦਰ ਜੀ ਦੇ ਪੁੱਤਰ ਲਵ ਨੇ ਵਸਾਇਆ ਸੀ ਅਤੇ ਲੰਮਾਂ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਰਾਜਧਾਨੀ ਰਿਹਾ ਹੈ, ਮੁਲਤਾਨ ਵਿਖੇ ਪੰਜ ਹਜਾਰ ਸਾਲ ਪ੍ਰਾਚੀਨ ਸੂਰਜ ਮੰਦਿਰ ਮੌਜੂਦ ਹੈ ਅਤੇ ਇਹ ਨਗਰ ਬਾਲਮਿ

ਸਰਬ ਭਾਰਤੀ ਕਾਂਗਰਸ : ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ

ਉਜਾਗਰ ਸਿੰਘ
91-94178-13072

ਸਿਆਸੀ ਪਾਰਟੀਆਂ ਵਿੱਚ ਲੀਡਰਸ਼ਿਪ ਦਾ ਖਲਾਅ ਪੈਦਾ ਹੋਣ ਕਰਕੇ ਸੈਲੀਵਰਿਟੀਜ਼ ਨੂੰ ਪਾਰਟੀਆਂ ਵਿੱਚ ਸ਼ਾਮਲ ਕਰਨ ਦੀ ਪਰੰਪਰਾ ਸ਼ੁਰੂ ਹੋ ਗਈ। ਬਹੁਤ ਸਾਰੀਆਂ ਪਾਰਟੀਆਂ ਨੇ ਸੈਲੀਵਰਿਟੀਜ਼ ਨੂੰ ਸ਼ਾਮਲ ਕਰ ਲਿਆ। ਸੈਲੀਵਰਿਟੀਜ਼ ਆਪੋ ਆਪਣੇ ਖੇਤਰ ਦੇ ਮਾਹਰ ਹੁੰਦੇ ਹਨ, ਇਸ ਕਰਕੇ ਉਹ ਕਿਸੇ ਦੀ ਈਨ ਨਹੀਂ ਮੰਨਦੇ ਪ੍ਰੰਤੂ ਸਿਆਸਤ ਵਿੱਚ ਸਿਆਸੀ ਧੁਰੰਦਰਾਂ ਦੀ ਈਨ ਮੰਨਣੀ ਪੈਂਦੀ ਹੈ। ਪੰਜਾਬ ਦੀ ਸਿਆਸਤ ਵਿੱਚ ਨਵਜੋਤ ਸਿੰਘ ਸਿੱਧੂ ਅਤੇ ਭਗਵੰਤ ਸਿੰਘ ਮਾਨ ਦੋ ਵੱਡੇ ਸੈਲੀਵਰਿਟੀਜ਼ ਆ ਗਏ। ਇਹ ਦੋਵਾਂ ਦਾ ਕਿਸੇ ਦੀ ਈਨ ਮੰਨਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸਗੋਂ ਇਹ ਤਾਂ ਹਰ ਇੱਕ ਸਿਆਸਤਦਾਨ ਨੂੰ ਟਿੱਚ ਸਮਝਦੇ ਹਨ। ਨਵਜੋਤ ਸਿੰਘ ਸਿੱਧੂ ਨੂੰ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਕਾਂਗਰਸ ਵਿੱਚ ਲਿਆਂਦਾ ਸੀ। ਉਹ ਹੁਣ ਸਭ ਨੂੰ ਟਿੱਚ ਸਮਝਦਾ ਹੈ। ਇਸ ਕਰਕੇ ਕਾਂਗਰਸ ਲਈ ' ਆਪੇ ਫਾਥੜੀਏ ਕੌਣ ਛੁਡਾਵੇ' ਵਾਲੀ ਸਥਿਤੀ ਬਣੀ ਪਈ ਹੈ। ਇੱਕ ਕਹਾਵਤ ਹੈ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ, ਖਾਵੇ ਤਾਂ ਕੋਹੜੀ ਛੱਡੇ ਤਾਂ ਕਲੰਕੀ' ਬਿਲਕੁਲ ਇਸੇ ਤਰ੍ਹਾਂ ਸਰਬ ਭਾਰਤੀ ਕਾਂਗਰਸ ਦੀ ਸਥਿਤੀ ਬਣੀ ਹੋਈ ਹੈ। ਨਵਜੋਤ ਸਿੰਘ ਸਿੱਧੂ ਪੰਜਾਬ ਪ੍ਰਦੇਸ ਕਾਂਗਰਸ ਨੂੰ ਭਰੋਸੇ ਵਿੱਚ ਲਏ ਤੋਂ ਬਿਨਾ ਵੱਖਰੀਆਂ ਰੈਲੀਆਂ ਕਰ ਰਿਹਾ ਹੈ। ਏਥੇ ਹੀ ਬਸ ਨਹੀਂ ਆਪਣੀਆਂ ਟਵੀਟਾਂ ਨਾਲ ਪੰਜਾਬ ਕਾਂਗਰਸ ਦੀ ਲੀਡਰਸ਼ਿਪ 'ਤੇ ਅਸਿੱਧੇ ਗੁੱਝੇ ਤੀਰ ਮਾਰ ਰਿਹਾ ਹੈ। ਉਸ ਦੇ ਤੀਰ ਐਨੇ ਤਿੱਖੇ ਹਨ ਕਿ ਲੀਡਰਸ਼ਿਪ ਨੂੰ ਤੜਫਣ ਲਾ ਦਿੰਦੇ ਹਨ। ਉਹ ਵੀ ਉਸ ਸਮੇਂ ਜਦੋਂ ਸਰਬ ਭਾਰਤੀ ਕਾਂਗਰਸ ਦਾ ਪੰਜਾਬ ਮਾਮਲਿਆਂ ਦਾ ਇਨਚਾਰਜ ਦੇਵੇਂਦਰ ਯਾਦਵ ਚੰਡੀਗੜ੍ਹ ਵਿਖੇ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਲੋਕ ਸਭਾ ਦੀਆਂ ਚੋਣਾਂ ਦੇ ਮੱਦੇ ਨਜ਼ਰ ਮੀਟਿੰਗਾਂ ਕਰ ਰਿਹਾ ਹੈ। ਏਥੇ ਸਵਾਲ ਆਪਣੇ ਆਪ ਨੂੰ ਸਿਰਮੌਰ ਲੀਡਰ ਸਾਬਤ ਕਰਨ ਦਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਅਜੇ ਸਵਾ ਤਿੰਨ ਸਾਲ ਨੂੰ 2027 ਵਿੱਚ ਹੋਣੀਆਂ ਹਨ ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੇ ਉਮੀਦਵਾਰ ਬਣਨ ਲਈ ਕਾਹਲੇ ਪਏ ਹੋਏ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲੀ ਨਹੀਂ ਹੈ ਅਤੇ ਨਾ ਹੀ ਜਲਦੀ ਖਾਲ੍ਹੀ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਿੱਚ ਵਰਤਮਾਨ ਆਮ ਆਦਮੀ ਪਾਰਟੀ ਦੀ ਸਰਕਾਰ 92 ਵਿਧਾਨਕਾਰਾਂ ਨਾਲ ਦੋ ਤਿਹਾਈ ਬਹੁਮੱਤ ਪ੍ਰਾਪਤ ਸਥਾਈ ਸਰਕਾਰ ਹੈ। ਪੰਜਾਬ ਦੇ ਕਾਂਗਰਸੀ ਬਿਨਾ ਪਾਣੀ ਹੀ ਮੌਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਖਾਲ੍ਹੀ ਨਹੀਂ, ਕਾਂਗਰਸੀ ਨੇਤਾ ਲਾਲਾਂ ਸੁੱਟ ਰਹੇ ਹਨ। ਇਸ ਸਮੇਂ ਪੰਜਾਬ ਕਾਂਗਰਸ ਦੇ ਲਗਪਗ ਇਕ ਦਰਜਨ ਨੇਤਾ ਮੁੱਖ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਬਣਨ ਲਈ ਜਦੋਜਹਿਦ ਕਰ ਰਹੇ ਹਨ। ਇੱਕ ਦੂਜੇ ਨੇਤਾ ਨੂੰ ਨੀਂਵਾਂ ਵਿਖਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਪੰਜਾਬ ਕਾਂਗਰਸ ਦੀ ਆਪਸੀ ਫੁੱਟ ਦਾ ਨਵਜੋਤ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਨਤੀਜਾ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੱਖਣ ਦੇ ਬਾਵਜੂਦ ਮੁੱਖ ਮੰਤਰੀ ਬਣਨ ਲਈ ਤਰਲੋਮੱਛੀ ਹੋ ਰਹੇ ਹਨ। ਇੱਕ ਦੂਜੇ ਤੋਂ ਆਪਣੇ ਆਪ ਨੂੰ ਸਰਵੋਤਮ ਸਮਝਦੇ ਹੋਏ ਅਸਿਧੇ ਤੀਰਾਂ ਨਾਲ ਵਾਰ ਕਰ ਰਹੇ ਹਨ। ਨਵਜੋਤ ਸਿੰਘ ਸਿੱਧੂ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਸਿੰਗ ਫਸਾਈ ਬੈਠੇ ਹਨ। ਨਵਜੋਤ ਸਿੰਘ ਸਿੱਧੂ ਕਹਿੰਦਾ ਮੇਰੀਆਂ ਰੈਲੀਆਂ ਵਿੱਚ ਵੱਡੇ ਇਕੱਠ ਹੋਣ ਕਰਕੇ ਸੀਨੀਅਰ ਨੇਤਾ ਮੇਰੀ ਲੋਕ ਪ੍ਰਿਅਤਾ ਤੋਂ ਖ਼ਾਰ ਖਾ ਰਹੇ ਹਨ। ਉਸ ਨੇ ਬਾਕੀ ਨੇਤਾਵਾਂ ਦੀ ਕਾਬਲੀਅਤ 'ਤੇ ਸਵਾਲ ਚੁੱਕੇ ਹਨ। ਇਸ ਦੇ ਜਵਾਬ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਿਹੜੇ ਪਹਿਲਾਂ ਨਵਜੋਤ ਸਿੰਘ ਸਿੱਧੂ 'ਤੇ ਸਿੱਧਾ ਅਟੈਕ ਕਰਨਾ ਨਹੀਂ ਚਾਹੁੰਦੇ ਸਨ, ਹੁਣ ਕਹਿੰਦੇ

ਹਨ ਕਿਸੇ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ, ਜਿਸ ਨੂੰ ਕਮਜ਼ੋਰ ਸਮਝਿਆ ਜਾਂਦਾ ਕਈ ਵਾਰ ਉਹ ਅਜਿਹਾ ਟੀਕਾ ਲਗਾਉਂਦਾ ਹੈ ਕਿ ਦੂਜੇ ਨੂੰ ਕਮਜ਼ੋਰ ਕਹਿਣ ਵਾਲਾ ਲੱਭਿਆਂ ਨਹੀਂ ਲੱਭਦਾ। ਇੱਕ ਕਿਸਮ ਨਾਲ ਰਾਜਾ ਵੜਿੰਗ ਦੀ ਇਹ ਨਵਜੋਤ ਸਿੰਘ ਸਿੱਧੂ ਨੂੰ ਅਨਸ਼ਾਸ਼ਨੀ ਕਾਰਵਾਈ ਕਰਨ ਦੀ ਚੇਤਾਵਨੀ ਹੈ। ਹੈਰਾਨੀ ਦੀ ਗੱਲ ਹੈ ਕਿ ਸਰਬ ਭਾਰਤੀ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਨਵੇਂ ਬਣਾਏ ਗਏ ਪੰਜਾਬ ਮਾਮਲਿਆਂ ਦੇ ਇਨਚਾਰਜ ਦੇਵੇਂਦਰ ਯਾਦਵ ਦੇ ਨੇਤਾਵਾਂ ਵਿੱਚ ਸੁਲਾਹ ਕਰਵਾਉਣ ਲਈ ਆਉਣ 'ਤੇ ਵੀ ਕਾਂਗਰਸੀਆਂ ਦਾ ਕਾਟੋ ਕਲੇਸ਼ ਜ਼ਾਰੀ ਹੈ। ਪੰਜਾਬ ਕਾਂਗਰਸ ਦੇ ਨੇਤਾ ਅਤੇ ਵਰਕਰ ਭਾਵੇਂ ਨਵਜੋਤ ਸਿੰਘ ਸਿੱਧੂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਦੀ ਮੰਗ ਕਰ ਰਹੇ ਹਨ ਪ੍ਰੰਤੂ ਅਨੁਸ਼ਾਸ਼ਨੀ ਕਾਰਵਾਈ ਹੋਣੀ ਐਨੀ ਸੌਖੀ ਨਹੀਂ। ਕੇਂਦਰੀ ਕਾਂਗਰਸ ਕਮਜ਼ੋਰ ਹੋਣ ਕਰਕੇ ਉਹ ਅਜਿਹੀ ਕਾਰਵਾਈ ਨਹੀਂ ਕਰ ਸਕਦੀ ਭਾਵੇਂ ਉਹ ਨਵਜੋਤ ਸਿੰਘ ਸਿੱਧੂ ਦੀਆਂ ਪੰਜਾਬ ਪ੍ਰਦੇਸ ਕਾਂਗਰਸ ਤੋਂ ਵੱਖਰੀਆਂ ਰੈਲੀਆਂ ਕਰਨ ਦੇ ਵਿਰੁੱਧ ਹੈ ਪ੍ਰੰਤੂ ਉਹ ਇੱਕ ਸ਼੍ਰੇਸ਼ਟ ਬੁਲਾਰਾ ਹੱਥੋਂ ਖੋਣਾ ਨਹੀਂ ਚਾਹੁੰਦੀ। ਦੂਜੇ ਪਾਸੇ ਨਵਜੋਤ ਸਿੰਘ ਸਿੱਧੂ ਨੂੰ ਗਾਂਧੀ ਪਰਿਵਾਰ ਦੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੀ ਸਪੋਰਟ ਹੈ। ਸਰਬ ਭਾਰਤੀ ਕਾਂਗਰਸ ਦੇ ਪ੍ਰਧਾਨ ਮਲਿਕ ਅਰਜੁਨ ਖੜਗੇ ਗਾਂਧੀ ਪਰਿਵਾਰ ਤੋਂ ਬਾਹਰ ਨਹੀਂ ਜਾ ਸਕਦੇ ਕਿਉਂਕਿ ਉਸ ਨੂੰ ਪ੍ਰਧਾਨਗੀ ਦਾ ਤਾਜ ਗਾਂਧੀ ਪਰਿਵਾਰ ਨੇ ਹੀ ਦਿੱਤਾ ਹੈ। ਪ੍ਰੰਤੂ ਇਥੇ ਨਵਜੋਤ ਸਿੰਘ ਸਿੱਧੂ ਲਈ ਇੱਕ ਹੋਰ ਗੱਲ ਧਿਆਨ ਰੱਖਣ ਵਾਲੀ ਹੈ ਕਿ ਕਮਲ ਨਾਥ ਗਾਂਧੀ ਪਰਿਵਾਰ ਦਾ ਸਭ ਤੋਂ ਨਜਦੀਕੀ ਸੀ, ਉਸ ਨੂੰ ਵੀ ਮੱਧ ਪ੍ਰਦੇਸ ਕਾਂਗਰਸ ਦੀ ਪ੍ਰਧਾਨਗੀ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਜਿਵੇਂ ਡੱਡੂਆਂ ਦੀ ਪੰਸੇਰੀ ਦਾ ਇਕੱਠੇ ਰਹਿਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਉਹ ਛਲੱਪਾ ਮਾਰਕੇ ਇੱਕ ਦੂਜੇ ਦਾ ਰਸਤਾ ਰੋਕ ਕੇ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦੇ ਹੁੰਦੇ ਹਨ, ਉਸੇ ਤਰ੍ਹਾਂ ਕਾਂਗਰਸੀ ਨੇਤਾ ਕਰ ਰਹੇ ਹਨ। ਨੇਤਾ ਆਪਣੇ ਆਪ ਨੂੰ ਸਰਵੋਤਮ ਸਮਝ ਰਹੇ ਹਨ, ਇਹ ਗੱਲ ਕਿਸੇ ਨੇਤਾ ਦੀ ਕਮਜ਼ੋਰੀ ਦੀ ਨਹੀਂ ਸਗੋਂ ਨੇਤਾਵਾਂ ਦੀ ਹਓਮੈ ਸਿਰ ਚੜ੍ਹ ਕੇ ਬੋਲ ਰਹੀ ਹੈ। ਕਾਂਗਰਸੀ ਨੇਤਾਵਾਂ ਨੂੰ ਇੱਕ ਗੱਲ ਦਾ ਧਿਆਨ ਰੱਖਣਾ ਚਾਹੀਦਾ ਕਿ ਹਓਮੈ ਹਮੇਸ਼ਾ ਪੁੱਠੇ ਪੈਰ ਡਿਗਦੀ ਹੁੰਦੀ ਹੈ। ਬਹੁਤੇ ਤਿਗੜਨ ਦੀ ਲੋੜ ਨਹੀਂ। ਤੁਹਾਡੀ ਲੜਾਈ ਦਾ ਨਤੀਜਾ ਕੰਧ 'ਤੇ ਲਿਖਿਆ ਹੋਇਆ ਹੈ, ਪੜ੍ਹ ਲਓ। ਪੰਜਾਬ ਦੇ ਕਾਂਗਰਸੀ ਨੇਤਾਓ ਐਵੇਂ ਫੜ੍ਹਾਂ ਮਾਰਨ ਦੀ ਲੋੜ ਨਹੀਂ ਤੁਹਾਡੀ ਵਾਗ ਡੋਰ ਤਾਂ ਦਿੱਲੀ ਵਾਲਿਆਂ ਦੇ ਹੱਥ ਵਿੱਚ ਹੈ, ਤੁਹਾਡੇ ਛਲੱਪਿਆਂ ਦਾ ਕੋਈ ਲਾਭ ਨਹੀਂ ਹੋਣਾ। ਦਿੱਲੀ ਦੀ ਇੱਕ ਧਮਕੀ ਨਾਲ ਪਾਣੀ ਦੀ ਝੱਗ ਵਾਂਗੂੰ ਬੈਠ ਜਾਵੋਗੇ।

ਦੇਵੇਂਦਰ ਯਾਦਵ ਪੰਜਾਬ ਕਾਂਗਰਸ ਦੇ ਨਵੇਂ ਇਨਚਾਰਜ ਜਦੋਂ 8 ਜਨਵਰੀ ਨੂੰ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾ ਲਈ ਗਏ ਸੀ ਤਾਂ ਉਥੇ ਹੋਰ ਨੇਤਾਵਾਂ ਦੀ ਤਰ੍ਹਾਂ ਨਵਜੋਤ ਸਿੰਘ ਸਿੱਧੂ ਵੀ ਗਿਆ ਸੀ ਪ੍ਰੰਤੂ 9 ਜਨਵਰੀ ਨੂੰ ਚੰਡੀਗੜ੍ਹ ਦੇਵੇਂਦਰ ਯਾਦਵ ਨੇ ਪੰਜਾਬ ਦੇ ਕਾਂਗਰਸੀ ਨੇਤਾਵਾਂ, ਸੰਸਦ ਮੈਂਬਰਾਂ ਅਤੇ ਵਿਧਾਨਕਾਰਾਂ ਦੀ ਮੀਟਿੰਗ ਬੁਲਾਈ ਤਾਂ ਨਵਜੋਤ ਸਿੰਘ ਸਿੱਧੂ ਗ਼ੈਰ ਹਾਜ਼ਰ ਰਿਹਾ।

ਦੇਵੇਂਦਰ ਯਾਦਵ ਨੇ ਪਾਰਟੀ ਦੇ ਅਹੁਦੇਦਾਰਾਂ, ਫਰੰਟਲ ਵਿੰਗਾਂ, ਜਿਲ੍ਹਾ ਤੇ ਬਲਾਕਾਂ ਦੇ ਕਾਂਗਰਸ ਦੇ ਅਹੁਦੇਦਾਰਾਂ ਦੀਆਂ ਤਿੰਨ ਰੋਜ਼ਾ ਮੀਟਿੰਗਾਂ ਕੀਤੀਆਂ ਹਨ। ਕੁਝ ਨੇਤਾਵਾਂ ਨਾਲ ਇਕੱਲਿਆਂ ਵੀ ਵਿਚਾਰ ਵਟਾਂਦਰਾ ਕੀਤਾ ਹੈ। ਇਨ੍ਹਾਂ ਤਿੰਨੋ ਦਿਨਾਂ ਦੀਆਂ ਮੀਟਿੰਗਾਂ ਵਿੱਚ ਕਾਂਗਰਸ ਨੇਤਾਵਾਂ ਦੀ ਫੁੱਟ ਜੱਗ ਜ਼ਾਹਰ ਹੋਈ ਹੈ। ਸਾਰੇ ਨੇਤਾ ਆਪੋ ਆਪਣੀ ਡਫਲੀ ਵਜਾ ਰਹੇ ਸਨ। ਪਹਿਲੀ ਪ੍ਰਦੇਸ ਕਾਂਗਰਸ ਦੇ ਅਹੁਦੇਦਾਰਾਂ, ਸੰਸਦ ਮੈਂਬਰਾਂ, ਵਿਧਾਨਕਾਰਾਂ ਅਤੇ ਹਲਕਾ ਇਨਚਾਰਜਾਂ ਦੀ ਮੀਟਿੰਗ ਵਿੱਚ ਹੀ ਕੁਝ ਵੱਡੇ ਨੇਤਾ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਨਵਜੋਤ ਸਿੰਘ ਸਿੱਧੂ ਸਾਬਕਾ ਪ੍ਰਧਾਨ, ਭਾਰਤ ਭੂਸ਼ਨ ਆਸ਼ੂ ਕਾਰਜਕਾਰੀ ਪ੍ਰਧਾਨ, ਰਵਨੀਤ ਸਿੰਘ ਬਿੱਟੂ ਲੋਕ ਸਭਾ ਮੈਂਬਰ ਲੁਧਿਆਣਾ, ਗੁਰਜੀਤ ਸਿੰਘ ਔਜਲਾ ਲੋਕ ਸਭਾ ਮੈਂਬਰ ਅੰਮ੍ਰਿਤਸਰ ਅਤੇ ਪਰਗਟ ਸਿੰਘ ਵਿਧਾਨਕਾਰ ਗ਼ੈਰਹਾਜ਼ਰ ਰਹੇ, ਹੋ ਸਕਦਾ ਉਨ੍ਹਾਂ ਦੇ ਅਗੇਤੇ ਰੁਝੇਵੇਂ ਹੋਣ ਪ੍ਰੰਤੂ ਅਖ਼ਬਾਰਾਂ ਵਿੱਚ ਉਨ੍ਹਾਂ ਵੱਲੋਂ ਬਿਨਾ ਨਾਂ ਦਿੱਤੇ ਬਿਆਨ ਇਹ ਦਸ ਰਹੇ ਹਨ ਕਿ ਸਭ ਕੁਝ ਅੱਛਾ ਨਹੀਂ ਹੈ। ਮੀਟਿੰਗ ਵਿੱਚ ਭਾਵੇਂ ਆਮ ਲੋਕ ਸਭਾ ਦੀਆਂ ਚੋਣਾ ਬਾਰੇ ਫੀਡ ਬੈਕ ਲਈ ਹੈ ਪ੍ਰੰਤੂ ਆਦਮੀ ਪਾਰਟੀ ਨਾਲ ਮਿਲਕੇ ਲੋਕ ਸਭਾ ਦੀਆਂ ਚੋਣਾਂ ਲੜਨ ਵਰਗੇ ਮਹੱਤਵਪੂਰਨ ਨੁਕਤੇ 'ਤੇ ਵਿਚਾਰ ਵਟਾਂਦਰਾ ਹੋਇਆ ਹੈ। ਇਸ ਮੀਟਿੰਗ ਵਿੱਚ ਪੰਜਾਬ ਪ੍ਰਦੇਸ ਕਾਂਗਰਸ ਨਾਲੋਂ ਵੱਖਰੀ ਸੁਰ ਰੱਖਦਿਆਂ ਨਵਜੋਤ ਸਿੰਘ ਸਿੱਧੂ ਦੀਆਂ ਆਯੋਜਤ ਕੀਤੀਆਂ ਜਾਂਦੀਆਂ ' ਜਿੱਤੇਗਾ ਪੰਜਾਬ ਜਿੱਤੇਗੀ ਕਾਂਗਰਸ' ਰੈਲੀਆਂ ਦਾ ਮੁੱਖ ਮੁੱਦਾ ਭਾਰੂ ਬਣਿਆਂ ਰਿਹਾ। ਇਥੋਂ ਤੱਕ ਕਿ ਕੁਝ ਨੇਤਾਵਾਂ ਨੇ ਨਵਜੋਤ ਸਿੰਘ ਸਿੱਧੂ ਵਿਰੁੱਧ ਕਾਰਵਾਈ ਕਰਨ ਦੀ ਮੰਗ ਵੀ ਰੱਖੀ। ਮੀਟਿੰਗ ਵਿੱਚ ਇਹ ਕਿਹਾ ਗਿਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਨਵਜੋਤ ਸਿੰਘ ਸਿੱਧੂ ਦੀਆਂ ਫੁੱਟ ਪਾਊ ਸਰਗਰਮੀਆਂ ਕਰਕੇ ਹੋਈ ਸੀ। ਵਰਤਮਾਨ ਰੈਲੀਆਂ ਦਾ ਪ੍ਰਭਾਵ ਵੀ ਉਸੇ ਤਰ੍ਹਾ ਦਾ ਹੋਵੇਗਾ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਅਨੁਸ਼ਾਸ਼ਨ ਤੋਂ ਬਿਨਾ ਪਾਰਟੀ ਲਈ ਜਿਤਣਾ ਅਸੰਭਵ ਹੋਵੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜ ਵੜਿੰਗ ਨੇ ਵੀ ਅਸਿੱਧੇ ਤੌਰ 'ਤੇ ਕਿਸੇ ਵੀ ਨੇਤਾ ਵੱਲੋਂ ਪੰਜਾਬ ਕਾਂਗਰਸ ਦੀ ਸਹਿਮਤੀ ਤੋਂ ਬਿਨਾ ਕਰਨਾ ਗ਼ਲਤ ਠਹਿਰਾਇਆ ਹੈ। 2022 ਦੀ ਚੋਣਾਂ ਸਮੇਂ ਵੀ ਮੁੱਖ ਮੰਤਰੀ ਦੀ ਕੁਰਸੀ ਮੁੱਖ ਮੁੱਦਾ ਸੀ ਤੇ ਇਸ ਸਮੇਂ ਵੀ ਨੇਤਾਵਾਂ ਵਿੱਚ ਮੁੱਖ ਮੰਤਰੀ ਦੀ ਕੁਰਸੀ ਦਾ ਲਾਲਚ ਹਲਚਲ ਪੈਦਾ ਕਰ ਰਿਹਾ ਹੈ। ਭਲੇ ਮਾਣਸੋ ਕੁਝ ਤਾਂ ਸੋਚੋ ਰਾਜ ਭਾਗ ਦੇ ਸਪਨੇ ਤਾਂ ਲੈ ਰਹੇ ਹੋ ਪ੍ਰੰਤੂ ਇੱਕ ਦੂਜੇ ਨੂੰ ਠਿੱਬੀ ਲਾਉਣੋ ਹਟ ਨਹੀਂ ਰਹੇ। ਨੇਤਾਵਾਂ ਦੀ ਏਕਤਾ ਤੋਂ ਬਿਨਾ ਕੋਈ ਵੀ ਜਿੱਤ ਸੰਭਵ ਨਹੀਂ ਹੋ ਸਕਦੀ। ਇਸ ਸਮੇਂ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਦੋ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ। ਇੱਕ ਪਾਸੇ ਸਾਰੀ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਦੂਜੇ ਪਾਸੇ ਇਕੱਲਾ ਨਵਜੋਤ ਸਿੰਘ ਸਿੱਧੂ ਹੈ। ਨਵਜੋਤ ਸਿੰਘ ਸਿੱਧੂ ਚੰਡੀਗੜ੍ਹ ਵਿਖੇ ਦੇਵੇਂਦਰ ਯਾਦਵ ਨੂੰ ਮਿਲੇ ਪ੍ਰੰਤੂ ਉਨ੍ਹਾਂ ਦਾ ਰੁੱਖ ਬਗਾਬਤੀ ਹੀ ਰਿਹਾ ਹੈ। ਪੰਜਾਬ ਪ੍ਰਦੇਸ ਕਾਂਗਰਸ ਦੇ ਵਰਕਰ ਨੇਤਾਵਾਂ ਦੀਆਂ ਚਾਲਾਂ ਤੋਂ ਦੁੱਖੀ ਹਨ ਕਿਉਂਕਿ ਆਮ ਆਦਮੀ ਪਾਰਟੀ ਦੇ ਉਹ ਪਿੰਡ ਪੱਧਰ 'ਤੇ ਨਿਸ਼ਾਨੇ ਅਧੀਨ ਹਨ। ਉਨ੍ਹਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਨੇਤਾ ਬਿਲੀਆਂ ਵਾਂਗ ਲੜ ਰਹੇ ਹਨ ਜਦੋਂ ਕਿ ਰੋਟੀ ਦਾ ਟੁਕੜਾ ਅਜੇ ਸਾਹਮਣੇ ਹੈ ਹੀ ਨਹੀਂ। ਇੱਕ ਗੱਲ ਸਾਫ਼ ਹੋ ਗਈ ਕਿ ਪੰਜਾਬ ਦੇ ਕਾਂਗਰਸੀਆਂ ਨੇ ਕੇਂਦਰੀ ਇਨਚਾਰਜ ਦੇਵੇਂਦਰ ਯਾਦਵ ਨੂੰ ਵੀ ਅਨੁਸ਼ਾਸ਼ਨ ਦੇ ਮਾਮਲੇ ਵਿੱਚ ਠੀਂਗਾ ਵਿਖਾ ਦਿੱਤਾ ਹੈ।

'ਮਨੀ ਪਲਾਂਟ ਵਰਗਾ ਆਦਮੀ ' ਕਾਵਿ ਸੰਗ੍ਰਹਿ ਇਨਸਾਨੀ ਮਾਨਸਿਕਤਾ ਅਤੇ ਸਮਾਜਿਕਤਾ ਦਾ ਪ੍ਰਤੀਕ

ਉਜਾਗਰ ਸਿੰਘ 94178 13072

ਹਰਦੀਪ ਸੱਭਰਵਾਲ ਦਾ ਕਾਵਿ ਸੰਗ੍ਰਹਿ 'ਮਨੀ ਪਲਾਂਟ ਵਰਗਾ ਆਦਮੀ' ਇਨਸਾਨੀ ਮਾਨਸਿਕਤਾ ਅਤੇ ਸਮਾਜਿਕਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਵਿਚਾਰ ਪ੍ਰਧਾਨ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਿੰਬਾਲਿਕ ਹਨ, ਜੋ ਇਨਸਾਨ ਦੀ ਮਾਨਸਿਕਤਾ ਅਤੇ ਸਮਾਜਿਕਤਾ ਨਾਲ ਸੰਬੰਧ ਰੱਖਦੀਆਂ ਹਨ। ਇਨ੍ਹਾਂ ਕਵਿਤਾਵਾਂ ਰਾਹੀਂ ਹਰਦੀਪ ਸੱਭਰਵਾਲ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੈ। ਵਰਤਮਾਨ ਸਮੇਂ ਇਨਸਾਨ ਦੂਹਰੀ ਅਰਥਾਤ ਦੋਗਲੀ ਜ਼ਿੰਦਗੀ ਜੀਅ ਰਿਹਾ ਹੈ। ਉਸ ਦੀ ਕਹਿਣੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਇਸ ਲਈ ਉਸ ਦੇ ਮਨ ਦੀ ਕਿਸੇ ਵੀ ਗੱਲ ਦਾ ਸਹੀ ਜਵਾਬ ਲੱਭਣਾ ਅਸੰਭਵ ਹੁੰਦਾ ਜਾ ਰਿਹਾ ਹੈ। ਮਨੁੱਖ ਦੇ ਚਿਹਰੇ ਮੋਹਰੇ ਦੀਆਂ ਹਰਕਤਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਉਸ ਦੇ ਅੰਦਰ ਕੀ ਵਿਚਰ ਰਿਹਾ ਹੈ? ਇਸ ਲਈ ਕਵੀ ਨੇ ਖੁਲ੍ਹੀਆਂ ਕਵਿਤਾਵਾਂ ਰਾਹੀਂ ਇਨਸਾਨ ਦੇ ਅੰਦਰ ਝਾਕਣ ਦੀ

ਆਪਣਾ ਮੂਲ ਪਛਾਣ

ਲਾਲ ਸਿੰਘ ਸੁਲਹਾਣੀ
91-98721-55120

ਆਪਣਾ ਮੂਲ ਪਛਾਣ ਮੂਲ ਦਾ ਮਤਲਵ ਹੈ ਮੁੱਢ, ਅਸਲਾ ਜਾਂ ਪਿਛੋਕੜ। ਮੂਲ ਭਾਵ ਅਸਲੇ ਦੀ ਪਛਾਣ ਬਹੁਤ ਜ਼ਰੂਰੀ ਹੈ। ਆਪਣੇ ਅਸਲੇ ਦੀ, ਆਪਣੇ ਮੁੱਢ ਦੀ ਪਛਾਣ ਆਉਂਦੀ ਹੈ ਇਤਿਹਾਸ ਪੜ੍ਹ ਕੇ। ਜੋ ਮਨੁੱਖ ਜਾਂ ਕੌਮਾਂ ਆਪਣਾ ਪਿਛੋਕੜ ਜਾਣ ਲੈਂਦੇ ਹਨ ਉਹ ਆਪਣਾ ਭਵਿੱਖ ਵੀ ਸੁਆਰ ਲੈਂਦੇ ਹਨ। ਦੁਖਾਂਤ ਇਹ ਹੈ ਕਿ ਅਸੀਂ ਦੂਜਿਆਂ ਬਾਰੇ ਤਾਂ ਬਹੁਤ ਕੁੱਝ ਜਾਨਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਆਪਾ ਪੜਚੋਲਣ ਦੀ ਕਦੇ ਕੋਸ਼ਿਸ਼ ਨਹੀਂ ਕਰਦੇ। ਮੂਲ ਨਾਲੋਂ ਟੁੱਟਣ ਉਪਰੰਤ ਭਟਕਣਾ ਹੀ ਭਟਕਣਾ ਹੈ। ਜਾਂ ਇਉਂ ਕਹਿ ਲਉ ਕਿ ਸਾਡੇ ਬਹੁਤ ਸਾਰੇ ਦੁੱਖ, ਜ਼ਿੰਦਗੀ ਦੀਆਂ ਕਈ ਸਮਸਿਆਵਾਂ ਆਪਣੇ ਆਪੇ ਦੀ ਪਛਾਣ ਦੀ ਅਣਹੋਂਦ ਸਦਕਾ ਉਤਪੰਨ ਹੁੰਦੀਆਂ ਹਨ। ਗੁਰਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ- "ਪੇਡ ਮੁਡਾਹੂੰ ਕਟਿਆ ਤਿਸ ਡਾਲ ਸੁਕੰਦੇ॥"

ਮੁੱਢ ਨਾਲੋਂ ਕੱਟੇ ਪੇੜ ਦੇ ਪੱਤੇ ਤੇ ਡਾਲੀਆਂ ਝੱਟਪੱਟ ਸੁੱਕ ਜਾਂਦੇ ਹਨ। ਤਾਂ ਹੀ ਗੁਰੂ ਅਮਰਦਾਸ ਜੀ ਚੇਤੰਨ ਕਰਦੇ ਹਨ ਐ ਮਨੁੱਖ "ਆਪਣਾ ਮੂਲ ਪਛਾਣ" ਆਪਣੇ ਅਸਲੇ ਦੀ ਹਕੀਕਤ ਜਾਨਣ ਦੀ ਕੋਸ਼ਿਸ਼ ਕਰ।

ਆਰੀਅਨਾਂ (ਬ੍ਰਾਹਮਣਾਂ) ਦਾ ਭਾਰਤ ਦੇ ਭੂ ਭਾਗ ਤੇ ਕਬਜ਼ਾ ਹੋ ਜਾਣ ਉਪਰੰਤ ਏਥੋਂ ਦੇ ਮੂਲ ਨਿਵਾਸੀਆਂ ਦਾ ਸਾਹਿਤ, ਇਤਿਹਾਸ ਤੇ ਸੰਸਕ੍ਰਿਤੀ ਤਹਿਸ ਨਹਿਸ ਕਰ ਦਿਤਾ ਗਿਆ। ਇਤਿਹਾਸ ਨੂੰ ਮਿਥਿਹਾਸ ਵਜੋਂ ਪੇਸ਼ ਕੀਤਾ ਗਿਆ ਤਾਂ ਕਿ ਭਾਰਤੀਆਂ ਨੂੰ ਆਰੀਆ ਅਨਾਰੀਆ ਦੀ ਪਛਾਣ ਨਾ ਹੋ ਸਕੇ। ਕਿਸੇ ਕੌਮ ਨੂੰ ਸਦੀਵੀ ਗੁਲਾਮੀ ਚ ਫਸਾਈ ਰੱਖਣ ਲਈ ਉਸ ਦਾ ਇਤਿਹਾਸ ਵਿਗਾੜਨਾ, ਖਤਮ ਕਰਨਾ ਜਾਂ ਉਸਦੇ ਪੂਰਵਜਾਂ ਬਾਬਤ ਅਣਜਾਣ ਰੱਖਣਾ ਕਾਬਜ ਧਿਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਆਰੀਅਨਾਂ ਨੇ ਭਾਰਤ ਦੇ ਮੂਲ ਨਿਵਾਸੀਆਂ ਅਨਾਰੀਆ ਜਾਂ ਦ੍ਰਾਵਿੜਾਂ ਨਾਲ ਵੀ ਅਜਿਹਾ ਵਰਤਾਓ ਕੀਤਾ। ਹਮਲਾਵਰ ਆਰੀਅਨਾਂ ਨੇ ਨਾ ਸਿਰਫ ਲੁੱਟ ਖਸੁੱਟ, ਕਤਲੋਗਾਰਤ, ਸਾੜਫੂਕ ਹੀ ਕੀਤੀ ਬਲਕਿ ਗੁਲਾਮ (ਸ਼ੂਦਰ) ਸਮਾਜ ਦਾ ਜੀਅ ਭਰਕੇ ਦਿਮਾਗੀ ਸ਼ੋਸ਼ਣ ਵੀ ਕੀਤਾ। ਵੇਦਾਂ, ਸ਼ਾਸਤਰਾਂ ਤੇ ਸਿਮ੍ਰਤੀਆਂ ਰਾਹੀਂ ਫਤਵੇ ਜਾਰੀ ਕਰਕੇ ਉਹਨਾਂ ਨੇ ਆਪਣੀ ਉੱਚਤਾ ਸਥਾਪਤ ਕਰ ਲਈ। ਆਪ ਸਵਰਨ ਬਣ ਬੈਠੇ ਅਤੇ ਗੁਲਾਮ ਬਣਾਏ ਦ੍ਰਾਵਿੜਾਂ ਨੂੰ ਨੀਚ ਬਣਾ ਧਰਿਆ। ਇਹ ਸੱਭ ਕੁੱਝ ਕੀਤਾ ਵੀ ਬੜੀ ਹੁਸ਼ਿਆਰੀ ਨਾਲ ਧਰਮ ਦੇ ਨਾਂਅ ਤੇ। ਕਿੰਤੂ ਪ੍ਰੰਤੂ ਕਰਨ ਵਾਲਿਆਂ ਲਈ ਕਰੜੀਆਂ ਸਜ਼ਾਵਾਂ ਨਿਰਧਾਰਿਤ ਕਰ ਦਿਤੀਆਂ ਗਈਆਂ। ਸਦੀਆਂ ਦੀ ਗੁਲਾਮੀ, ਅਨਪੜ੍ਹਤਾ, ਅਗਿਆਨਤਾ ਅਤੇ ਪੜਾਏ ਗਏ ਪੁੱਠੇ ਪਾਠ ਕਾਰਨ ਸ਼ੂਦਰ ਸਮਾਜ ਦੇ ਅਜੋਕੇ ਯੁਗ ਦੇ ਪੜ੍ਹੇ ਲਿਖੇ ਲੋਕ ਵੀ ਆਪਣੇ ਆਪ ਨੂੰ ਸਵਰਨ, ਆਰੀਅਨ ਸਮਝ ਲੈਣ ਦੀ ਖੁਸ਼ਫਹਿਮੀ ਦਾ ਸ਼ਿਕਾਰ ਹਨ। ਉਹ ਇਹਨਾਂ ਤੱਥਾਂ ਤੋਂ ਅਣਜਾਣ ਹਨ ਕਿ ਭਾਰਤ ਦੇ ਸ਼ੂਦਰ ਗਰਦਾਨੇ ਗਏ ਅਖੌਤੀ ਨੀਚ ਤੇ 6000 ਤੋਂ ਵਧ ਜਾਤੀ ਟੁਕੜਿਆਂ ਚ ਵੰਡੇ ਗਏ ਦਲਿਤ ਸ਼ੋਸ਼ਿਤ ਸਮਾਜ ਦੇ ਕਰੋੜਾਂ ਲੋਕ ਹੀ ਭਾਰਤ ਦੇ ਮੂਲ ਨਿਵਾਸੀ ਹਨ ਤੇ ਉਹ ਹੀ ਇਸ ਦੇਸ਼ ਦੇ ਮਾਲਕ ਸਨ। ਕੇਵਲ ਸਮੇਂ ਅਤੇ ਪ੍ਰਸਥਿਤੀਆਂ ਨੇ ਉਹਨਾਂ ਨੂੰ ਨਾਰਕੀ ਜੀਵਨ ਜਿਉਣ ਲਈ ਮਜ਼ਬੂਰ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਹਨਾਂ ਚੋਂ ਕੁਝ ਕੁ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਕਿਰਪਾ ਸਦਕਾ ਉੱਚੀਆਂ ਪਦਵੀਆਂ ਹਥਿਆਉਣ ਦਾ ਮੌਕਾ ਪਰਾਪਤ ਹੋ ਗਿਆ। ਜੇ ਸਾਨੂੰ ਸੋਝੀ ਹੋ ਜਾਵੇ ਕਿ ਅਸੀਂ ਨੀਚ, ਸ਼ੂਦਰ, ਅਛੂਤ, ਸਛੂਤ, ਪਛੜੇ ਤੇ ਦਲਿਤ ਕਿਵੇਂ ਬਣੇ ਤਾਂ ਸਾਡੇ ਸਮਾਜ ਦੀ ਤਰੱਕੀ ਦਾ ਬਾਨ੍ਹਣੂੰ ਬੱਝ ਸਕਦਾ ਹੈ। ਪਰ ਸਦੀਆਂ ਤੋਂ ਗੁਲਾਮੀ ਦੀਆਂ ਬੇੜੀਆਂ ਪਈਆਂ ਹੋਣ ਕਰਕੇ ਅਸੀਂ ਅਨਪੜ੍ਹ, ਮੂਰਖ ਤੇ ਜਾਹਲ ਬਣ ਕੇ ਰਹਿ ਗਏ। ਤੱਥਾਂ ਤੋਂ ਨਾਵਾਕਿਫ ਹੋਣ ਕਰਕੇ ਧੋਖੇ ਦਾ ਸ਼ਿਕਾਰ ਹੁੰਦੇ ਰਹੇ ਅਤੇ ਅਣਜਾਣਪੁਣੇ ਨੂੰ ਕਿਸਮਤ ਦਾ ਫਲ ਸਮਝ ਕੇ ਸਵੀਕਾਰ ਕਰ ਲਿਆ।

ਲੰਮੇ ਸਮੇਂ ਦੇ ਸੰਘਰਸ਼ ਬਾਅਦ ਅੱਜ ਜਦੋਂ ਸਾਨੂੰ ਅੱਖਰੀ ਗਿਆਨ ਹਾਸਲ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ ਤਾਂ ਇਸ ਗਿਆਨ ਨੂੰ ਅਸੀਂ ਮਹਿਜ਼ ਰੋਟੀ ਦਾ ਵਸੀਲਾ ਸਮਝ ਬੈਠੇ ਜਾਂ ਰੋਜ਼ੀ ਰੋਟੀ ਤੋਂ ਉਪਰ ਉਠ ਕੇ ਕੇਵਲ ਪਦਾਰਥਕ ਪ੍ਰਾਪਤੀ ਨੂੰ ਹੀ ਸਭ ਕੁਝ ਮੰਨਕੇ ਆਪਾ ਪੜਚੋਲਣ ਦੀ ਕਦੇ ਲੋੜ ਈ ਮਹਿਸੂਸ ਨਾ ਕੀਤੀ। ਆਰੀਅਨ ਮਾਲਕਾਂ ਦੀ ਦੇਖਾ ਦੇਖੀ, ਸਿੱਖੇ ਸਿਖਾਏ, ਜਾਣੇ ਅਣਜਾਣੇ ਆਪਣੇ ਹੀ ਵੱਡ ਵਡੇਰਿਆਂ, ਬਾਬਿਆਂ, ਦਾਦਿਆਂ ਅਥਵਾ ਪੂਰਵਜਾਂ ਨੂੰ ਮਾਣਸ ਖਾਣੇ, ਦੈਂਤ ਤੇ ਰਾਖ਼ਸ਼ ਸਮਝ ਕੇ ਨਫਰਤ ਦਾ ਪਾਤਰ ਹੀ ਜਾਣਦੇ ਰਹੇ। ਉਹਨਾਂ ਨੂੰ ਜੀਅ ਭਰਕੇ ਕੋਸਿਆ, ਗਾਲ੍ਹਾਂ ਕੱਢੀਆਂ ਜਾਂ ਬਦੀ ਦੇ ਪ੍ਰਤੀਕ ਮੰਨ ਕੇ ਉਹਨਾਂ ਦੇ ਪੁਤਲੇ ਸਾੜੇ ਅਤੇ ਉਹਨਾਂ ਨੂੰ ਘਟੀਆ ਤੋਂ ਘਟੀਆ ਘ੍ਰਿਣਾ ਜਨਕ ਸ਼ਬਦਾਂ ਨਾਲ ਸੰਬੋਧਨ ਕੀਤਾ। ਕਦੀ ਇਹ ਜਾਨਣ ਦੀ ਕੋਸ਼ਿਸ਼ ਈ ਨਾ ਕੀਤੀ ਕਿ ਇਹ ਲੋਕ ਅਸਲ ਵਿਚ ਕੌਣ ਸਨ? ਸਾਡਾ ਏਹਨਾਂ ਨੇ ਕੀ ਵਿਗਾੜਿਆ ਐ? ਆਰੀਆ ਮਾਲਕਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ ਉਹਨਾਂ ਦੇ ਸਿਰਾਂ ਵਿਚ ਸੁਆਹ ਦੇ ਟੋਕਰੇ ਭਰ ਭਰਕੇ ਪਾਉਂਦੇ ਰਹੇ। ਧਰਮ ਦੇ ਨਾਂਅ ਤੇ ਠੋਸੀਆਂ ਗੈਰ ਵਿਗਿਆਨਕ, ਅਲੌਕਿਕ ਤੇ ਹਾਸੋਹੀਣੀਆਂ ਤੱਥ ਹੀਣ ਗੱਲਾਂ ਨੂੰ ਅਸੀਂ ਅਣਜਾਣਪੁਣੇ ਵਿਚ ਅੱਖਾਂ ਮੀਚ ਕੇ ਮੰਨਦੇ ਚਲੇ ਆ ਰਹੇ ਹਾਂ। ਕਦੇ ਬਿਬੇਕ ਤੇ ਤਰਕਬੋਧ ਰਾਹੀਂ ਇਹ ਜਾਨਣ ਦੀ ਜ਼ਰੂਰਤ ਈ ਨਾ ਸਮਝੀ ਕਿ ਸੱਚ ਕੀ ਐ? ਝੂਠ ਕੀ ਐ? ਅਸੀਂ ਅਪਣੇ ਇਤਿਹਾਸ ਤੋਂ ਅਣਜਾਣ ਜਾਂ ਇਉਂ ਕਹਿ ਲਓ ਕਿ ਅਨਪੜ੍ਹ ਲੋਕ ਰੂੜੀਵਾਦ ਦੀ ਜਿਲ੍ਹਣ ਚ ਵੀ ਫਸੇ ਰਹੇ ਤੇ ਆਪਣੇ ਹੀ ਲੋਕਾਂ ਤੇ ਪੜ੍ਹੇ ਲਿਖੇ ਹੋਣ ਦਾ ਰੋਅਬ ਛਾਂਟਦੇ ਰਹੇ। ਅਸੀਂ ਵੱਡੇ ਸਿਆਣਿਆਂ ਨੇ ਆਪਣਾ ਮੂਲ ਪਛਾਨਣ ਵਾਲਾ ਸਿਆਣਿਆਂ ਦਾ ਸੁਚੱਜਾ ਮਸ਼ਵਰਾ ਅਖੋਂ ਪਰੋਖੇ ਹੀ ਕਰ ਦਿੱਤਾ। ਸਦੀਆਂ ਦੀ ਗੁਲਾਮੀ ਕਾਰਨ ਵੇਦਾਂ, ਸ਼ਾਸਤਰਾਂ, ਪੁਰਾਣਾਂ ਦੇ ਗਧੀਗੇੜ ਵਿਚ ਹੀ ਉਲਝ ਕੇ ਰਹਿ ਗਏ। ਤੱਥਾਂ ਤੋਂ ਅਣਜਾਣ ਇਤਿਹਾਸਿਕ ਸੂਝ ਬੂਝ ਤੋਂ ਕੋਰੇ ਤੇ ਨਾਵਾਕਿਫ ਹੋਣ ਕਰਕੇ ਅਸੀਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਹੀ ਸ਼ਿੰਗਾਰ ਦਾ ਵਸੀਲਾ ਮੰਨ ਬੈਠੇ।

85 ਫੀਸਦੀ ਸ਼ੂਦਰ ਸਮਾਜ ਦੇ ਡੇਢ ਦੋ ਕੁ ਫੀਸਦੀ ਪੜਾਕੂਆਂ ਨੇ ਕਦੇ ਆਪਣੇ ਬਾਰੇ ਜਾਨਣ ਦੀ ਕੋਸ਼ਿਸ਼ ਈ ਨਾ ਕੀਤੀ ਕਿ ਅਸੀਂ ਕੌਣ ਹਾਂ? ਅਸੀਂ ਨੀਚ ਕਿਵੇਂ ਬਣੇ? ਅਛੂਤ ਸਛੂਤ ਕੌਣ ਹੈ? ਤੇ ਕਦੋਂ ਹੈ? ਕਿਨ੍ਹਾਂ ਕਾਰਨਾਂ, ਕਿੰਨ੍ਹਾਂ ਹਾਲਤਾਂ, ਕਿਨ੍ਹਾਂ ਪ੍ਰਸਥਿਤੀਆਂ ਨੇ ਸਾਨੂੰ ਸੂਦਰ (ਗੁਲਾਮ) ਬਣਨ ਲਈ ਮਜ਼ਬੂਰ ਕੀਤਾ?ਕੀ ਮੁੱਢ ਕਦੀਮ ਤੋਂ ਹੀ ਅਸੀਂ ਇਸ ਵਿਵਸਥਾ ਚ ਸਾਂ? ਕੀ ਦਲਿਤ ਸਮਾਜ ਦੀ ਨਾਰਕੀ ਜ਼ਿੰਦਗੀ ਕਿਸਮਤ ਦਾ ਚੱਕਰ ਹੈ? ਜਾਂ ਛਲ ਕਪਟ ਤੇ ਧੋਖਾ ? ਦੇਵਤੇ ਬਣਾ ਕੇ ਸਤਕਾਰੇ ਤੇ ਪੂਜੇ ਜਾਂਦੇ ਲੋਕ ਕੌਣ ਹਨ? ਦੈਂਤ, ਰਾਖ਼ਸ਼,ਰਿੱਛ ਤੇ ਬਾਂਦਰ ਗਰਦਾਨ ਕੇ ਤ੍ਰਿਸਕਾਰੇ ਜਾਂਦੇ ਲੋਕ ਕੌਣ ਸਨ? ਉਹਨਾਂ ਦਾ ਇਖਲਾਕ, ਕਿਰਦਾਰ ਕਿਹੋ ਜਿਹਾ ਸੀ? ਉਹ ਆਪਣੇ ਜੀਵਨ ਕਾਲ ਦੌਰਾਨ ਕਿੰਨ੍ਹਾਂ ਲੋਕਾਂ ਲਈ ਸੰਘਰਸ਼ੀਲ ਰਹੇ, ਕਿੰਨ੍ਹਾਂ ਲਈ ਲੜਦੇ ਮਰਦੇ ਰਹੇ? ਉਹਨਾਂ ਦੇ ਸੰਘਰਸ਼ ਦਾ ਕੀ ਨਤੀਜਾ ਨਿਕਲਿਆ?

ਅਸੀਂ ਥੋੜ੍ਹੀ ਜਿਹੀ ਬਿਬੇਕ ਬੁੱਧੀ ਦੀ ਵਰਤੋਂ ਕਰਕੇ ਇਨ੍ਹਾਂ ਤੱਥਾਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਸਾਂ। ਪਰ ਦੁੱਖ ਤਾਂ ਇਹੋ ਹੀ ਹੈ ਕਿ ਅਸੀਂ ਬਿਬੇਕੀ ਬਣਨ ਲਈ ਯਤਨਸ਼ੀਲ ਹੀ ਨਹੀਂ ਹੋਏ। ਨਾਮਮਾਤਰ ਅੱਖਰੀ ਗਿਆਨ ਨੂੰ ਹੀ ਅਸੀਂ ਆਖ਼ਰੀ ਗਿਆਨ ਸਮਝ ਕੇ ਮਦ-ਮਸਤ ਹੋ ਗਏ।

ਥੋੜ੍ਹਾ ਜਿਹਾ ਰੋਜ਼ੀ ਰੋਟੀ ਦਾ ਵਸੀਲਾ ਕੀ ਮਿਲਿਆ ਅਸੀਂ ਆਪਣਾ ਆਪਾ, ਆਪਣਾ ਪਿਛੋਕੜ, ਅਪਣੀ ਔਕਾਤ, ਆਪਣਾ ਸਮਾਜ, ਆਪਣਾ ਭਾਈਚਾਰਾ, ਸੱਭ ਕੁਝ ਵਿਸਾਰ ਬੈਠੇ। ਮਾਲਕ ਵਲੋਂ ਦਿਖਾਈ ਥੋੜ੍ਹੀ ਜਿਹੀ ਬੁਰਕੀ ਨੂੰ ਹੀ ਆਖਰੀ ਮੰਜ਼ਲ ਮੰਨ ਕੇ ਇਸ ਦੀ ਪ੍ਰਾਪਤੀ ਨੂੰ ਹੀ ਗ਼ਨੀਮਤ ਸਮਝ ਲਿਆ। ਛੋਟੇ ਛੋਟੇ ਲਾਲਚ ਹੀ ਸਾਡਾ ਟੀਚਾ ਬਣ ਗਏ। ਮਮੂਲੀ ਜਿਹੀਆਂ ਗਰਜ਼ਾਂ ਸਾਡੀ ਬੇਬਸੀ ਦਾ ਸਬੱਬ ਹੋ ਨਿਬੜੀਆਂ।

ਅਸੀਂ ਆਲੇ ਦੁਆਲੇ ਵਾਪਰਦੇ ਦੁਖਾਤਾਂ ਪ੍ਰਤੀ ਅੱਖਾਂ ਮੀਚਣ ਨੂੰ ਹੀ ਸਿਆਣਪ ਸਮਝ ਲਿਆ। ਆਪਣੇ ਹੀ ਭਰਾਵਾਂ ਦਾ ਹੁੰਦਾ ਘਾਣ, ਉਹਨਾਂ ਦੀ ਜ਼ਲਾਲਤ, ਉਹਨਾਂ ਦੀ ਪਸ਼ੂਆਂ ਤੇ ਕੁੱਤਿਆਂ ਤੋਂ ਬਦਤਰ ਜ਼ਿੰਦਗੀ, ਉਹਨਾਂ ਦੀ ਗ਼ੁਰਬੱਤ, ਉਹਨਾਂ ਦੀਆਂ ਬੁੜ੍ਹਾਂ, ਤਕਲੀਫ਼ਾਂ, ਔਕੜਾਂ ਉਹਨਾਂ ਦਾ ਹੁੰਦਾ ਅਪਮਾਨ ਤੇ ਉਹਨਾਂ ਨਾਲ ਹੁੰਦੀ ਨਾਇਨਸਾਫ਼ੀ ਉਹਨਾਂ ਤੇ ਢਾਹੇ ਜਾਂਦੇ ਜ਼ੁਲਮ ਸਾਡੀ ਖੁਦਗਰਜ਼ੀ ਸੁਆਰਥੀ ਅਤੇ ਆਪਾ ਪ੍ਰਸਤੀ ਦੀ ਐਨਕ ਵਿਚੋਂ ਉੱਕਾ ਈ ਦਿੱਸਣੋਂ ਹਟ ਗਏ। ਉਹਨਾਂ ਦੀਆਂ ਮਜ਼ਬੂਰੀਆਂ ਲਾਚਾਰੀਆਂ ਤੇ ਤੰਗੀਆਂ ਤੁਰਸ਼ੀਆਂ ਵੇਖ ਕੇ ਉਹਨਾਂ ਤੋਂ ਕੰਨੀ ਕਤਰਾਉਣ ਨੂੰ ਹੀ ਅਸੀਂ ਸੁਭਾਗ ਮੰਨ ਬੈਠੇ। ਅਸੀਂ ਆਪਣਿਆਂ ਨੂੰ ਪਰਾਏ ਮੰਨਣ ਦੀ ਖੁਸ਼ਫਹਿਮੀ ਦਾ ਸ਼ਿਕਾਰ ਹੋ ਗਏ। ਉਹਨਾਂ ਨੂੰ ਨਫਰਤ ਦੇ ਪਾਤਰ ਜਾਣ,"ਇਹ ਹੈਨ ਈ ਏਸੇ ਕਾਬਲ ਏਹਨਾਂ ਨੂੰ ਅਕਲ ਨਹੀਂ ਆਉਣੀ" ਵਰਗੇ ਕੁਬੋਲ ਬੋਲਕੇ ਬੇਗਾਨਗੀ ਦਾ ਅਹਿਸਾਸ ਈ ਉਭਾਰਨ ਵਿਚ ਲੱਗੇ ਰਹੇ। ਆਪਣੇ ਸੁਨਹਿਰੀ ਇਤਿਹਾਸ, ਅਮੀਰ ਪਿਛੋਕੜ ਤੇ ਮਹਾਨ ਵਿਰਸੇ ਬਾਰੇ ਜਾਣਕਾਰੀ ਦੀ ਅਣਹੋਂਦ ਕਾਰਨ ਆਰੀਅਨਾਂ ਨੂੰ ਹੀ ਸਰਬ ਸ੍ਰੇਸ਼ਟ ਮੰਨਣ ਦੀ ਭੁੱਲ ਦਾ ਸ਼ਿਕਾਰ ਹੋ ਬੈਠੇ।

ਬਹੁਤੇ ਤਾਂ ਉਹਨਾਂ ਨੂੰ ਸਰਬੋਤਮ ਜਾਣਕੇ ਉਹਨਾਂ ਵਰਗੇ ਬਣਕੇ ਉਹਨਾਂ ਵਿਚ ਲੈਅ ਹੋਣ ਦੀ ਅਸਫ਼ਲ ਕੋਸ਼ਿਸ਼ ਵਿਚ ਲੱਗੇ ਰਹੇ। ਆਪਣੇ ਨਾਵਾਂ ਨਾਲ ਉਹਨਾਂ ਵਾਂਗ ਪੂਛਾਂ (ਵਰਮਾ, ਸ਼ਰਮਾ, ਸੇਠੀ, ਸੋਨੀ, ਭੰਡਾਰੀ) ਲਾਕੇ ਆਪਣੇ ਹੀ ਭਰਾਵਾਂ ਤੋਂ ਦੂਰ ਹੋ ਦੂਜਿਆਂ ਦੀ ਨੇੜਤਾ ਹਾਸਲ ਕਰਨ ਦੀ ਤਿਫ਼ਲ ਤਸੱਲੀ ਵਿਚ ਉਲਝ ਗਏ। ਮਸਨੂਈ ਤੌਰ ਤੇ ਵੱਡੇ ਬਣਨ ਵਿਚ ਅਸੀਂ ਮਾਣ ਮਹਿਸੂਸ ਕਰਨ ਲੱਗ ਪਏ। ਆਪਣੇ ਜ਼ਿਹਨ ਵਿਚ ਆਪਣੇ ਬਾਰੇ ਹੀਣ ਭਾਵਨਾ ਤੇ ਘਟੀਆਪਨ ਦੀ ਛਾਪ ਆਪਣੀ ਹੋਂਦ ਤੋਂ ਇਨਕਾਰੀ ਹੋਣ ਦਾ ਸਬੱਬ ਬਣ ਖੜੋਤੀ। ਐਸੀ ਘਟੀਆ ਸੋਚ ਨੇ ਸਗੋਂ ਹੋਰ ਘਟੀਆਪਨ ਦਾ ਅਹਿਸਾਸ ਪੈਦਾ ਕਰ ਦਿਤਾ। ਆਪਣੇ ਆਪ ਨੂੰ ਹੀਣ, ਨੀਚ ਤੇ ਊਣੇ ਸਮਝ ਕੇ ਆਪਾ ਛੁਪਾ ਕੇ ਰੱਖਣ ਨੂੰ ਸਿਆਣਪ ਮੰਨ ਬੈਠੇ।

ਸਾਡੀ ਹੀਣਤਾ ਸਾਡੀ ਕਮਜ਼ੋਰੀ ਬਣ ਕੇ ਸਾਡੀ ਅਣਖ, ਸਾਡੀ ਬੀਰਤਾ, ਸਾਡੀ ਮਰਦਾਨਗੀ ਤੇ ਵਾਰ ਸਾਬਤ ਹੋਈ। ਬੇਸ਼ਰਮਾਂ ਵਾਂਗ ਸਿਰ ਸੁੱਟ ਕੇ ਭੋਗੀ ਜਾ ਰਹੀ ਬੇਅਣਖੀ ਜ਼ਿੰਦਗੀ ਨੂੰ "ਐਸ਼ਾਂ ਕਰਦੇ ਆਂ" ਕਹਿ ਕੇ ਫੋਕੀ ਤਸੱਲੀ ਦੇ ਲਈ। ਸਾਡਾ ਇਹ ਹੀਜੜਾਪਣ ਸ਼ੂਦਰ ਸਮਾਜ ਦੀ ਗੁਲਾਮੀ ਲਮਿਆਉਣ ਦਾ ਵਸੀਲਾ ਬਣ ਗਿਆ।

ਮਹਾਤਮਾ ਰਾਵਣ ਦੀ ਬਹਾਦਰੀ, ਮਹਾਰਾਜਾ ਅਸ਼ੋਕ ਦੀ ਮਹਾਨਤਾ, ਛਤਰਪਤੀ ਸ਼ਾਹੂ ਜੀ ਦੀ ਦਲੇਰੀ ਤੇ ਦ੍ਰਿੜ੍ਹਤਾ ਅਤੇ ਸਯਾ ਜੀ ਮਹਾਰਾਜ ਦੇ ਪਰੋਪਕਾਰਾਂ ਤੋਂ ਅਣਜਾਣ ਹੋਣ ਕਰਕੇ ਅਸੀਂ ਦੁਸ਼ਮਣਾਂ ਤੇ ਮਾਣ ਕਰਦੇ ਰਹੇ ਅਖੌਤੀ ਅਵਤਾਰਾਂ ਦੇ ਘਟੀਆ ਕਿਰਦਾਰ, ਉਹਨਾਂ ਦੀਆਂ ਲੀਲਾਵਾਂ ਮੰਨਕੇ ਅਤੇ ਅਖੌਤੀ ਮਹਾਤਮਾ ਦੇ ਰੰਗੀਲੇ ਕਿੱਸੇ ਤੇ ਕਾਮੁਕ ਤਜ਼ਰਬੇ ਮਾਲਕਾਂ ਮਗਰ ਲੱਗ ਕੇ ਸਾਡਾ ਵਿਰਸਾ ਬਣ ਗਏ।

ਸਿੰਧ ਘਾਟੀ ਦੇ ਵਾਰਸ, ਰਾਜਿਆਂ ਮਹਾਰਾਜਿਆਂ ਦੀ ਔਲਾਦ, ਹੀਰੇ ਜਵਾਹਰਾਤਾਂ ਦੇ ਸੌਦਾਗਰ, ਸੋਨ ਚਿੜੀ ਭਾਰਤ ਦੇ ਸਾਬਕਾ ਹੁਕਮਰਾਨ ਅਗਿਆਨਤਾ ਕਾਰਨ ਦੂਜਿਆਂ ਦੇ ਆਖੇ ਸੁਣੇ ਆਪਣੇ ਆਪ ਨੂੰ ਕੰਮੀ ਕਮੀਣ, ਲਾਗੀ ਵਗਾਰੀ, ਨਿੱਕੀ ਸੁੱਕੀ ਜਾਤ, ਢੇਡ, ਗਵਾਰ, ਤੇ ਅਛੂਤ ਸਛੂਤ ਮੰਨਣ ਦੀ ਭੂਲ ਭਲਾਈ ਚ ਉਲਝ ਗਏ। ਸਗੋਂ ਜਾਤੀਵਾਦ, ਬ੍ਰਾਹ-ਮਣਵਾਦ ਅਤੇ ਮਨੂਵਾਦ ਦੀ ਜਿਲ੍ਹਣ ਵਿਚ ਫਸ ਕੇ ਆਪਣੇ ਹੀ ਭਰਾਵਾਂ ਨੂੰ ਨਫ਼ਰਤ ਕਰਨ ਦੀ ਹਿਮਾਕਤ ਕਰ ਬੈਠੇ। ਬ੍ਰਾਹਮਣਵਾਦ ਦੇ ਗੋਰਖਧੰਦੇ ਨੂੰ ਸਮਝਣ ਦੀ ਬਜਾਏ ਉਸ ਵਿਚ ਉਲਝ ਕੇ ਆਪਾ ਵਿਸਰ ਗਿਆ। ਅਸੀਂ ਆਪਣੇ ਪਰਾਏ ਦੀ ਪਛਾਣ ਖੋਅ ਬੈਠੇ।

ਆਰੀਅਨ ਮਾਲਕਾਂ ਵਲੋਂ ਦਲਿਤ ਸਮਾਜ ਨਾਲ ਕੀਤੇ ਭੈੜੇ ਵਰਤਾਓ, ਘਟੀਆ ਸਲੂਕ, ਪੈਰ ਪੈਰ ਤੇ ਜ਼ਲੀਲ ਅਤੇ ਅਪਮਾਨਤ ਕਰਨ ਵਾਲੇ ਵਿਹਾਰ ਨੂੰ ਅਸੀਂ ਕਰਮਾਂ ਦਾ ਫਲ ਮੰਨ ਸਵੀਕਾਰ ਕਰ ਬੈਠੇ। ਦ੍ਰਾਵਿੜ, ਭੀਲ, ਗੋਂਡ, ਕੋਲ ਤੇ ਨਾਗ ਰਾਜਿਆਂ ਦੀ ਕਾਰਜਾਂ ਸਦਕਾ ਗੁਲਾਮੀ ਉਪਰੰਤ ਆਰੀਅਨ ਮਾਲਕਾਂ ਵਲੋਂ ਸਜ਼ਾ ਦੇ ਤੌਰ ਔਖੇ ਤੇ ਗੰਦੇ ਕਿੱਤੇ ਸਾਡੇ ਤੇ ਥੋਪ ਦਿੱਤੇ ਜਿਨ੍ਹਾਂ ਨੂੰ ਅਸੀਂ ਰੱਬੀ ਦੇਣ ਮੰਨ ਬੈਠੇ। ਸਦੀਆਂ ਪਹਿਲਾਂ ਦੇ ਹਾਕਮ ਮਹਿਕੂਮ ਬਣ ਕੇ ਹੁਕਮ ਪਾਲਕ ਹੋਣ ਵਿਚ ਖੁਸ਼ਨਸੀਬੀ ਮਹਿਸੂਸ ਕਰਨ ਲੱਗੇ। ਇਤਿਹਾਸ ਦੇ ਪੁੱਠੇ ਗੇੜ ਨੇ ਰਹਿੰਦਾ ਖੂੰਹਦਾ ਮੱਚ ਵੀ ਮਾਰ ਕੇ ਰੱਖ ਦਿੱਤਾ। ਅਸੀਂ ਮਾਲਕ ਅੱਗੇ ਉਹਦੀ ਬੁਸ਼ਕਰ ਤੇ ਪੂਛ ਹਿਲਾਉਣ ਤੇ ਪੈਰ ਚੱਟਣ ਵਿਚ ਸੁਆਦ ਮਾਨਣ ਲੱਗ ਪਏ।

ਤੋੜੇ ਮਰੋੜੇ ਇਤਿਹਾਸ ਦੇ ਖ਼ੂਨੀ ਪੱਤਰੇ, ਸਾਡੇ ਪੁਰਖਿਆਂ ਤੇ ਢਾਏ ਅਕਹਿ ਜ਼ੁਲਮਾਂ ਦੀ ਲੰਮੀ ਦਾਸਤਾਨ, ਸਿ

ਅਪਾਹਜ ਲੋਕਾਂ ਲਈ ਯਾਤਰਾ ਸੁਵਿਧਾਜਨਕ ਹੋਣੀ ਚਾਹੀਦੀ ਹੈ

ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਆਮ ਲੋਕਾਂ ਦੇ ਨਾਲ-ਨਾਲ ਅਪਾਹਜਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖ ਕੇ ਜਨਤਕ ਯਾਤਰਾ ਨੂੰ ਸੁਵਿਧਾਜਨਕ ਬਣਾਉਣਾ ਸਮਾਵੇਸ਼ੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਅਪਾਹਜ ਲੋਕਾਂ ਨੂੰ ਜਨਤਕ ਯਾਤਰਾ ਵਿੱਚ ਅਕਸਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨੂੰ ਦੂਰ ਕਰਨ ਲਈ, ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਅਪਾਹਜ ਲੋਕਾਂ ਲਈ ਰੇਲ ਯਾਤਰਾ ਨੂੰ ਹੋਰ ਸੁਵਿਧਾਜਨਕ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਵਿੱਚ ਰੇਲਵੇ ਸਟੇਸ਼ਨਾਂ ਅਤੇ ਰੇਲਗੱਡੀਆਂ ਲਈ ਦਾਖਲਾ ਅਤੇ ਨਿਕਾਸ ਨੂੰ ਪਹੁੰਚਯੋਗ ਬਣਾਉਣਾ, ਰੈਂਪ ਅਤੇ ਹੈਂਡਰੇਲ ਸਥਾਪਤ ਕਰਨਾ ਅਤੇ ਸਪਸ਼ਟ ਪ੍ਰਦਾਨ ਕਰਨਾ ਸ਼ਾਮਲ ਹੈਸਾਈਨ ਬੋਰਡਾਂ ਨਾਲ ਪਾਰਕਿੰਗ ਦੀ ਸਹੂਲਤ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਹ ਪਲੇਟਫਾਰਮਾਂ 'ਤੇ ਪਹੁੰਚਯੋਗ ਲਿਫਟ ਸੁਵਿਧਾਵਾਂ ਅਤੇ ਰੋਸ਼ਨੀ ਦੇ ਬਿਹਤਰ ਪ੍ਰਬੰਧਨ ਦੀ ਜ਼ਰੂਰਤ ਦਾ ਵੀ ਜ਼ਿਕਰ ਕਰਦਾ ਹੈ। ਸੰਵਿਧਾਨ ਸਾਰੇ ਨਾਗਰਿਕਾਂ ਲਈ ਬਰਾਬਰੀ, ਆਜ਼ਾਦੀ, ਨਿਆਂ ਅਤੇ ਸਨਮਾਨ ਨੂੰ ਯਕੀਨੀ ਬਣਾਉਂਦਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਅਪਾਹਜ ਲੋਕਾਂ ਪ੍ਰਤੀ ਸਮਾਜ ਦਾ ਰਵੱਈਆ ਤੇਜ਼ੀ ਨਾਲ ਬਦਲਿਆ ਹੈ। ਜੇਕਰ ਅਪਾਹਜ ਵਿਅਕਤੀਆਂ ਨੂੰ ਬਰਾਬਰ ਦੇ ਮੌਕੇ ਅਤੇ ਪ੍ਰਭਾਵੀ ਪੁਨਰਵਾਸ ਸਹੂਲਤਾਂ ਮਿਲਦੀਆਂ ਹਨ, ਤਾਂ ਉਹ ਬਿਹਤਰ ਜੀਵਨ ਜੀ ਸਕਦੇ ਹਨ। ਇਸ ਲਈ, ਅਪਾਹਜ ਵਿਅਕਤੀਆਂ ਨੂੰ ਇੱਕ ਰੁਕਾਵਟ ਰਹਿਤ ਵਾਤਾਵਰਣ ਪ੍ਰਦਾਨ ਕਰਨ ਲਈ। ਇਸ ਲਈ ਰਣਨੀਤੀ ਘੜਨ ਦੀ ਸਖ਼ਤ ਲੋੜ ਹੈ। ਇਨ੍ਹਾਂ ਵਿੱਚ ਜਨਤਕ ਇਮਾਰਤਾਂ, ਆਵਾਜਾਈ ਦੀਆਂ ਸਹੂਲਤਾਂ ਜਿਵੇਂ ਕਿ ਸੜਕਾਂ, ਫੁੱਟਪਾਥ, ਰੇਲਵੇ ਪਲੇਟਫਾਰਮ, ਬੱਸ ਅੱਡਿਆਂ ਦੇ ਨਾਲ-ਨਾਲ ਆਵਾਜਾਈ ਦੇ ਸਾਧਨ ਜਿਵੇਂ ਕਿ ਬੱਸਾਂ, ਰੇਲ ਗੱਡੀਆਂ ਅਤੇ ਹਵਾਈ ਜਹਾਜ਼ਾਂ ਦੇ ਨਾਲ-ਨਾਲ ਖੇਡ ਦੇ ਮੈਦਾਨ, ਖੁੱਲ੍ਹੀਆਂ ਥਾਵਾਂ ਆਦਿ ਨੂੰ ਅਪਾਹਜ ਵਿਅਕਤੀਆਂ ਲਈ ਯੋਗ ਬਣਾਇਆ ਜਾਣਾ ਚਾਹੀਦਾ ਹੈ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ 2.68 ਕਰੋੜ ਅਪਾਹਜ ਲੋਕ ਹਨ, ਜੋ ਕਿ ਕੁੱਲ ਆਬਾਦੀ ਦਾ 2।21 ਪ੍ਰਤੀਸ਼ਤ ਹੈ। ਕੁੱਲ ਅਪਾਹਜ ਵਿਅਕਤੀਆਂ ਵਿੱਚੋਂ 1.50 ਕਰੋੜ ਪੁਰਸ਼ ਅਤੇ 1.18 ਕਰੋੜ ਔਰਤਾਂ ਹਨ। ਅੱਜ ਅਪਾਹਜਾਂ ਲਈ ਸਿਰਫ਼ ਰੇਲ ਯਾਤਰਾ ਹੀ ਨਹੀਂ ਸਗੋਂ ਸੜਕੀ ਸਫ਼ਰ ਵੀ ਹੈ। ਆਵਾਜਾਈ ਨੂੰ ਵੀ

ਸੁਵਿਧਾਜਨਕ ਬਣਾਇਆ ਜਾਣਾ ਚਾਹੀਦਾ ਹੈ। ਸੜਕ ਦੇ ਕਿਨਾਰੇ ਬਣੇ ਬੱਸ ਅੱਡਿਆਂ ਦੀ ਬਣਤਰ ਅਜਿਹੀ ਹੈ ਕਿ ਜੇਕਰ ਕੋਈ ਬੱਸ ਉੱਥੇ ਰੁਕਦੀ ਹੈ ਤਾਂ ਕਿਸੇ ਅਪਾਹਜ ਵਿਅਕਤੀ ਲਈ ਉਸ ਵਿੱਚ ਚੜ੍ਹਨਾ ਆਸਾਨ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ, ਜੇਕਰ ਲੋਅ ਫਲੋਰ ਬੱਸਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ, ਤਾਂ ਵ੍ਹੀਲਚੇਅਰ ਦੀ ਵਰਤੋਂ ਕਰਨ ਵਾਲੇ ਅਪਾਹਜ ਲੋਕ ਆਸਾਨੀ ਨਾਲ ਉਨ੍ਹਾਂ ਵਿੱਚ ਸਵਾਰ ਹੋ ਸਕਣਗੇ। ਬੱਸਾਂ ਦੇ ਦਰਵਾਜ਼ੇ 'ਤੇ ਇੱਕ ਵੱਖਰਾ ਖੁੱਲਣ ਵਾਲਾ ਫਲੈਪ ਹੋਣਾ ਚਾਹੀਦਾ ਹੈ, ਜਿਸ ਦੀ ਮਦਦ ਨਾਲ ਵ੍ਹੀਲਚੇਅਰ ਅੰਦਰ ਜਾ ਸਕਦੇ ਹਨ। ਇਸ ਤੋਂ ਇਲਾਵਾ ਬੱਸਾਂ ਵਿੱਚ ਵ੍ਹੀਲ ਚੇਅਰ ਨੂੰ ਰੋਕਣ ਲਈ ਲਾਕ ਸਿਸਟਮ ਹੋਣਾ ਚਾਹੀਦਾ ਹੈ, ਤਾਂ ਜੋ ਜੇਕਰ ਬੱਸ ਅਚਾਨਕ ਚੱਲਣ ਜਾਂ ਰੁਕ ਜਾਵੇ ਅਤੇ ਅਪਾਹਜ ਵਿਅਕਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਬੱਸਾਂ ਵਿੱਚ ਕੁਝ ਸੀਟਾਂ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ ਜੋ ਅਪਾਹਜ ਵਿਅਕਤੀਆਂ ਲਈ ਢੁਕਵੀਆਂ ਹੋਣ। ਪਹੁੰਚਯੋਗ ਭਾਰਤ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਇਸ ਦਿਸ਼ਾ ਵਿੱਚ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਬੋਰਡ ਪ੍ਰੀਖਿਆਵਾਂ ਦੌਰਾਨ ਮਾਪਿਆਂ ਦੀ ਭੂਮਿਕਾ

ਮਾਪੇ ਇਮਤਿਹਾਨਾਂ ਦੌਰਾਨ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਉਹ ਆਪਣੇ ਬੱਚਿਆਂ ਨੂੰ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਇੱਥੇ ਕੁਝ ਭੂਮਿਕਾਵਾਂ ਹਨ ਜੋ ਮਾਪੇ ਨਿਭਾ ਸਕਦੇ ਹਨ:

1. ਭਾਵਨਾਤਮਕ ਸਹਾਇਤਾ: ਮਾਪੇ ਭਾਵਨਾਤਮਕ ਸਹਾਇਤਾ ਪ੍ਰਦਾਨ ਕਰ ਸਕਦੇ ਹਨ ਅਤੇ ਘਰ ਵਿੱਚ ਇੱਕ ਸਕਾਰਾਤਮਕ ਮਾਹੌਲ ਬਣਾ ਸਕਦੇ ਹਨ। ਉਹਨਾਂ ਨੂੰ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ ਚਾਹੀਦਾ ਹੈ, ਉਹਨਾਂ ਦੇ ਆਤਮਵਿਸ਼ਵਾਸ ਨੂੰ ਵਧਾਉਣਾ ਅਤੇ ਚਿੰਤਾ ਨੂੰ ਘਟਾਉਣਾ ਚਾਹੀਦਾ ਹੈ।

2. ਰੁਟੀਨ ਅਤੇ ਸਮਾਂ-ਸਾਰਣੀ: ਮਾਪੇ ਅਧਿਐਨ ਦੀ ਰੁਟੀਨ ਸਥਾਪਤ ਕਰਨ ਅਤੇ ਆਪਣੇ ਬੱਚਿਆਂ ਲਈ ਸਮਾਂ-ਸਾਰਣੀ ਤੈਅ ਕਰਨ ਵਿੱਚ ਮਦਦ ਕਰ ਸਕਦੇ ਹਨ। ਇਹ ਉਹਨਾਂ ਦੇ ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਗਠਿਤ ਕਰਨ ਵਿੱਚ ਮਦਦ ਕਰਦਾ ਹੈ ਅਤੇ ਅਧਿਐਨ ਅਤੇ ਹੋਰ ਗਤੀਵਿਧੀਆਂ ਵਿੱਚ ਸੰਤੁਲਨ ਨੂੰ ਯਕੀਨੀ ਬਣਾਉਂਦਾ ਹੈ।

3. ਸਹੀ ਪੋਸ਼ਣ: ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਇਮਤਿਹਾਨਾਂ ਦੌਰਾਨ ਸਿਹਤਮੰਦ ਖੁਰਾਕ ਮਿਲੇ, ਉਨ੍ਹਾਂ ਨੂੰ ਪੌਸ਼ਟਿਕ ਭੋਜਨ ਅਤੇ ਸਨੈਕਸ ਪ੍ਰਦਾਨ ਕੀਤੇ ਜਾਣ। ਇੱਕ ਚੰਗੀ-ਸੰਤੁਲਿਤ ਖੁਰਾਕ ਬਿਹਤਰ ਇਕਾਗਰਤਾ ਅਤੇ ਸਮੁੱਚੀ ਤੰਦਰੁਸਤੀ ਵਿੱਚ ਯੋਗਦਾਨ ਪਾਉਂਦੀ ਹੈ।

4. ਢੁਕਵਾਂ ਆਰਾਮ ਅਤੇ ਨੀਂਦ: ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਇਮਤਿਹਾਨਾਂ ਦੌਰਾਨ ਲੋੜੀਂਦੀ ਨੀਂਦ ਲੈਣ। ਚੰਗੀ ਤਰ੍ਹਾਂ ਆਰਾਮ ਕਰਨ ਵਾਲਾ ਮਨ ਵਧੇਰੇ ਕੇਂਦ੍ਰਿਤ ਅਤੇ ਲਾਭਕਾਰੀ ਹੁੰਦਾ ਹੈ, ਅਤੇ ਸਹੀ ਨੀਂਦ ਜਾਣਕਾਰੀ ਨੂੰ ਬਰਕਰਾਰ ਰੱਖਣ ਵਿੱਚ ਵੀ ਮਦਦ ਕਰਦੀ ਹੈ।

5. ਧਿਆਨ ਭਟਕਣਾ ਘੱਟ ਕਰੋ: ਮਾਪਿਆਂ ਨੂੰ ਅਧਿਐਨ ਦੇ ਸਮੇਂ ਦੌਰਾਨ ਘਰ ਵਿੱਚ ਇੱਕ ਸ਼ਾਂਤ ਅਤੇ ਸ਼ਾਂਤੀਪੂਰਨ ਮਾਹੌਲ ਬਣਾਉਣਾ ਚਾਹੀਦਾ ਹੈ। ਉਹ ਇਲੈਕਟ੍ਰਾਨਿਕ ਉਪਕਰਨਾਂ ਦੀ ਵਰਤੋਂ ਨੂੰ ਸੀਮਤ ਕਰ ਸਕਦੇ ਹਨ ਅਤੇ ਬੇਲੋੜੇ ਰੌਲੇ ਜਾਂ ਰੁਕਾਵਟਾਂ ਤੋਂ ਬਚ ਸਕਦੇ ਹਨ।

6. ਸੰਸ਼ੋਧਨ ਸਹਾਇਤਾ: ਮਾਪੇ ਆਪਣੇ ਬੱਚਿਆਂ ਦੇ ਗਿਆਨ ਦੀ ਪਰਖ ਅਤੇ ਵਿਸ਼ਿਆਂ 'ਤੇ ਚਰਚਾ ਕਰਕੇ ਉਹਨਾਂ ਦੀ ਅਧਿਐਨ ਸਮੱਗਰੀ ਦੀ ਸਮੀਖਿਆ ਕਰਨ ਵਿੱਚ ਮਦਦ ਕਰ ਸਕਦੇ ਹਨ। ਇਹ ਜਾਣਕਾਰੀ ਦੀ ਸਮਝ ਅਤੇ ਧਾਰਨਾ ਨੂੰ ਵਧਾ ਸਕਦਾ ਹੈ।

7. ਇਮਤਿਹਾਨ ਦੀ ਤਿਆਰੀ: ਮਾਪੇ ਅਧਿਐਨ ਸਮੱਗਰੀ ਨੂੰ ਸੰਗਠਿਤ ਕਰਨ, ਲੋੜੀਂਦੇ ਸਰੋਤ ਪ੍ਰਦਾਨ ਕਰਨ, ਅਤੇ ਪ੍ਰਭਾਵਸ਼ਾਲੀ ਅਧਿਐਨ ਲਈ ਰਣਨੀਤੀਆਂ 'ਤੇ ਚਰਚਾ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ। ਉਹ ਵਾਧੂ ਸਿੱਖਣ ਦੇ ਸਰੋਤਾਂ ਜਾਂ ਅਭਿਆਸ ਟੈਸਟਾਂ ਦਾ ਪਤਾ ਲਗਾਉਣ ਵਿੱਚ ਵੀ ਮਦਦ ਕਰ ਸਕਦੇ ਹਨ।

8. ਅਧਿਆਪਕਾਂ ਨਾਲ ਸੰਚਾਰ: ਮਾਪਿਆਂ ਨੂੰ ਪ੍ਰੀਖਿਆ ਦੀਆਂ ਲੋੜਾਂ ਅਤੇ ਉਮੀਦਾਂ ਨੂੰ ਸਮਝਣ ਲਈ ਅਧਿਆਪਕਾਂ ਨਾਲ ਸੰਚਾਰ ਕਾਇਮ ਰੱਖਣਾ ਚਾਹੀਦਾ ਹੈ। ਇਹ ਉਹਨਾਂ ਦੇ ਬੱਚਿਆਂ ਦੀਆਂ ਅਧਿਐਨ ਯੋਜਨਾਵਾਂ ਦਾ ਸਮਰਥਨ ਕਰਨ, ਸੁਧਾਰ ਦੇ ਖੇਤਰਾਂ ਦੀ ਪਛਾਣ ਕਰਨ, ਅਤੇ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ।

9. ਤਣਾਅ ਪ੍ਰਬੰਧਨ: ਮਾਪਿਆਂ ਨੂੰ ਆਪਣੇ ਬੱਚਿਆਂ ਵਿੱਚ ਬਹੁਤ ਜ਼ਿਆਦਾ ਤਣਾਅ ਜਾਂ ਚਿੰਤਾ ਦੇ ਲੱਛਣਾਂ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਤਣਾਅ ਪ੍ਰਬੰਧਨ ਤਕਨੀਕਾਂ ਬਾਰੇ ਮਾਰਗਦਰਸ਼ਨ ਪੇਸ਼ ਕਰਨਾ ਚਾਹੀਦਾ ਹੈ। ਬ੍ਰੇਕ, ਸਰੀਰਕ ਗਤੀਵਿਧੀਆਂ, ਜਾਂ ਆਰਾਮ ਕਰਨ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ ਤਣਾਅ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ।

10. ਪ੍ਰਾਪਤੀ ਦਾ ਜਸ਼ਨ ਮਨਾਓ: ਮਾਪਿਆਂ ਨੂੰ ਪ੍ਰੀਖਿਆਵਾਂ ਦੌਰਾਨ ਆਪਣੇ ਬੱਚੇ ਦੀਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ। ਇਹ ਉਹਨਾਂ ਦਾ ਮਨੋਬਲ ਵਧਾਉਂਦਾ ਹੈ ਅਤੇ ਸਿੱਖਣ ਪ੍ਰਤੀ ਸਕਾਰਾਤਮਕ ਰਵੱਈਏ ਨੂੰ ਉਤਸ਼ਾਹਿਤ ਕਰਦਾ ਹੈ।

ਕੁੱਲ ਮਿਲਾ ਕੇ, ਮਾਪਿਆਂ ਨੂੰ ਇਮਤਿਹਾਨਾਂ ਦੌਰਾਨ ਇੱਕ ਸਹਾਇਕ ਅਤੇ ਪਾਲਣ ਪੋਸ਼ਣ ਵਾਲਾ ਮਾਹੌਲ ਪ੍ਰਦਾਨ ਕਰਨਾ ਚਾਹੀਦਾ ਹੈ, ਇਹ ਯਕੀਨੀ ਬਣਾਉਣਾ ਕਿ ਉਹਨਾਂ ਦੇ ਬੱਚੇ ਆਤਮ-ਵਿਸ਼ਵਾਸ, ਪ੍ਰੇਰਿਤ, ਅਤੇ ਚੰਗੀ ਤਰ੍ਹਾਂ ਤਿਆਰ ਮਹਿਸੂਸ ਕਰਦੇ ਹਨ।

– ਵਿਜੈ ਗਰਗ

ਚਾਰਟਰਡ ਵਿੱਤੀ ਵਿਸ਼ਲੇਸ਼ਕ ਭਾਰਤ ਵਿੱਚ ਕਰੀਅਰ ਸਕੋਪ ਅਤੇ ਨੌਕਰੀ ਦੇ ਮੌਕੇ

ਸੀਐਫਏ ਇੱਕ ਸਨਮਾਨਜਨਕ ਵਿੱਤ ਪ੍ਰੋਗਰਾਮ ਹੈ ਜੋ ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਦਾ ਹੈ। ਇਹ ਨਿਵੇਸ਼ ਅਤੇ ਸੰਪੱਤੀ ਪ੍ਰਬੰਧਨ ਅਹੁਦਿਆਂ ਦੇ ਇੱਕ ਸਪੈਕਟ੍ਰਮ ਵਿੱਚ ਡੂੰਘਾ ਗਿਆਨ ਪੈਦਾ ਕਰਦਾ ਹੈ ਅਤੇ ਉਮੀਦਵਾਰਾਂ ਲਈ ਇੱਕ ਲਾਹੇਵੰਦ ਕਰੀਅਰ ਦੀ ਪੇਸ਼ਕਸ਼ ਕਰਦਾ ਹੈ ਭਾਰਤ ਨੇ ਸੀਐਫਏ ਵਿੱਚ 30% ਸਾਲਾਨਾ ਵਾਧਾ ਦੇਖਿਆ ਅਤੇ ਚੀਨ ਅਤੇ ਯੂਐਸਏ ਤੋਂ ਬਾਅਦ ਸੀਐਫਏ ਲਈ ਤੀਜਾ ਸਭ ਤੋਂ ਵੱਡਾ ਬਾਜ਼ਾਰ ਬਣ ਗਿਆ। ਦੇਸ਼ ਵਿੱਚ 3,500 ਸੀ ਐਫ ਏਚਾਰਟਰ ਧਾਰਕ ਹਨ, ਅਤੇ ਹਰ ਸਾਲ ਵੱਧਦੀ ਗਿਣਤੀ ਵਿੱਚ ਵਿਦਿਆਰਥੀ ਕੋਰਸ ਲਈ ਰਜਿਸਟਰ ਹੁੰਦੇ ਹਨ। ਚਾਰਟਰਡ ਫਾਈਨੈਂਸ਼ੀਅਲ ਐਨਾਲਿਸਟ ਵਿੱਤ ਵਿੱਚ ਸਭ ਤੋਂ ਵੱਕਾਰੀ ਪੋਸਟ-ਗ੍ਰੈਜੂਏਟ ਪ੍ਰੋਗਰਾਮਾਂ ਵਿੱਚੋਂ ਇੱਕ ਹੈ ਜੋ ਬਹੁਤ ਸਾਰੇ ਕਾਮਰਸ ਗ੍ਰੈਜੂਏਟ ਉੱਚ-ਪ੍ਰਦਰਸ਼ਨ ਵਾਲੇ ਕੈਰੀਅਰ ਲਈ ਕਰਦੇ ਹਨ। ਬੈਚਲਰ ਦੀ ਡਿਗਰੀ ਤੋਂ ਬਾਅਦ, ਵਿਦਿਆਰਥੀ ਸੀਐਫਏ ਇੰਸਟੀਚਿਊਟ ਵਿੱਚ ਕੋਰਸ ਲਈ ਦਾਖਲਾ ਲੈ ਸਕਦੇ ਹਨ ਅਤੇ 1।5-4 ਸਾਲਾਂ ਦੇ ਅੰਦਰ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਸਰਟੀਫਿਕੇਟ ਹਾਸਲ ਕਰ ਸਕਦੇ ਹਨ। ਇਹ ਪ੍ਰੋਗਰਾਮ ਸਿਖਿਆਰਥੀਆਂ ਨੂੰ ਨਿਵੇਸ਼ ਬੈਂਕਿੰਗ ਦੇ ਵਿਆਪਕ ਗਿਆਨ ਨਾਲ ਲੈਸ ਕਰਦਾ ਹੈ ਅਤੇ ਉਨ੍ਹਾਂ ਨੂੰ ਹੁਨਰਮੰਦ ਵਿੱਤੀ ਮਾਹਿਰ ਬਣਨ ਲਈ ਤਿਆਰ ਕਰਦਾ ਹੈ। ਭਾਰਤ ਨੇ ਸੀਐਫਏ ਵਿੱਚ 30% ਸਾਲਾਨਾ ਵਾਧਾ ਦੇਖਿਆ ਅਤੇ ਚੀਨ ਅਤੇ ਯੂਐਸਏ ਤੋਂ ਬਾਅਦ ਸੀ ਐਫ ਏ ਲਈ ਤੀਜਾ ਸਭ ਤੋਂ ਵੱਡਾ ਬਾਜ਼ਾਰ ਬਣ ਗਿਆ। ਦੇਸ਼ ਵਿੱਚ 3,500 ਸੀਐਫਏ ਚਾਰਟਰ ਧਾਰਕ ਹਨ, ਅਤੇ ਹਰ ਸਾਲ ਕੋਰਸ ਲਈ ਵੱਧਦੀ ਗਿਣਤੀ ਵਿੱਚ ਵਿਦਿਆਰਥੀ ਰਜਿਸਟਰ ਹੁੰਦੇ ਹਨ। ਵਧਦੇ ਸਿਖਿਆਰਥੀ ਅਧਾਰ ਅਤੇ ਵਧ ਰਹੇ ਨੌਕਰੀ ਦੇ ਮੌਕਿਆਂ ਦੇ ਨਾਲ ਇਕਸਾਰ, ਸੀ ਐਫ ਏ ਸੰਸਥਾ ਯੋਗ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਪੇਸ਼ਕਸ਼ ਕਰਦੀ ਹੈ, ਕੋਰਸ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਬਣਾਉਂਦੀ ਹੈ। ਹਾਲਾਂਕਿ ਇਹ ਪ੍ਰੋਗਰਾਮ ਮੁੱਖ ਤੌਰ 'ਤੇ ਵਪਾਰਕ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਪੂਰਾ ਕਰਦਾ ਹੈ, ਇਹ ਪੂੰਜੀ ਬਾਜ਼ਾਰ ਵੱਲ ਇੱਕ ਨਿਸ਼ਚਿਤ ਝੁਕਾਅ ਵਾਲੇ ਵਿਗਿਆਨ ਅਤੇ ਮਨੁੱਖਤਾ ਦੇ ਗ੍ਰੈਜੂਏਟਾਂ ਨੂੰ ਆਕਰਸ਼ਿਤ ਕਰਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਸਰਟੀਫਿਕੇਟ ਉੱਚ-ਭੁਗਤਾਨ ਵਾਲੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਮੌਕਿਆਂ ਲਈ ਰਾਹ ਖੋਲ੍ਹਦਾ ਹੈ। ਆਓ ਇਸ ਗੱਲ ਦੀ ਡੂੰਘਾਈ ਵਿੱਚ ਡੁਬਕੀ ਕਰੀਏ ਕਿ ਸੀਐਫਏ ਲਈ ਯੋਗਤਾ ਪੂਰੀ ਕਰਨ ਤੋਂ ਬਾਅਦ ਤੁਸੀਂ ਕਿਹੜੇ ਕਰੀਅਰ ਵਿਕਲਪ ਪ੍ਰਾਪਤ ਕਰ ਸਕਦੇ ਹੋ ਅਤੇ ਤੁਹਾਡਾ ਅਨੁਮਾਨਤ ਮਿਹਨਤਾਨਾ ਕਿੰਨਾ ਹੋ ਸਕਦਾ ਹੈ। ਭਾਰਤ ਵਿੱਚ ਸੀਐਫਏ ਦਾ ਸਕੋਪ ਇਸ਼ਤਿਹਾਰ ਸੀਐਫਏ ਪ੍ਰੋਗਰਾਮ ਹਰ ਉਦਯੋਗ ਨੂੰ ਮੁੱਖ ਕਾਰੋਬਾਰੀ ਸੰਚਾਲਨ ਅਤੇ ਬੁਨਿਆਦੀ ਤੱਤਾਂ ਦੇ ਸਬੰਧ ਵਿੱਚ ਡੂੰਘਾਈ ਨਾਲ ਕਵਰ ਕਰਦਾ ਹੈ। ਇਸ ਤਰ੍ਹਾਂ, ਸੀਐਫਏ ਪੇਸ਼ੇਵਰਾਂ ਦੀ ਸੈਕਟਰਾਂ ਵਿੱਚ ਉੱਚ ਮੰਗ ਹੈ ਜਿਵੇਂ ਕਿ: ਦੌਲਤ ਪ੍ਰਬੰਧਨ ਪਰਿਸੰਪੱਤੀ ਪਰਬੰਧਨ ਖਤਰੇ ਨੂੰ ਪ੍ਰਬੰਧਨ ਖੋਜ ਵਿਸ਼ਲੇਸ਼ਣ ਨਿਵੇਸ਼ ਬੈਂਕਿੰਗ ਪ੍ਰਾਈਵੇਟ ਬੈਂਕਿੰਗ ਇਕੁਇਟੀ ਵਿਸ਼ਲੇਸ਼ਣ ਪੋਰਟਫੋਲੀਓ ਪ੍ਰਬੰਧਨ ਉੱਦਮਤਾ ਕਿਉਂਕਿ ਇਹ ਕੋਰਸ ਆਪਣੇ ਉਮੀਦਵਾਰਾਂ ਨੂੰ ਡੂੰਘਾਈ ਨਾਲ ਵਿੱਤੀ ਗਿਆਨ ਨਾਲ ਸਮਰੱਥ ਬਣਾਉਂਦਾ ਹੈ, ਉਹ ਬੈਂਕਿੰਗ ਅਤੇ ਵਿੱਤ ਸੰਸਥਾਵਾਂ, ਕਾਨੂੰਨੀ ਫਰਮਾਂ, ਤਕਨੀਕੀ ਫਰਮਾਂ, ਨਿਵੇਸ਼ ਫਰਮਾਂ, ਸਟਾਕ ਬ੍ਰੋਕਿੰਗ ਕੰਪਨੀਆਂ, ਟ੍ਰੇਡਮਾਰਕ ਕੰਪਨੀਆਂ, ਅਤੇ ਆਡਿਟਿੰਗ ਫਰਮਾਂ ਵਿੱਚ ਨੌਕਰੀ ਦੇ ਮੌਕੇ ਲੱਭ ਸਕਦੇ ਹਨ। ਹਾਲਾਂਕਿ ਇੱਕ ਸੀਐਫਏ ਇੱਕ ਚਾਰਟਰ ਧਾਰਕ ਲਈ ਇੱਕ ਪੱਧਰ 1 ਫਰੈਸ਼ਰ ਲਈ 9.8 ਲੱਖ ਤੋਂ 44 ਲੱਖ ਦੇ ਵਿਚਕਾਰ ਕਿਤੇ ਵੀ ਕਮਾਈ ਕਰ ਸਕਦਾ ਹੈ, ਔਸਤ ਸਲਾਨਾ ਤਨਖ਼ਾਹ ਵੱਖ-ਵੱਖ ਪੇਸ਼ਿਆਂ ਵਿੱਚ ਹੇਠ ਲਿਖੇ ਅਨੁਸਾਰ ਵੱਖ-ਵੱਖ ਹੁੰਦੀ ਹੈ: ਭਾਰਤ ਵਿੱਚ ਸੀਐਫਏ ਲਈ ਚੋਟੀ ਦੇ 5 ਨੌਕਰੀ ਦੇ ਮੌਕੇ ਸੀਐਫਏ ਪੇਸ਼ੇਵਰਾਂ ਨੂੰ ਕਿਸੇ ਕੰਪਨੀ ਲਈ ਕੰਮ ਕੀਤੇ ਬਿਨਾਂ ਸਲਾਹਕਾਰ ਵਜੋਂ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ, ਹੈਂਡ-ਆਨ ਅਨੁਭਵ ਪ੍ਰਾਪਤ ਕਰਨਾ ਅਤੇ ਸ਼ੁਰੂਆਤੀ ਨੈੱਟਵਰਕਿੰਗ ਉਹਨਾਂ ਦੇ ਸੁਤੰਤਰ ਗਾਹਕ ਅਧਾਰ ਦੀ ਸੇਵਾ ਕਰਨ ਵਿੱਚ ਉਹਨਾਂ ਦੀ ਮਦਦ ਕਰ ਸਕਦੀ ਹੈ।

ਡਾ. ਭਗਵੰਤ ਸਿੰਘ ਦੀ 'ਸੂਫ਼ੀਆਨਾ ਰਹੱਸ ਅਨੁਭੂਤੀ' ਵਿਲੱਖਣ ਖੋਜੀ ਪੁਸਤਕ

ਉਜਾਗਰ ਸਿੰਘ 94178 13072

ਡਾ. ਭਗਵੰਤ ਸਿੰਘ ਖੋਜੀ ਵਿਦਵਾਨ ਹੈ। ਉਹ ਸਾਹਿਤ ਦੇ ਅਣਗੌਲੇ ਹੀਰਿਆਂ ਬਾਰੇ ਖੋਜ ਕਰਕੇ ਸਾਹਿਤ ਦੇ ਖੋਜੀ ਵਿਦਿਆਰਥੀਆਂ ਦਾ ਰਾਹ ਦਸੇਰਾ ਬਣਦਾ ਜਾ ਰਿਹਾ ਹੈ। ਇਸੇ ਲੜੀ ਵਿੱਚ ਉਸ ਵੱਲੋਂ ਸੰਪਾਦਿਤ ਕੀਤੀ ਪੁਸਤਕ 'ਸੂਫ਼ੀਆਨਾ ਰਹੱਸ ਅਨੁਭੂਤੀ' ਹੈ, ਜਿਹੜੀ ਖੋਜਾਰਥੀਆਂ ਲਈ ਲਾਭਦਾਇਕ ਸਾਬਤ ਹੋਵੇਗੀ। ਆਮ ਤੌਰ 'ਤੇ ਸਾਹਿਤ ਦੇ ਤਿੰਨ ਰੂਪਾਂ ਨਾਵਲ, ਕਹਾਣੀ ਅਤੇ ਕਵਿਤਾ ਵਿੱਚ ਅਤੇ ਬਾਰੇ ਲਿਖਿਆ ਜਾ ਰਿਹਾ ਹੈ। ਸਾਹਿਤ ਦੇ ਇਹ ਰੂਪ ਵੀ ਮਹੱਤਵਪੂਰਨ ਹਨ, ਜੋ ਪਾਠਕਾਂ ਵਿੱਚ ਦਿਲਚਸਪੀ ਪੈਦਾ ਕਰਦੇ ਹਨ ਪ੍ਰੰਤੂ ਖੋਜ ਦੇ ਸਾਹਿਤਕ ਰੂਪ ਨੂੰ ਪੜ੍ਹਨ ਅਤੇ ਲਿਖਣ ਵਿੱਚ ਵਿਦਵਾਨ ਉਤਨੀ ਗੰਭੀਰਤਾ ਨਹੀਂ ਵਿਖਾ ਰਹੇ। ਖੋਜ ਸਾਹਿਤ ਦੇ ਇਤਿਹਾਸ ਨੂੰ ਸੰਭਾਲ ਕੇ ਰੱਖਦੀ ਹੈ, ਜਿਸ ਤੋਂ ਭਵਿਖ ਦੇ ਵਿਦਵਾਨ ਅਗਵਾਈ ਲੈਂਦੇ ਹਨ। ਡਾ।ਭਗਵੰਤ ਸਿੰਘ ਦੀ ਖੂਬੀ ਹੈ ਕਿ ਉਹ ਅਣਗੌਲੇ ਵਿਦਵਾਨਾ




ਡਾ. ਭਗਵੰਤ ਸਿੰਘ

ਸਾਇਦ ਸੂਫ਼ੀਵਾਦ ਮਨੁੱਖਤਾ ਦਾ ਆਦਿ ਧਰਮ ਹੈ। ਸੂਫ਼ੀਆਂ ਦੀ ਪੈਦਾਇਸ਼ ਅਤੇ ਉਸ ਬਾਰੇ ਜਾਣਕਾਰੀ ਦੀ ਤਕਰੀਬਨ ਛਕਦੀਕ ਮਹੀਨੇ ਜਿਤੇ ਦੇ ਸਫ਼ਰ ਦੌਰਾਨ ਹਾਣਦੇ ਰਹੇ। ਕੇ ਪੇਤਾ ਉਹਦੇ ਘਰ ਦੇ ਕਾਰੇ ਪਹਿਲੇ ਮਨੁੱਖ ਨੇ ਜਾਣ ਲਿਆ ਸੀ ਕਿ ਖੋਜੀਆਂ ਸਾਥੀ ਦੇ ਬਾਵਜੂਦ ਉਹ ਆਪਣੇ ਅੰਤਲਿਦ ਕਾਰਨ ਕੀਪਤਿਆਂ ਸਮੇਤ ਹਰ ਜਾਨਵਰ ਨਾਲੋਂ ਵੀਖਰਾ ਹੈ। ਅੱਤਰ ਜਿਵ ਹੀ ਸਿੱਧੀ ਅਤੇ ਸੂਫ਼ੀਵਾਦ ਦੀ ਘਾਣਦਾ ਹੈ। ਡੀਡ ਸੀ ਸਕ੍ਰੋਲ (Dead Sea Scrolls) ਅਨੁਸੀ ਧਰਮ ਦੇ ਸਮਾਨੰਤਰ ਪੁਰਾਲਿਕ ਸੂਫ਼ੀਵਾਦ ਦੀ ਸੁਤੰਤਰ ਰੌਚ ਵੱਲ ਸਿਮਾਰਾ ਕਰਦੇ ਹਨ। ਪ੍ਰਮੀਅ ਸਾਹਿਤ ਦੀ ਤਿੰਨੀ ਮਸੀਤ ਵਿਚ 'ਅਹਲੇ-ਸੁਫ਼ਾ' ਦਾ ਹੋਣਾ ਪੇਸ਼ਦਾ ਹੈ ਕਿ ਇਹ ਇਸਲਾਈ ਮੋਤ ਅਤੇ ਇਸਲਾਮ ਤੋਂ ਪਹਿਲਾਂ ਦਾ ਦਾਸਤਾਨ ਹੈ। ਇਕ ਥੋਡੀ ਸੂਫ਼ੀ ਦੇ ਕਥਨ, "ਸੋਫ਼ੀ ਤੇ ਮਾਹੀ ਦੀ ਪੀਰ ਵਿਰੋਧੀ ਜਦੋਂ ਸੂਚਕ ਮੁੱਚਕ ਨਾਹੀਂ" ਨੂੰ ਉਪਰੋਕਤ ਸਿਦਾਰ ਵਿਚ ਸਮਝਣਾ ਵਾਜਬ ਹੈ।

ਗੁਰੂ ਅਕਾਲ ਪੁਰਖ ਨੇ ਸੂਫ਼ੀ ਫਕੀਰਿਆਂ ਨਾਲ ਗੁਰਮੇ ਸਬੰਧ ਬਣਾ ਕੇ ਸੂਫ਼ੀਆਨਾ ਰਮਜ਼ ਨੂੰ ਸਦਾ ਲਈ ਮਨੁੱਖਤਾ ਦੀ ਝੋਲ ਦਾ ਖ਼ੁਲਾਸਾ ਅਤਾ ਕਿੱਤਾ (ਗੁਰਮੁਖ ਧਰਮ ਸਿਧਾਂਤ ਗੀਤਾ)। ਇਥੇ ਨਾਲ "ਮਾਣੋ ਸਿਰ ਪਾਣੀ" ਵਾਹੁੰ ਲੀਨ ਨਾਨਕ ਨੇ ਸੂਫ਼ੀਆਤ ਦਾ ਮੁਖਲਾ ਚਿਹਰਾ ਮੋਹਰਾ, ਰੰਗ ਰੂਪ ਨਿਖਾਰ ਕੇ ਘਨਾਤੀ ਧੁਕਾ ਅਨੁਸਾਰ (ਗੁਰਮੁਖਾਚਿ) ਸਿਖੀ ਦੀ ਸਦੀਵੀ ਨੀਂਹ ਮਾਨਵਤਾ ਦੇ ਇਸ ਜਾਲੋ ਵਲਸਾਤੇ ਉੱਤੇ ਰੋਪੀ। ਦਰਅਲ ਨਾਨਕ ਨੇ ਆਪਣੇ ਆਪ ਨੂੰ, ਇਸਦੀ ਉਪਜ ਸਰਬੋਤਮ ਮਨੁੱਖ, ਮਾਨਸੀ ਵਿਚ ਸਮਾਂ ਦਿੱਤਾ।

ਤੰਗੀਰ ਪਾਤਕ ਨੂੰ ਸਾਧੂ (ਵਾਲੀ) ਦੀਸ਼ਵਰਦਾਸ ਸਿੰਘ ਦੇ ਬੋਲਾਂ ਅਤੇ ਪੇਸ਼ਕਾਰੀ ਵਿਚ ਇਹ ਸਾਰੇ ਕੇਤ ਪਿਸ਼ਕਾਰੀ ਅਤੇ ਉਸ ਦੀ ਰੂਹ ਨੂੰ ਸਰਸਾਰ ਕਰਨਾਰੀ ਹਰ ਮਨੁੱਖ ਨੂੰ, ਹੈ-ਇਛਾ ਨਾਲ ਗਲ ਲਾਇਆ ਨਿਹਾਰਾਨਪਣ ਤਿਆਗ ਕੇ ਅਕਾਲ ਪੁਰਖ ਦੀ ਅਟੋਲ ਸਲਤਨੋਤ ਦੇ ਆਚਾਰ ਸ਼ਖ਼ਿਰੀ ਬਣ ਅਕਾਰਜ ਰੂਪ ਦੀ ਵਿਚਰਨ ਦਾ ਸੁਨੇਹਾ ਦੇਣਗੇ।

ਸਾਹਿਤ-ਜੋਦਾ ਰਣ ਵਿਚ ਮੋਰਾ ਮਾਰਨ ਵਾਲੇ ਡੈਕਟਰ ਭਗਵੰਤ ਸਿੰਘ ਦਾ ਸਾਧੂ ਦੇ ਮਲੌਚਾਂ ਨੂੰ ਕਿਤਾਬੀ ਰੂਪ ਦੇਣ ਲਈ ਧੰਨਵਾਦ।

- ਗੁਰਤੇਜ ਸਿੰਘ
ਆਈ ਏ ਐਸ. (ਰਿਟਾ.)
ਮੋਬਾ. : 94178-71742

Forever Learning
www.unistarbooks.com ₹ 300/-

ਦੇ ਰਚੇ ਸਾਹਿਤ ਦੀ ਖੋਜ ਕਰਕੇ ਸੰਭਾਲਣ ਦਾ ਕੰਮ ਕਰ ਰਹੇ ਹਨ। ਇਸ ਪੁਸਤਕ ਵਿੱਚ ਫ਼ਕੀਰ ਈਸ਼ਵਰ ਦਾਸ ਦੇ ਸਾਹਿਤਕ ਯੋਗਦਾਨ ਬਾਰੇ 26 ਵੱਖ-ਵੱਖ ਖੇਤਰਾਂ ਦੇ ਪ੍ਰਬੁੱਧ ਵਿਦਵਾਨਾ ਦੇ ਲੇਖ ਸ਼ਾਮਲ ਕੀਤੇ ਗਏ ਹਨ। ਇਹ ਪੁਸਤਕ ਫ਼ਕੀਰ ਈਸ਼ਵਰ ਦਾਸ ਦੀ ਸਮੁੱਚੀ ਸਾਹਿਤਕ ਦੇਣ ਜਿਸ ਵਿੱਚ 9 ਪੰਜਾਬੀ ਕਾਵਿ, 7 ਹਿੰਦੀ ਕਾਵਿ ਅਤੇ 9 ਅੰਗਰੇਜ਼ੀ ਕਾਵਿ ਪੁਸਤਕਾਂ ਬਾਰੇ ਖੋਜ ਭਰਪੂਰ ਲੇਖ ਹਨ। ਸੂਫ਼ੀ ਪਰੰਪਰਾ ਬਾਬਾ ਫਰੀਦ ਤੋਂ ਸ਼ੁਰੂ ਹੋਈ ਜੋ ਵਰਤਮਾਨ ਸਮੇਂ ਤੱਕ ਪ੍ਰਚਲਤ ਹੈ। ਅਧਿਆਤਮਕ ਰਹੱਸਵਾਦ ਵੀ ਸੂਫ਼ੀ ਮਤ ਤੋਂ ਹੀ ਸ਼ੁਰੂ ਹੁੰਦਾ ਗਿਣਿਆਂ ਜਾਂਦਾ ਹੈ। ਉਹ ਧਾਰਮਿਕਤਾ ਦੀ ਵਲੱਗਣ ਨੂੰ ਤੋੜਕੇ ਮਾਨਵਵਾਦੀ ਪ੍ਰਚਾਰ ਕਰਦੇ ਹਨ। ਧਰਮ ਦੇ ਆਪੇ ਬਣੇ ਠੇਕੇਦਾਰਾਂ ਦੀ ਪ੍ਰਵਾਹ ਨਹੀਂ ਕਰਦੇ। ਫ਼ਕੀਰ ਈਸ਼ਵਰਦਾਸ ਦਾ ਰਹੱਸਵਾਦ ਵੀ ਉਸੇ ਪਰੰਪਰਾ ਨੂੰ ਅੱਗੇ ਤੋਰਦਾ ਹੈ। ਫ਼ਕੀਰ ਈਸ਼ਵਰਦਾਸ ਵੀ ਇਨਸਾਨ ਨੂੰ ਆਪਣੀ ਅੰਤਹਕਰਨ ਦੀ ਆਵਾਜ਼ ਨੂੰ ਪਛਾਣਕੇ ਸੁਣਨ ਦੀ ਪ੍ਰੇਰਨਾ ਦਿੰਦਾ ਹੈ। ਇਸ ਨੂੰ ਸਵੈ ਚੇਤਨਾ ਜਾਂ ਰੂਹਾਨੀ ਜਾਗ੍ਰਤੀ ਵੀ ਕਿਹਾ ਜਾ ਸਕਦਾ ਹੈ। ਵਰਤਮਾਨ ਸਮਾਜ ਦਾ ਖੋਖਲਾਪਣ ਵੀ ਆਪੇ ਨਾਲੋ ਟੁੱਟਣ ਦਾ ਹੀ ਨਤੀਜਾ ਹੈ। ਫ਼ਕੀਰ ਈਸ਼ਵਰਦਾਸ ਇਸ ਦੀ ਪਛਾਣ ਕਰਕੇ ਜੀਵਨ ਬਸਰ ਕਰਨ ਦੀ ਤਾਕੀਦ ਕਰਦਾ ਹੈ। ਫ਼ਕੀਰ ਦੀਆਂ ਸਾਰੀਆਂ ਰਚਨਾਵਾਂ ਭਾਵੇਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ਹਨ ਪ੍ਰੰਤੂ ਉਹ ਸਾਰੀਆਂ ਹੀ ਅਧਿਆਤਮਿਕ ਰਹੱਸਵਾਦੀ ਹਨ। ਉਨ੍ਹਾਂ ਦੀ ਬੋਲੀ ਤੇ ਸ਼ੈਲੀ ਸਰਲ ਅਤੇ ਸਪਸ਼ਟ ਹੈ, ਜਿਹੜੀ ਆਮ ਲੋਕਾਂ ਦੇ ਸੌਖਿਆਂ ਹੀ ਸਮਝ ਵਿੱਚ ਆ ਜਾਂਦੀ ਹੈ। ਇਹ ਰਹੱਸਵਾਦ ਇਨਸਾਨ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਦਾ ਹੈ। ਉਹ ਸਮਾਜਿਕ ਗਿਰਾਵਟਾਂ ਨੂੰ ਆੜੇ ਹੱਥੀਂ ਲੈਂਦਾ ਹੋਇਆ ਉਨ੍ਹਾਂ 'ਤੇ ਤਿੱਖੇ ਵਿਅੰਗ ਕਰਦਾ ਹੈ। ਉਸਦਾ ਸਾਰਾ ਕਾਵਿ ਹੀ ਦਾਰਸ਼ਨਿਕ ਹੈ। ਫ਼ਕੀਰ ਦੀਆਂ ਕਾਫ਼ੀਆਂ ਅਤੇ ਰੁਬਾਈਆਂ ਬਹੁਤ ਸਰਲ ਅਤੇ ਅਧਿਆਤਮਿਕ ਰਹੱਸ ਦਾ ਬਿਹਤਰੀਨ ਨਮੂਨਾ ਹਨ। ਇਹ ਸਾਰਾ ਕੁਝ ਇਸ ਕਰਕੇ ਹੀ ਸੰਭਵ ਹੋਇਆ ਕਿ ਫ਼ਕੀਰ ਈਸ਼ਵਰਦਾਸ ਨੇ ਜ਼ਿੰਦਗੀ ਨੂੰ ਨੇੜਿਉਂ ਵੇਖਦਿਆਂ ਅਨੁਭਵ ਕੀਤਾ ਕਿ ਸਾਧਨਾ ਕਰਨੀ ਜ਼ਰੂਰੀ ਹੈ। ਫਿਰ ਉਹ ਜੇ।ਪੀ।ਐਸ।ਸਿੱਧੂ ਤੋਂ ਫ਼ਕੀਰ ਈਸ਼ਵਰਦਾਸ ਤਿਆਗ ਦੀਆਂ ਅਨੇਕਾਂ ਸਥਿਤੀਆਂ ਵਿੱਚੋਂ ਲੰਘ ਕੇ ਬਣਿਆਂ। ਫਿਰ ਉਸ ਨੂੰ ਆਤਮਬੋਧ ਹੋਇਆ ਹੈ। ਫ਼ਕੀਰ ਈਸ਼ਵਰਦਾਰ ਸੂਫ਼ੀਆਨ ਰਹੱਸ ਦਾ ਜ਼ਿਕਰ ਕਰਦਾ ਹੋਇਆ ਮਹਿਸੂਸ ਕਰਦਾ ਹੈ ਕਿ ਮੈਂ ਨੂੰ ਤਿਆਗਣ, ਆਪਣੀ ਤੇ ਸੰਸਾਰ ਦੀ ਹੋਂਦ ਨੂੰ ਪਹਿਚਾਣ ਕੇ ਪ੍ਰਾਪਤ ਕਰਨਾ, ਤਿਆਗ ਦੀ ਮੂਰਤੀ, ਕੱਟੜਤਾ, ਸੰਕੀਰਣਤਾ, ਪਾਖੰਡਾਂ ਦੇ ਉਲਟ ਹਕੀਕਤ ਪਸੰਦ, ਸਰਲ ਜੀਵਨ ਜਿਓਣ ਵਾਲੇ, ਬਾਹਰਲੇ ਵਿਖਾਵੇ ਨਾਲੋਂ ਅੰਦਰ ਦੀ ਪਵਿਤਰਤਾ ਵਾਲੇ, ਸੱਚਾਈ ਤੇ ਸਭ ਵਿੱਚ ਰੱਬ ਮੰਨਣ ਵਾਲੇ, ਗ਼ਰੀਬੀ, ਆਜਜ਼ੀ, ਹਲੀਮੀ, ਲਾਜ, ਮਿੱਠਤ, ਨਿਮ੍ਰਤਾ ਸੂਫ਼ੀ ਰਹੱਸ ਦੇ ਗੁਣ ਹਨ। ਸੂਫ਼ੀ ਅਧਿਅਤਮਵਾਦ ਵਿੱਚ ਰਹੱਸ ਅਤੇ ਆਦਰਸ਼ ਦਾ ਸੁਮੇਲ ਹੁੰਦਾ ਹੈ। ਰੱਬ ਹਰ ਚੀਜ਼ ਵਿੱਚ ਹੈ ਪ੍ਰੰਤੂ ਉਸ ਦਾ ਨਿਸਚਤ ਰੂਪ ਨਹੀਂ। ਬਿਰਹਾ ਵੀ ਸੂਫ਼ੀਵਾਦ ਦਾ ਹਿੱਸਾ ਹੈ। ਫ਼ਕੀਰ ਈਸ਼ਵਰਦਾਸ ਨੇ ਕਾਫ਼ੀਆਂ ਅਤੇ ਦੋਹੇ ਲਿਖੇ ਹਨ। ਉਹ ਆਪਣੇ ਕਾਵਿ ਵਿੱਚ ਵਿਅੰਗ ਮਾਰਦੇ ਹਨ ਪ੍ਰੰਤੂ ਉਨ੍ਹਾਂ ਦਾ ਵਿਅੰਗ ਦੁਨੀਆਂਦਾਰੀ ਤੋਂ ਉਪਰ ਹੁੰਦਾ ਹੈ। ਉਨ੍ਹਾਂ ਨੇ ਪ੍ਰੇਰਨਾ ਗੁਰੂਆਂ, ਸੰਤਾਂ, ਭਗਤਾਂ ਤੋਂ ਲਈ ਹੈ। ਉਹ ਰੱਬ ਨਾਲ ਸਿੱਧਾ ਰਸਤਾ ਜੋੜਦਾ ਹੈ। ਉਸ ਨੂੰ ਇਲਾਹੀ ਸਿਰਜਣਾ ਦਾ ਅਨੁਭਵ ਹੈ। ਉਸ ਨੇ ਆਪਣੇ ਵਿੱਚੋਂ ਵਿਸ਼ੇ-ਵਿਕਾਰਾਂ ਨੂੰ ਦੂਰ ਕੀਤਾ ਹੋਇਆ ਹੈ। ਉਨ੍ਹਾਂ ਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਪਹਿਲਾਂ ਇਨਸਾਨੀਅਤ ਨਾਲ ਪਿਆਰ ਕੀਤਾ ਤਾਂ ਹੀ ਰੱਬ ਨੂੰ ਪ੍ਰਾਪਤ ਕਰਨ ਵਿੱਚ ਸਫਲ ਹੋਇਆ ਹੈ। ਉਹ ਸੂਫ਼ੀ ਪਰੰਪਰਾ ਵਿੱਚ ਰੌਸ਼ਨ ਚਿਰਾਗ ਹੈ। ਉਹ ਬੇਬਾਕੀ ਨਾਲ ਲਿਖਦਾ ਹੈ। ਫ਼ਕੀਰ ਦੀ ਰਚਨਾਂ ਦਾ ਇਖਲਾਕੀ ਪੱਖ ਵੀ ਵਿਲੱਖਣ ਹੈ, ਉਹ ਖੁਦ ਵੀ ਉਚੇ ਸੁੱਚੇ ਇਖਲਾਕ ਦਾ ਮਾਲਕ ਹੈ। ਇਖਲਾਕ ਦੀ ਸਰਵੋਤਮਤਾ ਉਸ ਦੀਆਂ ਰਚਨਾਵਾਂ ਵਿੱਚ ਵਿਖਾਈ ਦਿੰਦੀ ਹੈ। ਉਹ ਮਜ਼ਬਾਂ ਦੀਆਂ ਵਲੱਗਣਾ ਤੋਂ ਬਾਹਰ ਹੈ। ਮਾਨਵਵਾਦੀ ਕੀਮਤਾਂ ਦਾ ਮੁੱਦਈ ਤੇ ਇਨਸਾਨੀ ਧੋਖਿਆਂ ਦਾ ਵਿਰੋਧੀ ਬਣਕੇ ਨਿਖਰਿਆ ਹੈ। 'ਸੂਲੀ ਚੜ੍ਹੇ ਨਾ ਮੁੜਦੇ' ਕਾਵਿ ਸੰਗ੍ਰਹਿ ਗੂੜ੍ਹੇ ਰਹੱਸਵਾਦੀ ਰੰਗ ਵਿੱਚ ਰੰਗਿਆ ਹੋਇਆ ਹੈ। ਆਧੁਨਿਕ ਪੰਜਾਬੀ ਕਾਵਿ ਪਰੰਪਰਾ ਵਿੱਚ ਉਸ ਨੇ ਸੂਫ਼ੀ ਸ਼ਾਇਰੀ ਮੁੜ ਸੁਰਜੀਤ ਕੀਤੀ ਹੈ। ਉਸ ਦੀ ਸ਼ਬਦਾਵਲੀ ਵਿੱਚ ਵਿਰਸਾ ਘੁਲਿਆ-ਮਿਲਿਆ ਹੈ। ਉਹ ਸੂਫ਼ੀ ਕਾਵਿ ਧਾਰਾ ਦਾ ਅਲੰਬਰਦਾਰ ਹੈ, ਇਉਂ ਲੱਗਦਾ ਹੈ ਉਹ ਭਵਿਖ 'ਚ ਸੂਫ਼ੀ ਕਾਵਿ ਦਾ ਸੂਰਜ ਬਣਕੇ ਚੜ੍ਹੇਗਾ। ਉਸ ਦੀ ਕਵਿਤਾ ਇਨਸਾਨ ਨੂੰ ਇਕੋ ਰੱਬ ਦੀ ਹੋਂਦ ਤੇ ਮਨੁੱਖ ਨੂੰ ਬਾਂਦਰ ਟਪੂਸੀਆਂ ਨਾਲ ਤੁਲਨਾ ਦਿੰਦੇ ਹੋਏ ਸਰਲ ਭਾਸ਼ਾ ਵਿੱਚ ਲਿਖਦੇ ਹਨ:

ਬਾਂਦਰਾ ਛੱਡ ਟਪੂਸੀਆਂ ਇਕ ਉਹੀ ਸਾਰ।
ਰੱਬ-ਰਾਮ-ਖੁਦਾ ਇਕਹੋ, ਪਰਵਰਦਿਗਾਰ।

ਫ਼ਕੀਰ ਨੇ ਹਰ ਮਨੁੱਖ ਨੂੰ ਰੱਬ ਦਾ ਰੂਪ, ਰੱਬੀ ਲਿਵ ਲਈ ਬੰਦਗੀ, ਬੰਦਗੀ ਲਈ ਮੁਰਸ਼ਦ ਅਤੇ ਸਾਧਨਾ ਦੀ ਲੋੜ ਕਹੀ ਹੈ। ਫ਼ਕੀਰ ਦੀਆਂ ਕਾਫ਼ੀਆਂ ਅਤੇ ਰੁਬਾਈਆਂ ਵਿੱਚੋਂ ਪੰਜਾਬੀ ਮਿੱਟੀ ਦੀ ਖੁਸ਼ਬੋ ਆਉਂਦੀ ਹੈ। ਉਸ ਨੇ ਮਾਇਆਵਾਦੀ ਸੰਸਾਰ ਵਿੱਚ ਸੱਚੀ ਸੁੱਚੀ ਰੂਹ ਤੇ ਨਿਰੋਲ ਸੱਚ ਨੂੰ ਪੇਸ਼ ਕਰਕੇ ਨਵੀਂ ਪੀੜ੍ਹੀ ਦਾ ਮਾਰਗ ਦਰਸ਼ਕ ਬਣਿਆਂ ਹੈ। ਧਰਮ ਦੇ ਠੇਕੇਦਾਰਾਂ ਦੀ ਫੈਲਾਈ ਸੰਕੀਰਣਤਾ ਬਾਰੇ ਲਿਖਦਾ ਹੈ:

ਕਿਤੇ ਮੰਦਰ-ਮਸਜਿਦ ਕਿਤੇ ਗਿਰਜਾ, ਗੁਰਦੁਆਰੇ,
ਗੱਲੀਂ ਖ਼ੂਨ-ਬਹਾਉਂਦੇ,
ਕਿਤੇ ਕੋਈ ਮੁੱਦਾ ਕਿਤੇ ਲੱਭ ਮੁੱਦਾ,
ਬੇਮੁੱਦਾ ਲੜਦੇ-ਲੋਕਾਂ ਲੜਾਉਂਦੇ,
ਕਾਫ਼ਿਰ ਹੱਕ ਨਾ ਫੜਦੇ,
ਹੱਬ ਫੜਦੇ 'ਦੂਈ' ਦੇ ਮੂਏ-ਬੀਮਾਰਾਂ ਦੇ।
ਇਸੇ ਤਰ੍ਹਾਂ ਲਿਖਦੇ ਹਨ ਬੱਕਰਿਆਂ ਨੂੰ
ਹਲਾਲ ਕਰਨ ਦੀ ਥਾਂ ਖ਼ੁਦ ਬੱਕਰਾ ਬਣੋ:
ਗਲ ਵੱਢ, ਖ਼ੁਦ ਨੂੰ ਕਹਿਣ ਹਲਾਲੀ,
ਸੀਸ ਤਲੀ ਰੱਖ ਕੋਈ ਨਾ ਆਉਂਦਾ,
ਅੱਲਾਹ ਰਾਮ ਦੇ ਬਣਨ ਦਾ ਬੇਲੀ।

ਪ੍ਰਭੂ ਨਾਲ ਸੰਜੋਗ ਤੇ ਵਿਯੋਗ ਦੋਹਾਂ ਪ੍ਰਸਥਿਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ। ਇਸ਼ਕ ਮਿਜ਼ਾਜ਼ੀ ਤੋਂ ਇਸ਼ਕ ਹਕੀਕੀ ਦੇ ਸਫਰ ਨੂੰ ਦਰਸਾਇਆ ਹੈ। ਉਨ੍ਹਾਂ ਹੱਕ ਸੱਚ ਪਰਮਾਰਥ ਨੂੰ ਰੁਬਾਈਆਂ ਰਾਹੀਂ ਮੁਕਤੀ ਦਾ ਇਕੋ ਇਕ ਰਾਹ ਪ੍ਰੇਮ ਦਰਸਾਇਆ ਹੈ। 'ਮੈਂ ਹੋਇਆ ਮਸਤ ਕਲੰਦਰ' ਪੁਸਤਕ ਦੀਆਂ 108 ਕਾਫ਼ੀਆਂ ਵਿੱਚ ਪਰਮਾਤਮਾ ਤੱਕ ਪਹੁੰਚਣ ਦਾ ਤਰੀਕਾ ਦੱਸਿਆ ਹੈ। ਅਸਲ ਵਿੱਚ ਫ਼ਕੀਰ ਈਸ਼ਵਰ ਦਾਸ ਦੀ ਸਮੁੱਚੀ ਰਚਨਾ ਸੂਫ਼ੀ ਮੱਤ ਦੇ ਰਹੱਸਮਈ ਅਨੁਭਵ ਨੂੰ ਜ਼ੁਬਾਨ ਦਿੰਦੀ ਹੈ, ਇਸ ਦੇ ਨਾਲ ਹੀ ਸੂਫ਼ੀਅਨ ਮਸਤੀ ਨੂੰ ਅਨੁਭਵ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਸਿਰਜਨਾਂ ਜ਼ਿਕਰ ਤੋਂ ਫ਼ਿਕਰ ਭਾਵ ਸਿਮਰਨ ਤੋਂ ਚਿੰਤਨ ਤੱਕ ਦਾ ਸਫਰ ਸਾਕਾਰ ਕਰਦੀ ਹੈ। ਉਨ੍ਹਾਂ ਦੀ ਕਾਵਿ ਸਿਰਜਨਾ ਰਾਜਨੀਤਕ ਵਿਵਸਥਾ ਦੇ ਕੂੜ ਉਤੇ ਸੰਕੇਤਕ ਕਿੰਤੂ ਪ੍ਰੰਤੂ ਕਰਦੀਆਂ ਹਨ। ਰੱਬ ਨੂੰ ਸਾਰੇ ਕਰਮ ਕਾਂਡਾਂ ਤੋਂ ਪਰ੍ਹੇ ਦਰਸਾਉਂਦੀਆਂ ਹਨ। ਜ਼ਿੰਦਗੀ ਦੀ ਸਚਾਈ ਨੂੰ ਸਾਦ ਮੁਰਾਦੇ ਸਰਲ ਢੰਗ ਪ੍ਰਗਟਾਉਂਦੀਆਂ ਹੋਈਆਂ ਸਮਾਜਿਕ ਸਰੋਕਾਰਾਂ ਦੀ ਪ੍ਰੋੜ੍ਹਤਾ ਕਰਦੀਆਂ ਹਨ।

150 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ) ਰਾਹੀਂ 'ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮ' ਨੇ ਪ੍ਰਕਾਸ਼ਤ ਕੀਤੀ ਹੈ।

ਸਸਪੈਂਡ ਬਨਾਮ ਨਵੇਂ

ਚੜ੍ਹ ਗਈ ਧਰਮ ਦੇ ਮੋਢੇ 'ਤੇ ਰਾਜਨੀਤੀ
'ਕੁਰਸੀ' ਵੱਲ੍ਹ ਨੂੰ ਲਾਉ ਉਡਾਰੀਆਂ ਜੀ।

ਖਤਰਾ ਮਜ਼ੂਬ ਨੂੰ ਸੁਣਦਿਆਂ ਸਾਰ ਬਹੁਤੇ
ਭੁੱਲਦੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਜੀ।

ਜਾਤ-ਪਾਤ ਲੜਾਈ ਜੋ ਫਿਰਕਿਆਂ ਦੀ
ਲੋਕ ਰਾਜ ਨੂੰ ਪਈਆਂ ਬੀਮਾਰੀਆਂ ਜੀ।

ਵੋਟਾਂ ਮਾਂਠ ਕੇ ਲੀਡਰ ਹਨ ਜਿੱਤ ਜਾਂਦੇ
'ਵੋਟਰ' ਝੱਲਦੇ ਫਿਰਨ ਖੁਆਰੀਆਂ ਜੀ।

ਸਮੇਂ ਸਿਰ ਨਾ 'ਇੰਡੀਆ' ਇੱਕ ਹੋਇਆ
ਪੇਸ਼ ਆਉਣੀਆਂ ਫੇਰ ਲਾਚਾਰੀਆਂ ਜੀ।

'ਪਹਿਲੇ' ਥੋਕ ਦੇ ਭਾਅ 'ਸਸਪੈਂਡ' ਕਰ'ਤੇ
'ਨਵੇਂ' ਚੁਣਨ ਲਈ ਸ਼ੁਰੂ ਤਿਆਰੀਆਂ ਜੀ।

ਤਰਲੋਚਨ ਸਿੰਘ 'ਦੁਪਾਲ ਪੁਰ'
91-78146-92724

'ਮਾਈ ਭਾਗੋ'

'ਬੇਦਾਵਾ' ਦੇਕੇ ਜਦੋਂ ਕੁਝ ਸਿੰਘ ਆ ਗ ਏ,
ਮਾਈ 'ਭਾਗੋ' ਨੇ ਖੂਬ ਫਿਟਕਾਰਿਆ ਜੀ।

"ਪਾਕੇ ਚੂੜੀਆਂ ਬਹਿ ਜਾਓ ਬੇਅਣਖਿਓ"
ਆਏ ਸਿੰਘਾਂ ਨੂੰ ਮਿਹਣਾ ਮਾਰਿਆ ਜੀ।

'ਮਾਈ' ਅਸਤ੍ਰ ਸਸਤ੍ਰ ਲੈ ਘੋੜੇ ਸਵਾਰ ਹੋਕੇ,
ਜਾ ਦੁਸ਼ਮਣਾਂ ਤਾਈਂ ਲਲਕਾਰਿਆ ਜੀ।

ਗੁਰੂ ਗੋਬਿੰਦ ਸਿੰਘ ਜੀ ਦੀ ਦਲੇਰ ਧੀ ਤੋਂ,
ਮੇਜਰ ਬੇਦਾਵਾ ਨਾ ਗਿਆ ਸਹਾਰਿਆ ਜੀ।

ਮੇਜਰ ਸਿੰਘ 'ਬੁਢਲਾਡਾ'
91-94176-42327

ਮਨੀਪੁਰ 'ਚ ਅੱਤਵਾਦੀ ਹਮਲੇ ਦੌਰਾਨ ਪੁਲਿਸ ਮੁਲਾਜ਼ਮ ਦੀ ਮੌਤ

ਇੰਫਾਲ- ਮਨੀਪੁਰ ਦੇ ਮੋਰੇਹ ਇਲਾਕੇ ਵਿਚ ਬੁੱਧਵਾਰ ਸਵੇਰੇ ਅੱਤਵਾਦੀਆਂ ਨੇ ਸੁਰੱਖਿਆ ਬਲਾਂ ਦੇ ਵਾਹਨ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਭਾਰਤੀ ਰਿਜ਼ਰਵ ਬਟਾਲੀਅਨ (ਆਈਆਰਬੀ) ਦੇ ਜਵਾਨ ਵਾਂਗਖ਼ੇਮ ਸੋਮਰਜੀਤ ਦੀ ਮੌਤ ਹ

ਜੋੜ ਮੇਲਾ ਸ੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਸਬੰਧੀ ਵਿਸ਼ੇਸ਼

ਕੁਲਦੀਪ ਚੰਦ
91-9417563054

ਭਾਰਤ ਵਿਚ ਸਦੀਆਂ ਤੋ ਚੱਲੀ ਆ ਰਹੀ ਜਾਤ ਆਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਾਨੂੰਨ ਦੀ ਸਖ਼ਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੋਰ ਤੇ ਖ਼ਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਦੇਸ਼ ਦੇ ਮੂਲ ਨਿਵਾਸੀਆਂ ਅਨੁਸੂਚਿਤ ਜਾਤੀਆਂ ਨਾਲ ਹੋ ਰਹੇ ਵਿਤਕਰੇ, ਸਮਾਜਿਕ, ਧਾਰਮਿਕ, ਆਰਥਿਕ ਅੱਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਜੋਕਿ 1966 ਤੋਂ ਪਹਿਲਾਂ ਪੰਜਾਬ ਦੇ ਹੀ ਜ਼ਿਲ੍ਹਾ ਹੁਸ਼ਿਆਰਪਰੁ ਦਾ ਭਾਗ ਸੀ ਵਿੱਚ 21-22 ਜਨਵਰੀ 2005 ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸਨ ਵੱਲੋਂ ਇਲਾਕੇ ਦੇ ਕੁੱਝ ਮੰਨੂਵਾਦੀਆਂ ਦੇ ਦਬਾਅ ਅਧੀਨ 1947 ਤੋਂ ਪਹਿਲਾਂ ਬਣੇ ਹੋਏ ਸ੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਇਸਨੂੰ ਬਚਾਉਣ ਲਈ ਸੰਘਰਸ਼ ਕਰਨ ਵਾਲੇ ਹਜ਼ਾਰਾਂ ਵਿਅਕਤੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਲਗਭਗ 100 ਵਿਅਕਤੀਆਂ ਨੂੰ ਵੱਖ ਵੱਖ ਕੇਸਾਂ ਵਿਚ ਜੇਲ੍ਹ ਅੰਦਰ ਕੀਤਾ ਗਿਆ ਸੀ। ਪੰਜਾਬ ਦੇ ਨੰਗਲ ਜ਼ਿਲ੍ਹਾ ਰੂਪਨਗਰ ਅਤੇ ਬੀਣੇਵਾਲ ਝੂੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਲੱਗਦੇ ਸੰਤੋਖਗੜ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ ਜੋਕਿ ਪੰਜਾਬ ਵੰਡ ਤੋਂ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਹੀ ਹਿੱਸਾ ਸੀ ਵਿਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਦੇ ਹਜ਼ਾਰਾਂ ਪੈਰੋਕਾਰਾਂ ਤੇ ਅੰਨਾ ਤਸ਼ੱਦਦ ਕੀਤਾ ਜਿਸ ਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਡਰਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿਚ ਸਵੇਰੇ ਤੜਕਸਾਰ ਲਗਭਗ 4 ਵਜੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ੱਦਦ ਕੀਤਾ ਗਿਆ। ਜੋੜ ਮੇਲਾ ਕਮੇਟੀ ਚੇਅਰਮੈਨ ਬਲਬੰਤ ਸਿੰਘ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਜੋਕਿ ਪਹਿਲਾਂ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਵਿੱਚ ਸ਼ਾਮਿਲ ਸੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵੱਲੋਂ ਖਾਲੀ ਪਈ ਥਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਬਣਾਇਆ ਗਿਆ ਸੀ। ਸਾਲ 1952 ਵਿਚ ਰਵਿੰਦਰ ਕੁਮਾਰ ਪੁੱਤਰ ਪਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿਚ ਕੇਸ ਕੀਤਾ ਸੀ। ਇਸ ਕੇਸ ਵਿਚ ਸ੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵੱਲੋਂ ਵਤਨਾਂ ਰਾਮ ਪੁੱਤਰ ਨਿੱਕੂ ਰਾਮ ਅਦਾਲਤ ਵਿਚ ਹਾਜ਼ਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਸਾਹਿਬ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਆਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੋਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈ ਕੇ ਮਾਣਯੋਗ ਸੁਪਰੀਮ ਕੋਰਟ ਵਿਚ ਵੀ ਪੇਸ਼ ਹੋਏ ਪਰੰਤੂ ਉੱਥੇ ਕੇਸ ਖ਼ਾਰਜ ਹੋ ਗਿਆ। 28 ਦਸੰਬਰ 2004 ਨੂੰ ਮਾਣਯੋਗ ਹਿਮਾਚਲ ਹਾਈ ਕੋਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਪ੍ਰਸ਼ਾਸਨਿਕ ਅਧਿਕਾਰੀ ਇਲਾਕੇ ਦੇ ਸ੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿਚ ਹੀ ਸਨ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪਿੰਡ ਵਿਚ ਹੱਲਾ ਬੋਲ ਦਿਤਾ ਅਤੇ ਇਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ। ਮੰਦਿਰ ਨੂੰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ੱਦਦ ਕੀਤਾ ਗਿਆ। ਲੱਗਭੱਗ 100 ਵਿਅਕਤੀਆਂ ਜਿਨ੍ਹਾਂ ਵਿਚ 3 ਨਾਬਾਲਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ

147, 148, 149, 307, 332, 333, 353 ਅਤੇ 120 ਬੀ ਅਧੀਨ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ ਜਿਨ੍ਹਾਂ ਵਿੱਚ ਗੜਸ਼ੰਕਰ ਤੋਂ ਸਾਬਕਾ ਵਿਧਾਇਕ ਸਵਰਗੀ ਸ਼ਿੰਗਾਰਾ ਰਾਮ ਸਹੂੰਗੜਾ ਵੀ ਸ਼ਾਮਿਲ ਸੀ 22 ਜਨਵਰੀ ਤੋਂ ਲੈ ਕੇ 26 ਫਰਵਰੀ, 2005 ਤੱਕ ਲਗਭਗ 35 ਦਿਨ ਕੰਡਾ ਘਾਟ ਜੇਲ੍ਹ, ਊਨਾ ਜੇਲ੍ਹ ਅਤੇ ਸ਼ਿਮਲਾ ਜੇਲ੍ਹ ਵਿਚ ਬੰਦ ਰਹੇ। ਇਨ੍ਹਾਂ ਵਿੱਚ ਸ਼ਾਮਿਲ 3 ਨਾਬਾਲਗ ਬੱਚਿਆਂ ਜਤਿੰਦਰ ਕੁਮਾਰ, ਅੰਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ ਪੁਲਿਸ ਨੇ 22 ਜਨਵਰੀ ਤੋਂ 27 ਜਨਵਰੀ ਤੱਕ ਹਿਰਾਸਤ ਵਿਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜ਼ਮਾਨਤ ਤੇ ਰਿਹਾ ਕੀਤਾ। ਸਵਰਗੀ ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਬਿੰਦੋ ਦੇਵੀ, ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੋਰਟ ਸ਼ਿਮਲਾ ਤੋਂ ਜ਼ਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈ ਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਜ਼ਿਲ੍ਹਾ ਹੈੱਡ ਕੁਆਰਟਰ ਊਨਾ ਵਿਚ ਲਗਾਤਾਰ ਰੋਸ ਮੁਜ਼ਾਹਰਾ ਕੀਤਾ ਜਿਸ ਵਿਚ ਬਲਬੰਤ ਸਿੰਘ, ਬਲਵੀਰ ਬੱਗਾ, ਰਾਜ ਕੁਮਾਰ, ਚਮਨ ਲਾਲ ਭਾਟੀਆ, ਵਕੀਲ ਨਰੇਸ਼ ਕੁਮਾਰ, ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਬਾਬਾ ਸੰਤੋਖ ਦਾਸ ਬਿੱਟੂ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ ਹਿਮਾਚਲ, ਅਮਰੀਕ ਦੇਹਲਾਂ, ਬਲਰਾਮ ਮਹੇ, ਮਦਨ ਲਾਲ, ਪ੍ਰੇਮ ਚੰਦ, ਸੁਲਿੰਦਰ ਚੋਪੜਾ, ਰਵੀ ਕਾਂਤ ਬਸੀ, ਸੁਰੇਸ਼ ਵਸਣ, ਪ੍ਰਧਾਨ ਬਲਬੀਰ ਬਬਲੂ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਸੰਜੇ ਸਿੰਘ, ਅਮਰੀਕ ਕੁਮਾਰ, ਲੰਬੜਦਾਰ ਬਖ਼ਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜਤਿੰਦਰ, ਸੋਨੂੰ, ਡਾਕਟਰ ਕੇ ਆਰ ਆਰਿਆ, ਬਲਬੀਰ ਬੱਗਾ, ਵਿਜੇ ਨਾਇਰ, ਬਲਬੰਤ ਕੁਮਾਰ, ਹਰੀ ਚੰਦ ਸੰਧੂ, ਸਵਰਗੀ ਪ੍ਰੀਤਮ ਚੰਦ ਸੰਧੂ, ਸਵਰਗੀ ਮਾਤੂ ਰਾਮ, ਸਵਰਗੀ ਜਗਤ ਸਿੰਘ, ਡਾਕਟਰ ਲੇਖ ਰਾਜ ਖੰਨਾ, ਸਰਵਣ, ਦਾਸ ਰਾਮ, ਸਤੀਸ਼ ਕੁਮਾਰ, ਤਰਸੇਮ ਲਾਲ ਵੱਸਣ, ਰਾਮ ਆਸਰਾ ਭੀਸੀ, ਤਰਸੇਮ ਸਹੋਤਾ, ਬਤਨ ਚੰਦ ਪਟੇਲ, ਕੁਲਦੀਪ ਚੰਦ ਦੋਭੇਟਾ, ਬਲਵੰਤ ਕੁਮਾਰ, ਜਰਨੈਲ ਸਿੰਘ ਬੈਂਸ, ਬਚਨ ਚੰਦ ਪਟੇਲ, ਪਰਸ ਰਾਮ, ਰਜਿੰਦਰ, ਸੰਦੀਪ ਮਹੇਸ਼, ਕੁਲਵਿੰਦਰ ਸਿੰਘ, ਸੁਲਿੰਦਰ ਚੋਪੜਾ, ਰਵੀ ਕਾਂਤ ਬਸੀ, ਸੁਰੇਸ਼ ਵਸਣ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਮੰਗਤ ਰਾਮ, ਸੁੱਖ ਰਾਮ, ਅਮਰਜੀਤ ਸਹਿਗਲ, ਮਦਨ ਲਾਲ, ਨਿਰਮਲਾ ਮਹੇ, ਰਾਣੀ ਦੇਵੀ, ਬਚਨੀ ਦੇਵੀ, ਵਿਦਿਆ ਦੇਵੀ, ਸੁਦੇਸ ਕੁਮਾਰੀ, ਬਿੰਦੂ ਦੇਵੀ, ਕੁਸ਼ੱਲਿਆ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ, ਪ੍ਰਕਾਸੋ ਦੇਵੀ, ਬੇਬੀ, ਮਦਨ ਲਾਲ, ਪ੍ਰੇਮ ਚੰਦ, ਜਰਨੈਲ ਸਿੰਘ ਬੈਂਸ, ਨਿਰਮਲਾ ਮਹੇ, ਰਾਣੀ ਦੇਵੀ, ਬਚਨੀ ਦੇਵੀ, ਵਿਦਿਆ ਦੇਵੀ, ਸੁਦੇਸ ਕੁਮਾਰੀ, ਬਿੰਦੂ ਦੇਵੀ, ਕੁਸ਼ੱਲਿਆ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ, ਪ੍ਰਕਾਸੋ ਦੇਵੀ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫ਼ਤਾਰ ਵਿਅਕਤੀਆਂ ਨੂੰ ਛੱਡਣ ਲਈ ਮਜਬੂਰ ਕਰ ਦਿਤਾ। ਸਾਬਕਾ ਮੁੱਖ ਮੰਤਰੀ ਅਤੇ ਬਸਪਾ ਪ੍ਰਮੁੱਖ ਮਾਇਆਵਤੀ ਵੀ ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਰੂਪ ਵਿਚ ਪਹੁੰਚੀ ਅਤੇ ਦਲਿਤ ਵਿਰੋਧੀ ਕਾਂਗਰਸ ਸਰਕਾਰ ਨੂੰ ਲਤਾੜਿਆ ਅਤੇ ਇਸ ਮਾਮਲੇ ਦੇ ਹੱਲ ਕਰਨ ਲਈ ਸਰਕਾਰ ਨੂੰ ਚੇਤਾਵਨੀ ਦਿੱਤੀ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਹਿਮਾਚਲ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੌਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿਚ ਹਿਮਾਚਲ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿਚ ਪਹੁੰਚੇ। ਮੰਦਿਰ ਕਮੇਟੀ ਵੱਲੋਂ ਹਰ ਸਾਲ 22 ਜਨਵਰੀ ਨੂੰ ਘੱਲੂਘਾਰਾ ਦਿਵਸ ਮਨਾਇਆ ਜਾਂਦਾ ਹੈ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਪਹੁੰਚਦੇ ਹਨ ਅਤੇ ਸਮਾਜ ਦੀਆਂ ਸਮੱਸਿਆਵਾਂ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਦੇ ਪ੍ਰਧਾਨ ਵਕੀਲ ਕੁਲਵਿੰਦਰ ਬੈਂਸ, ਸਕੱਤਰ ਮਨੋਹਰ ਲਾਲ, ਸਿਨੀਅਰ ਉੱਪ ਪ੍ਰਧਾਨ ਪਵਨ ਕੁਮਾਰ, ਉੱਪ ਪ੍ਰਧਾਨ ਬਚਨ ਚੰਦ ਪਟੇਲ, ਕੈਸ਼ੀਅਰ ਅਸ਼ੋਕ ਕੁਮਾਰ ਆਦਿ ਨੇ ਦੱਸਿਆ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜੋਕਿ ਮਾਤਾ ਕਲਸਾਂ ਨੂੰ ਸਮਰਪਿਤ ਹੈ ਜਿਸ ਵਿੱਚ 20 ਜਨਵਰੀ ਨੂੰ ਸਵੇਰੇ 10 ਵਜੇ ਸ੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਪਾਠ ਆਰੰਭ ਕੀਤਾ ਜਾਵੇਗਾ। 21 ਜਨਵਰੀ ਨੂੰ ਸੰਤ ਸਮਾਜ ਦੀ ਅਗਵਾਈ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਸਵੇਰੇ 10 ਵਜੇ ਸੰਤੋਖਗੜ੍ਹ ਤੋਂ ਚੱਲਕੇ ਖਾਨਪੁਰ, ਨੰਗੜਾ, ਊਨਾ, ਵਡਾਲਾ, ਦੇਹਲਾ, ਮਹਿਤਪੁਰ, ਬਸਦੇਹੜਾ ਆਦਿ ਦੁਆਰਾ ਵਾਪਸ ਸੰਤੋਖਗੜ੍ਹ ਪਹੁੰਚੇਗੀ ਜਿਸ ਵਿੱਚ ਹਿਮਾਚਲ ਤੋਂ ਇਲਾਵਾ ਪੰਜਾਬ ਹਰਿਆਣਾ ਆਦਿ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਭਾਗ ਲੈਣਗੇ। 22 ਜਨਵਰੀ ਨੂੰ ਸਵੇਰੇ 9.30 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ 10 ਵਜੇ ਸ੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਭੋਗ ਪਾਇਆ ਜਾਵੇਗਾ ਅਤੇ ਸੰਤ ਬਾਬਾ ਬਿਹਾਰੀ, ਰਵਿੰਦਰ ਖਾਨਪੁਰ, ਕਮਲਜੀਤ ਸਿੰਘ, ਗਿਆਨ ਚੰਦ ਆਦਿ ਵਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਕੈਬਿਨਟ ਮੰਤਰੀ ਹਿਮਾਚਲ ਪ੍ਰਦੇਸ਼ ਯਾਦਵਿੰਦਰ ਸਿੰਘ ਜੋਗਾ ਅਤੇ ਸਾਬਕਾ ਵਿਧਾਇਕ ਊਨਾ ਸਤਪਾਲ ਸਿੰਘ ਰਾਏਜਾਦਾ ਵਿਸ਼ੇਸ਼ ਤੋਰ ਤੇ ਮੰਦਿਰ ਵਿੱਚ ਪਹੁੰਚਣਗੇ ਅਤੇ ਸੰਗਤ ਨੂੰ ਸੰਬੋਧਨ ਕਰਨਗੇ। ਹਰ ਸਾਲ ਦੀ ਤਰਾਂ ਵੱਖ ਵੱਖ ਕਲਾਕਾਰ ਅਮ੍ਰਿਤਾ ਵਿਰਕ, ਆਰ ਡੀ ਸਾਗਰ, ਗੁਰੀ ਧਾਲੀਵਾਲ ਮਿਸ਼ਨਰੀ ਗਾਇਕ ਵਿਜੈ ਰੰਗੀਲਾ ਆਦਿ ਗੁਰੂ ਰਵਿਦਾਸ ਜੀ ਦਾ ਗੁਣਗਾਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਦੇਸ਼ ਵਿਦੇਸ਼ ਤੋਂ ਆ ਰਹੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਸਮਾਜ ਅਤੇ ਦੇਸ਼ ਦੀਆਂ ਸਮੱਸਿਆਵਾਂ ਚੁਣੌਤੀਆਂ ਬਾਰੇ ਵਿਚਾਰ ਵਟਾਂਦਰਾ ਕਰਨਗੇ।

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਵਸ ਨੂੰ ਸਮਰਪਿਤ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਸਮੂਹ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ (ਅੰਮ੍ਰਿਤ-ਕੁੰਡ) ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਲੋਂ ਕਰਵਾਇਆ ਗਿਆ ਜਿਸ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ, ਮਨਜੀਤ ਸਿੰਘ, ਸੰਤ ਗਿਰਧਾਰੀ ਲਾਲ, ਕੁਲਦੀਪ ਚੰਦ, ਬਾਬਾ ਜਗਤਾਰ ਸਿੰਘ ਚੇਅਰਮੈਨ ਕੁਟੀਆ ਬਾਬਾ ਜਮਨਾ ਦਾਸ ਵੈਲਫੇਅਰ ਸੁਸਾਇਟੀ, ਸਰਪੰਚ ਪੁਸ਼ਪਿੰਦਰ ਕੌਰ, ਜਗਦੀਸ਼ ਸਿੰਘ, ਅਮਰਜੀਤ, ਜੋਤੀ ਆਦਿ ਨੇ ਵਿਸ਼ੇਸ਼ ਤੌਰ ਤੇ ਪਹੁੰਚਕੇ ਬਾਬੂ ਮੰਗੂ ਰਾਮ ਦੀ ਤਸਵੀਰ ਤੇ ਫੁੱਲ ਚੜ੍ਹਾਏ ਅਤੇ ਉਨ੍ਹਾਂ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਇਸ ਮੌਕੇ ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਬਾਬੂ ਮੰਗੂ ਰਾਮ ਮੁਗੋਵਾਲੀਆ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਛੂਤ ਵਿਦਿਆਰਥੀ ਸਨ। ਉਨ੍ਹਾਂ ਦੱਸਿਆ ਕਿ ਆਪ 1909 ਵਿੱਚ ਯੂ ਐਸ ਏ ਚਲੇ ਗਏ ਜਿੱਥੇ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ

ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ

ਬਾਬਾ ਜੈ ਸਿੰਘ ਜੀ ਖਾਲਕਟ



"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ ॥

ਉਪਰੋਕਤ ਸ਼ਬਦ ਨੂੰ ਬਾਬਾ ਜੈ ਸਿੰਘ ਖਲਕਟ ਜੀ ਜਿਹੇ ਮਹਾਨ ਸ਼ਹੀਦਾਂ ਨੇ ਜੀਵਨ ਕੁਰਬਾਨ ਕਰਕੇ ਜਿੰਦਾ ਵੀ ਰਖਿਆ ਸਹੀ ਵੀ ਸਿਧ ਕੀਤਾ ਹੈ। ਸਮਾਂ ਸੀ ਜਦੋਂਅਹਿਮਦ ਸ਼ਾਹ ਦੁਰਾਨੀ ਨੇ ਮਹਾਰਾਜਾ ਦੀ ਗੈਰਹਾਜ਼ਰੀ ਵਿਚ ਬਰਨਾਲਾ 'ਤੇ ਹਮਲਾ ਕੀਤਾ, ਜਦੋਂ ਰਾਜਾ ਮੂਨਕ ਵਿਚ ਸੀ। ਉਸਨੇ ਮਹਾਰਾਜਾ ਨੂੰ ਚਾਰ ਲੱਖ ਰੁਪਏ ਦੇਣ ਲਈ ਮਜਬੂਰ ਕੀਤਾ।ਜਿਸ ਵਿਚੋਂ ਸਿਰਫ ਪੰਜਾਹ ਹਜ਼ਾਰ ਰੁਪਏ ਦੀ ਅਦਾਇਗੀ ਕੀਤੀ। ਦੁਰਾਨੀ ਰਾਜਾ ਨੇ ਉਸਨੂੰ "ਰਾਜਾ" ਦੀ ਉਪਾਧੀ ਦਿੱਤੀ ਅਤੇ ਉਸਨੂੰ 727 ਪਿੰਡਾਂ ਦਾ ਖੇਤਰ ਦਿੱਤਾ। ਆਲਾ ਸਿੰਘ 57 ਸਾਲ ਦੀ ਉਮਰ ਵਿੱਚ1763 ਈ। ਵਿਚ, ਪਟਿਆਲਾ ਸ਼ਹਿਰ ਦੀ ਨੀਂਹ ਰੱਖੀ।ਉਸੇ ਸਾਲ ਉਸਨੇ ਨਨੂ ਸਿੰਘ ਸੈਣੀ ਮੁਖੀਆ ਦੀ ਅਗਵਾਈ ਹੇਠ ਦੇ ਨਾਲ ਸਰਹਿੰਦ ਅਤੇ ਇਸ ਦੇ ਨਾਲ ਲੱਗਦੇ ਇਲਕੇ ਨੂੰ ਜਿੱਤ ਲਿਆ। ਉਹਨਾ ਦੇ ਤਿੰਨਾਂ ਹੀ ਪੁੱਤਰਾਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ। 1765 ਵਿਚ ਇਸਨੇ ਆਪਣੇ ਪੋਤੇ ਮਹਾਰਾਜਾ ਅਮਰ ਸਿੰਘ ਨੂੰ ਗੱਦੀ ਛੱਡ ਦਿੱਤੀ।

ਹਜਾਰਾਂ ਸਾਲਾਂ ਉੱਤਰ ਭਾਰਤ ਦੇ ਪ੍ਰਾਂਤ ਦੇ ਲੋਕਾਂ ਨੇ ਮੱਧ ਏਸ਼ੀਆ ਤੋਂ ਆਉਣ ਹਮਲਾਵਰਾਂ ਦੇ ਜੁੱਲਮਾਂ ਦਾ ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਧ ਨੁਕਸਾਨ ਉਠਾਉਣਾ ਪਿਆ ਹੈ। ਇਹ ਸਿਲਸਲਾ ਭਾਰਤ ਵਿੱਚ ਸਭ ਤੋਂ ਪਹਿਲਾ ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਨਾਲ ਸੁਰੂ ਹੋਇਆ ਅਤੇ ਭਾਰਤ ਵਿੱਚ ਬਹੁਤ ਸਾਰੇ ਵਿਦੇਸ਼ੀ ਆਉਂਦੇ ਰਹੇ ਭਾਰਤ ਵਿੱਚ ਲੁੱਟ ਕਰਕੇ ਵਾਪਸ ਚਲੇ ਜਾਂਦੇ ਸਨ, ਪਰ ਹੌਲੀ ਹੌਲੀ ਉਹ ਭਾਰਤ ਵਿੱਚ ਹੀ ਪੱਕੇ ਤੌਰ ਉਤੇ ਵਸ ਗਏ। ਭਾਰਤ ਵਿੱਚ ਆਖਰੀ ਵਿਦੇਸ਼ੀ ਅੰਗਰੇਜ਼ ਸਨ ਜੋ ਸਮੁੰਦਰ ਰਹੀਂ ਦੱਖਣ ਭਾਰਤ ਵਲੋਂ ਦਾਖਲ ਹੋਏ ਸਨ ਕੋਈ 200 ਕੁ ਸੌ ਸਾਲ ਭਾਰਤ ਵਿੱਚ ਰਹਿਕੇ ਵਾਪਸ ਵੀ ਗਏ।ਅੰਗਰੇਜ਼ ਹੀ ਇੱਕ ਐਸੀ ਕੌਮ ਹੈ ਜਿਸ ਨੇ ਵਿਦੇਸ਼ਾਂ ਉਤੇ ਰਾਜ ਵੀ ਕੀਤਾ ਆਪਣਾ ਦੇਸ਼ ਵੀ ਨਹੀਂ ਛੱਡਿਆ, ਆਪਣੇ ਦੇਸ਼ ਨੂੰ ਹਮੇਸ਼ਾ ਖੁਸ਼ਹਾਲ ਬਣਾਇਆ।ਅੰਗਰੇਜ਼ ਕੌਮ ਵਿਸ਼ਵ ਦੀਆਂ ਕੌਮਾਂ ਨਾਲੋਂ ਵੱਧ ਮਾਨਵਤਾਵਾਦੀ ਅਤੇ ਡਸਿਪਲਨ ਵਾਲੀ ਕੌਮ ਹੈ। ਭਾਰਤ ਵਿੱਚ ਬਹੁਤ ਸਾਰੇ ਦੇਸ਼ੀ, ਵਿਦੇਸ਼ੀ ਵਸਦੇ ਹਨ, ਪਰ ਇੱਕ ਕੌਮ ਨਹੀ ਬਣ ਸਕੇ, ਭਾਰਤੀ ਆਪਸ ਵਿੱਚ ਦੂਜੇ ਤੋਂ ਸੁਪਰ ਕਹਾਉਣ ਦੂਜੇ ਨੂੰ ਗਿਰਾਉਣ ਵਿੱਚ ਗੁਲਤਾਨ ਹਨ।

18ਵੀਂ ਸਦੀ ਵਿੱਚ ਦੱਖਣ ਪੂਰਵ ਵਲੋਂ ਅੰਗਰੇਜ਼ ਭਾਰਤ ਵਿੱਚ ਪੈਰ ਪਸਾਰਦੇ ਆ ਰਹੇ ਸਨ। ਮੱਧ ਭਾਰਤ ਵਿੱਚ ਮਰਾਠੇ ਆਪਣੇ ਰਾਜ ਨੂੰ ਵਧਾਉਣ ਫੈਲਾਉਣ ਵਿੱਚ ਲਗੇ ਹੋਏ ਸਨ। ਉਤਰ ਵਿੱਚ ਦਿੱਲੀ ਦਾ ਮੁਗਲ ਰਾਜ ਕਮਜੋਰ ਹੋ ਚੁੱਕਾ ਸੀ। ਪੰਜਾਬ ਵਿੱਚ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦੀ 1716 ਵਿੱਚ ਸ਼ਹਾਦਤ ਦੇ ਬਾਅਦ ਤਾਕਤ ਗੁਆ ਚੁੱਕੇ ਸਨ। ਅਫਗਾਨਿਸਤਾਨ ਦੀ ਸੱਤਾ ਉਤੇ ਅਹਿਮਦਸ਼ਾਹ ਦੁੱਰਨੀ ਦਾ ਕਬਜੇ ਹੋ ਗਿਆ ਸੀ। ਉਸ ਨੇ ਲੁੱਚ ਖਸੁਟ ਕਰਨ ਲਈ ਭਾਰਤ ਵੱਲ ਵਧਣਾ ਸੁਰੂ ਕੀਤਾ।

ਅਹਿਮਦ ਸ਼ਾਹ ਦੁੱਰਾਨੀ ਨੇ 1748 ਅਤੇ 1767 ਦੇ ਵਿਚਕਾਰ ਅੱਠ ਵਾਰ ਭਾਰਤ ਉੱਤੇ ਹਮਲਾ ਕੀਤਾ। ਨਾਦਿਰ ਸ਼ਾਹ ਦੀ ਹੱਤਿਆ ਤੋਂ ਬਾਅਦ, ਅਹਿਮਦ ਸ਼ਾਹ ਦੁੱਰਾਨੀ ਨੇ ਅਫਗਾਨਿਸਤਾਨ ਦੀ ਗੱਦੀ ਬੈਠਦਿਆਂ ਹੀ ਅਤੇ ਨੇੜਲੇ ਇਲਾਕਿਆਂ ਤੋਂ ਦੌਲਤ ਲੁੱਟਣ ਲੱਗਾ। ਉਹ ਭਾਰਤ ਵਿਚ "ਰਾਜਸੀ ਅਧਿਕਾਰ" ਸਥਾਪਤ ਕਰਨਾ ਵੀ ਚਾਹੁੰਦਾ ਸੀ। ਉਸ ਦੇ ਸਮੇਂ ਦੌਰਾਨ, ਮੁਗਲ ਸਾਮਰਾਜ ਦਾ ਢਹਿਢੇਰੀ ਹੋ ਰਿਹਾ ਸੀ ਅਤੇ ਉਹ "ਬਿਨਾਂ ਕਿਸੇ ਨੁਕਸਾਨ ਦੇ ਰਾਜਨੀਤਿਕ ਖਲਾਅ" ਨੂੰ ਭਰਨ ਲਈ " ਮੁਗਲ ਰਾਜ ਦੀਆਂ ਜੁੱਤੀਆਂ ਵਿੱਚ ਪੈਰ ਪਾਉਣ ਲਈ ਉਤਸੁਕ ਸੀ।"ਉਹ ਉਤਰੀ ਭਾਰਤ ਵਿੱਚ ਜਿੱਤ ਪਰਾਪਤ ਕਰ ਅੱਗੇ ਵਧ ਰਿਹਾ ਸੀ।

ਅਬਦੁਸ ਸਮਾਦ ਖ਼ਾਨ ਨੂੰ ਸਰਹਿੰਦ ਵਿਖੇ ਆਪਣੀ ਫ਼ੌਜ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਹਰ ਕੋਈ ਉਸ ਦੇ ਬੇਰਹਿਮ ਅਤੇ ਵਹਿਸ਼ੀ ਵਿਵਹਾਰ ਤੋਂ ਬਹੁਤ ਦੁਖੀ ਅਤੇ ਨਾਰਾਜ਼ ਸੀ। ਸੰਨ 1757ਵਿਚ ਚੇਤ ਦੇ ਮਹੀਨੇ ਵਿਚ ਇਕ ਦਿਨ ਉਹ ਪਟਿਆਲੇ ਦੇ ਨੇੜੇ ਪਿੰਡ ਮੁਗਲਮਾਜਰਾ ਤੋਂ ਲੰਘ ਰਿਹਾ ਸੀ, ਉਹ ਭਾਈ ਜੈ ਸਿੰਘ ਕੋਲੋਂ ਲੰਘਿਆ ਪਰ ਭਾਈ ਜੈ ਸਿੰਘ ਆਪਣੇ ਖੂਹ ਦਾ ਸਿਮਰਨ ਕਰਨ ਵਿਚ ਰੁੱਝੇ ਹੋਏ ਸਨ। ਮੁਗਲ ਸੂਬੇਦਾਰ ਨੇ ਆਪਣੇ ਸਿਪਾਹੀਆਂ ਨੂੰ ਭਾਈ ਜੈ ਸਿੰਘ ਨੂੰ ਆਪਣੇ ਕੋਲ ਲਿਆਉਣ ਦਾ ਆਦੇਸ਼ ਦਿੱਤਾ ਅਤੇ ਗੁੱਸੇ ਨਾਲ ਪੁੱਛਿਆ ਕਿ ਉਸਨੇ ਉਸਨੂੰ ਸਲਾਮ ਕਿਉਂ ਨਹੀਂ ਕੀਤਾ। ਇਸ ਤੇ ਭਾਈ ਜੈ ਸਿੰਘ ਨੇ ਜਵਾਬ ਦਿੱਤਾ ਕਿ ਮੈਨੂੰ ਤੁਹਾਡੀ ਮੌਜੂਦਗੀ ਬਾਰੇ ਪਤਾ ਵੀ ਨਹੀਂ ਸੀ ਕਿਉਂਕਿ ਮੈਂ ਗੁਰਬਾਣੀ ਦੇ ਸਿਮਰਨ ਵਿਚ ਰੁੱਝਿਆ ਹੋਇਆ ਸੀ।

ਇਹ ਉਸ ਸਮੇਂ ਦੀ ਪਰੰਪਰਾ ਸੀ ਕਿ ਜਦੋਂ ਕੋਈ ਵੀ ਰਾਜਾ, ਨਵਾਬ ਕਿਸੇ ਇਲਾਕੇ ਵਿਚੋਂ ਲੰਘਦਾ ਸੀ ਤਾਂ ਵਸਨੀਕ ਸਤਿਕਾਰ ਨਾਲ ਉਸ ਅੱਗੇ ਝੁਕਕੇ ਮੱਥਾ ਟੇਕਦੇ ਸਨ। ਪਰੰਪਰਾ ਅਨੁਸਾਰ, ਉਹਨਾ ਦਾ ਸਮਾਨ ਸਥਾਨਕ ਲੋਕਾਂ ਦੁਆਰਾ ਇੱਕ ਪਿੰਡ ਤੋਂ ਅਗਲੇ ਪਿੰਡ ਲਿਜਾਇਆ ਜਾਂਦਾ ਸੀ। ਕੋਤਵਾਲ ਨਿਜ਼ਾਮੁਦੀਨ ਨੇ ਬਾਬਾ ਜੀ ਨੂੰਗਠੜੀ ਚੁੱਕਣ ਦਾ ਆਦੇਸ਼ ਦਿੱਤਾ ਜਿਸ ਵਿਚ ਤੰਬਾਕੂ ਅਤੇ ਇਕ ਹੁੱਕਾ ਦਿਖਾਈ ਦਿੰਦਾ ਸੀ। ਬਾਬਾ ਜੀ ਨੇ ਖਾਨ ਦੇ ਗਠੜੀ ਨੂੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਇਕ ਹੁੱਕਾ ਸੀ। ਉਸ ਨੰ ਕਿਹਾ ਕਿ ਉਹ ਅਮ੍ਰਿਤਧਾਰੀ ਸਿੱਖ ਹੈ ਅਤੇ ਇਸ ਲਈ ਉਸਗਠੜੀ ਨੂੰ ਨਹੀਂ ਚੁੱਕ ਸਕਦਾ ਜਿਸ ਵਿਚ ਤੰਬਾਕੂ ਅਤੇ ਹੁੱਕਾ ਸੀ। ਉਸਨੇ ਅੱਗੇ ਕਿਹਾ ਕਿ ਸਾਡੇ ਗੁਰੂ ਸਾਹਿਬ ਨੇ ਸਾਨੂੰ ਤੰਬਾਕੂ ਨੂੰ ਛੂਹਣ ਤੋਂ ਵੀ ਵਰਜਿਆ ਹੈ। ਮੈਂ ਇਸ ਨੂੰ ਆਪਣੇ ਸਿਰ ਤੇ ਕਿਵੇਂ ਲੈ ਸਕਦਾ ਹਾਂ? ਕੋਤਵਾਲ ਗੁੱਸੇ ਵਿੱਚ ਆ ਗਿਆ ਅਤੇ ਉਸਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਉਸਨੂੰ ਇੱਕ ਲਚਕਦਾਰ ਸੋਟੀ ਨਾਲ ਕੁੱਟਿਆ ਜਾਵੇ, ਉਸਦੀ ਚਮੜੀ ਲਾਹ ਦਿਤੀ ਜਾਵੇ।

ਸਿੱਖ ਧਰਮ ਬੁੱਚ ਪੂਜਾ ਵਿੱਚ ਜਕੀਨ ਨਹੀਂ ਰਖਦਾ। ਬਾਬਾ ਜੀ ਤਸਵੀਰ ਉਲਟਾ ਲਟਕਾਕੇ ਚਮੜੀ ਉਤਾਰਿਆਂ ਦੀ ਹੀ ਉਪਲਭਦ ਹੈ, ਜਿਸ ਨੀ ਵੀ ਇਹ ਯਾਦਗਾਰ ਤਸਵੀਰ ਬਣਾਈ ਹੈ ਉਸ ਦਾ ਸਤਿਕਾਰ ਹੈ। ਇਸ ਤੋਂ ਬਾਬਾ ਜੀ ਦਾ ਚਿਹਰਾ ਠੀਕ ਦਿਖਾਈ ਨਹੀਂ ਦਿੰਦਾ। ਇੱਥੇ ਉਸੇ ਹੀ ਤਸਵੀਰ ਦਾ ਧੜ ਦੇ ਉਪਰ ਵਾਲਾ ਹਿੱਸਾ ਸਿੱਧਾ ਕਰਕੇ ਕੇਵਲ ਪਹਿਚਾਣ ਲਈ ਲਗਾਇਆ ਗਿਆ ਹੈ, ਇਸ ਵਿੱਚ ਕੋਈ ਬਦਲਾਉ ਨਹੀ ਹੈ।

ਮਈ 1757 ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਬੇਟੇ ਤੈਮੂਰ ਸ਼ਾਹ (1746-1793) ਨੂੰ ਪੰਜਾਬ ਦਾ ਵਾਈਸਰਾਏ ਅਤੇ ਜਹਾਨ ਖਾਨ ਨੂੰ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਅਤੇ ਵਾਈਸਰਾਏ ਦਾ ਅਹੁਦਾ ਸੰਭਾਲਣ ਤੋਂ ਬਾਅਦ ਹੀ ਤੈਮੂਰ ਨੇ ਸਰਹਿੰਦ ਦੇ ਮੁਹੰਮਦ ਪਠਾਨ ਅਬਦੁੱਲ ਉਸ-ਸਮਦ ਖ਼ਾਨ ਨੂੰ ਰਾਜਪਾਲ ਨਿਯੁਕਤ ਕੀਤਾ। ਜਿਸ ਦੇ ਆਦੇਸ਼ਾਂ ਹੇਠ ਬਾਬਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤੱਥ ਦੇ ਅਧਾਰ 'ਤੇ ਇਹ ਮੰਨਿਆ ਜਾ ਸਕਦਾ ਹੈ।

ਭਾਈ ਜੈ ਸਿੰਘ ਦਾ ਜਨਮ ਪਟਿਆਲਾ ਨੇੜੇ ਪਿੰਡ ਬਾਰਨਦੇ ਚਮਾਰ ਜਾਤੀ ਪ੍ਰਿਵਾਰ ਵਿਚ ਹੋਇਆ ਸੀ, ਪਿੰਡ ਦਾ ਨਾਮ ਮੁਗਲਮਾਜਰਾ ਸੀ। ਉਨ੍ਹਾਂ ਦੇ ਪਿਤਾ ਇਕ ਅੰਮ੍ਰਿਤਧਾਰੀ ਸਿੱਖ ਸਨ ਅਤੇ ਭਾਈ ਜੈ ਸਿੰਘ ਨੇ ਵੀ ਬਹੁਤ ਛੋਟੀ ਉਮਰ ਤੋਂ ਹੀ ਆਪਣੇ ਪਿਤਾ ਨਾਲ ਸਿੱਖ ਧਰਮ ਅਪਣਾਕੇ ਸੇਵਾ ਸਿਮਰਨ ਕਰਨਾ ਅਰੰਭ ਕਰ ਦਿੱਤਾ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਸਮਰਪਿਤ, ਇਮਾਨਦਾਰ ਅਤੇ ਮਿਹਨਤੀ ਗੁਰਸਿੱਖ ਸਨ। ਉਹਨਾ ਦਿਨਾਂ ਵਿੱਚ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਾਇਆ ਜਾਂਦਾ ਸੀ ਭਾਈ ਜੈ ਸਿੰਘ ਨੇ ਵੀ ਆਪਣੇ ਪਿਤਾ ਨਾਲ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਿਆ ਸੀ। ਭਾਈ ਜੈ ਸਿੰਘ ਦਾ ਸਾਰਾ ਗੁਰਸਿੱਖ ਪ੍ਰਿਵਾਰ ਸੀ।ਬਾਰਨ ਪਟਿਆਲੇ ਤੋਂ 7 ਕਿਲੋਮੀਟਰ ਸਰਹੰਦ ਰੋੜ ਉਪਰ ਸਥਿਤ ਹੈ।

ਖਾਨ ਨੇ ਇਹ ਵਿਕਲਪ ਵੀ ਦਿੱਤਾ ਸੀ ਕਿ ਜੇ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਆਪਣਾ ਸਮਾਨ ਪਟਿਆਲੇ ਲੈ ਜਾਂਦਾ ਹੈ ਤਾਂ ਉਸ ਦੀ ਸਜ਼ਾ ਮੁਆਫ਼ ਕੀਤੀ ਜਾਏਗੀ। ਬਾਬਾ ਜੈ ਸਿੰਘ ਜੀ ਨੇ ਬੜੇ ਨਿਮਰਤਾ ਨਾਲ ਜਵਾਬ ਦਿੱਤਾ ਸੀ ਕਿ ਅਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਕਿਸੇ ਤਰਾਂ ਦੇ ਵਿਚਾਰਾਂ ਨਾਲ ਕੋਈ ਭਰਮਾ ਨਹੀਂ ਸਕਦਾ ਅਤੇ ਨਾਕਿਵੇਂ ਲੁਭਾਇਆ ਜਾ ਸਕਦਾ ਹੈ। ਆਪਣੇ ਧਰਮ ਨੂੰ ਤਿਆਗਣ ਦੀ ਬਜਾਏ ਮੈਂ ਮੌਤ ਨੂੰ ਸਵੀਕਾਰ ਕਰ ਸਕਦਾ ਹਾਂ। ਪਰ ਉਸਦੇ ਪ੍ਰਵਾਰ ਦੇ ਸਾਰੇ ਮੈਂਬਰ ਆਪਣੀ ਧਾਰਮਿਕ ਦ੍ਰਿੜਤਾ ਤੇ ਅੜੇ ਰਹੇ ਅਤੇ ਉਹ ਸਮਾਨ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿੱਚ ਹੁੱਕਾ ਵੀ ਸੀ। ਬਾਬਾ ਜੈ ਸਿੰਘ ਦਾ ਸਿੱਖ ਪੰਥ ਨੂੰ ਸਮਰਕਨ ਤੋਂ ਸਾਜੀ ਨੌਜਵਾਨਾਂ ਨੂੰ ਸਿੱਖਣਾ ਬਣਦਾ ਹੈ।

ਇਹ ਦੇਖਦੇ ਹੋਏ ਕਿ ਬਾਬਾ ਜੈ ਸਿੰਘ ਜੀ ਆਪਣੇ ਫ਼ੈਸਲੇ ਤੇ ਅੜੇ ਹਨ, ਉਸਨੇ ਦੋ ਕਸਾਈ ਬੁਲਾਏ ਅਤੇ ਖੂਹ ਉਤੇ ਬੋਹੜ ਦੇ ਦਰੱਖਤ ਦੇ ਬੰਨ੍ਹ ਕੇ ਉਲਟਾ ਲਟਕਾ ਚਮੜੀ ਉਤਾਰਨ ਦਾ ਹੁਕਮ ਦਿੱਤਾ। ਦੋਨਾਂ ਕਸਾਈਆਂ ਨੇ ਸਭ ਤੋਂ ਪਹਿਲਾਂ ਉਸਦੀ ਕ੍ਰਿਪਾਨ ਅਤੇ ਕਪੜੇ ਉਤਾਰ ਦਿੱਤੇ, ਉਸਦੇ ਕਸ਼ਿਹਰੇ ਤੋਂ ਇਲਾਵਾ ਕੋਈ ਕਪੜਾ ਨਹੀਂ ਸੀ।ਉਸਦੀ ਚਮੜੀ ਨੂੰ ਕਸਾਈ ਉਤਾਰਦੇ ਰਹੇ ਬਾਬਾ ਜੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਇਹ ਬੋਹੜ ਦਾ ਰੁੱਖ ਅੱਜ ਵੀ ਬਾਰਨ ਵਿੱਚ ਮੌਜੂਦ ਹੈ। ਸ਼ਹਾਦਤ ਪਿੰਡ ਮੁਗਲਮਾਜਰਾ ਤੋਂ ਲਗਭਗ ਅੱਧਾ ਮੀਲ ਦੀ ਦੂਰੀ 'ਤੇ ਹੋਈ ਸੀ। ਬਾਬਾ ਜੀ ਦੀ ਪਤਨੀ ਮਾਤਾ ਧੰਨ ਕੌਰ ਜੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਵਿੱਚੋਂ ਵੱਡੇ ਪੁੱਤਰ ਕੜਕ ਸਿੰਘ ਜੀ ਅਤੇ ਛੋਟੇ ਪੁੱਤਰ ਖੜਕ ਸਿੰਘ ਜੀ, ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਫਿਰ ਭਾਈ ਕੜਕ ਸਿੰਘ ਜੀ ਦੀ ਪਤਨੀ ਬੀਬੀ ਅਮਰ ਕੌਰ ਦਾ ਵੀ ਕਤਲ ਕਰ ਦਿੱਤਾ ਗਿਆ।ਭਾਈ ਖੜਕ ਸਿੰਘ ਜੀ ਦੀ ਪਤਨੀ ਰਾਜ ਕੌਰ ਗਰਭਵਤੀ ਸੀ, ਉਹ ਅੰਬਾਲਾ ਵਿਖੇ ਰਿਸ਼ਤੇਦਾਰਾਂ ਕੋਲ ਗਈ ਹੋਈ ਸੀ ਜਿਥੇ ਉਸਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸਦੀ ਔਲਾਦ ਅੰਬਾਲਾ ਅਤੇ ਮੁਹਾਲੀ ਤਹਿਸੀਲ ਮੁਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ, ਵਿੱਚ ਰਹਿ ਰਹੇ ਹਨ।ਖਾਨ ਦੇ ਇਸ ਸਥਾਨ ਨੂੰ ਛੱਡਣ ਤੋਂ ਬਾਅਦ ਪਿੰਡ ਵਾਸੀਆਂ ਨੇ ਪੰਜ ਸ਼ਹੀਦਾਂ ਦੀਆਂ ਦੇਹਾਂ ਦਾ ਸੰਸਕਾਰ ਕਰ ਦਿੱਤਾ ਅਤੇ ਸ਼ਹਾਦਤ ਦੇ ਸਥਾਨ 'ਤੇ ਉਨ੍ਹਾਂ ਦੀ ਯਾਦ ਵਿਚ ਇਕ ਛੋਟੀ ਜਿਹੀ ਮਟੀ ਵੀ ਬਣਾਈ ਗਈ।

ਜਦੋਂ ਇਲਾਕੇ ਦੇ ਪ੍ਰਮੁੱਖ ਸਿੱਖਾਂ ਨੂੰ ਇਸ ਸਾਰੀ ਘਟਨਾ ਬਾਰੇ ਪਤਾ ਲੱਗਿਆ, ਉਨ੍ਹਾਂ ਨੇ ਮੁਗਲਮਾਜਰਾ ਦੇ ਸਾਰੇ ਪਿੰਡ ਨੂੰ ਢਾਹ ਦਿੱਤਾ। ਬਾਅਦ ਵਿਚ, ਪਿੰਡ ਦੇ ਖੰਡਰਾਤ ਅਤੇ ਉਸ ਦੇ ਸ਼ਹੀਦਾਂ ਦੀ ਸਮਾਧੀ ਦੇ ਨੇੜੇ, ਪਿੰਡ ਬਾਰਨ ਦੇ ਨਾਮ ਦੀ ਸਥਾਪਨਾ ਕੀਤੀ ਗਈ।ਬਾਰਨ ਦੇ ਨਾਮ ਰਖਣ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ, ਪਰਕੁੱਝ ਲਗਦਾ ਹੈ, ਇਹ ਸਮਝ ਕੇ ਰਖਿਆ ਹੋਵੇ ਕਿ ਬਾਬਾ ਜੈ ਸਿੰਘ ਨੇ ਗੁਰੂ ਦੇ ਬਚਨ ਨਿਭਾਏ, ਮੌਕੇ ਤੇ ਮੌਜੂਦ ਸਾਰਾ ਪ੍ਰਿਵਾਰ ਹੀ ਵਾਰ ਦਿਤਾ, ਲੇਕਿਨ ਗੁਰੂ ਦੇ ਬਚਨ ਦੀ ਲਾਜ ਰਖ ਵਿਖਾਈ। ਸਿੱਖ ਕੌਮ ਦੇ ਆਉਣ ਵਾਲੇ ਸਮੇਂ ਲਈ ਬਾਬਾ ਜੀ ਦਿਲ ਦੀਆਂ ਗਹਿਰਾਈਆਂ ਨਾਲ ਯਾਦ ਰੱਖਣਗੇ ਅਤੇ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਨੂੰ ਸੱਚ ਸਿੱਖ ਮਾਰਗ ਦਿਖਾਉਣ ਲਈ ਉਹਨਾਂ ਦੇ ਰਿਣੀ ਰਹਿਣਗੇ।

ਬਾਬਾ ਜੈ ਸਿੰਘ ਜੀ ਖਾਲਕਟ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਦੀ ਸ਼ਹਾਦਤ ਦਾ ਸਥਾਨ ਸਮੇਂ ਨਾਲ ਡੂੰਘਾ ਹੋ ਗਿਆ ਸੀ। ਪਾਣੀ ਭਰ ਜਾਂਦਾ ਸੀ, ਸਮੇਂ ਦੇ ਬੀਤਣ ਨਾਲ ਜਦੋਂ ਪਾਣੀ ਸੁੱਕ ਗਿਆ। ਪਿੰਡ ਦੇ ਵਸਨੀਕ ਸਰਦਾਰ ਵਰਿਆਮ ਸਿੰਘ ਨੇ ਇਸ ਸਮਾਧ ਪੱਕਾ ਕਰ ਦਿੱਤਾ। ਪਰ ਹਰ ਬਰਸਾਤ ਦੇ ਮੌਸਮ ਵਿਚ ਨੀਵਾਂ ਇਲਾਕਾ ਹੋਣ ਕਰਕੇ ਸਮਾਧ ਪਾਣੀ ਵਿਚ ਭਰ ਜਾਂਦਾ ਰਿਹਾ ਸੀ। ਸੰਗਤ ਨੇ ਸਮਾਧ ਦੇ ਆਸ ਪਾਸ ਦਾ ਇਲਾਕਾ ਵਧਾ ਦਿੱਤਾ ਪਰ ਸਮਾਧ ਨੀਵੇਂ ਸਥਾਨ ਵਿੱਚ ਰਹੀ, ਕਿਉਂਕਿ ਪਿੰਡ ਵਾਸੀ ਆਪਣੇ ਆਪ ਇਸ ਸਮਾਧ ਵਿੱਚ ਕੋਈ ਵਿਗਾੜ ਪਾਉਣਾ ਨਹੀਂ ਚਾਹੁੰਦੇ ਸਨ। 18 ਵੀਂ ਸਦੀ ਦੌਰਾਨ ਸਿੱਖਾਂ ਨੂੰ ਇੰਨਾ ਤਸੀਹੇ ਦਿੱਤੇ ਗਏ ਕਿ ਉਨ੍ਹਾਂ ਦੀ ਸ਼ਹਾਦਤ ਦੀਆਂ ਘਟਨਾਵਾਂ ਉਨ੍ਹਾਂ ਦੇ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਕੰਮ ਸਿੱਖਾਂ ਦੁਆਰਾ ਅਰਦਾਸ ਵਿਚ ਦਰਜ ਕੀਤੇ ਗਏ। ਸਿੱਖਾਂ ਵਿਚ ਅਰਦਾਸ ਇਕ ਰਸਮ ਵਾਂਗ ਹੈ ਜੋ ਅਰੰਭ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਅਖੀਰ ਵਿਚ ਅਰਦਾਸ ਕਰਦੇ ਰਹੇ ਹਨ, "ਚਰਖੜ੍ਹੀਆਂ ਤੇ ਚੜੇ, ਬੰਦ ਬੰਦ ਕਟਵਾਏ, ਖੋਪੜੀਆਂ ਲਹਾਈਆਂ, ਪੂਠੀਆਂ ਖੱਲਾਂ ਲਹਾਈਆਂ, ਸਿੱਖੀ ਸਿਦਕ ਨਹੀਂ ਹਰਿਆ, ਤਿਨਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ!ਲੇਕਿਨ ਪਤਾ ਨਹੀਂ ਕਿਉਂ ਇਹ ਸਿੱਖ ਅਰਦਾਸ ਵਿੱਚੋ ਅੱ

ਨੀਂਹ ਪੱਥਰ 'ਤੇ ਵਿਸ਼ੇਸ਼

ਸ੍ਰੀ ਹਰਿਮੰਦਰ ਸਾਹਿਬ ਜੀ

ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਿਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇਕ ਅਜਿਹੇ ਧਰਮ ਦੀ ਲੋੜ ਹੈ, ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸਨੂੰ ਅਮਲੀ ਰੂਪ ਦੇਣ ਲਈ ਕਿ ਸੰਸਾਰ ਵਿਚ ਇਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ, ਜਿੱਥੇ ਅੱਠੇ ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ ਅਤੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ, ਜੋ ਸੰਸਾਰ ਵਿਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਰਪੁਰ ਰਹਿ ਕੇ ਕੀਤਾ। ਗੁਰੂ ਅਮਰਦਾਸ ਜੀ ਨੇ ਗੋਂਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿ-ਰਮਾਣ ਕਰਕੇ ਸਿੱਖ ਧਰਮ ਦਾ ਕੇਂਦਰ ਬਣਾਇਆ। ਫਿਰ ਉਹਨਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਜਦਕਿ ਗੁਰੂਆਂ ਨੇ ਪਹਿਲਾਂ ਉਥੇ ਜ਼ਮੀਨ ਲੈ ਰੱਖੀ ਸੀ। ਇੱਥੇ ਇਕ ਨਗਰ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਜੀ ਨੇ ਵਿਉਂਤਬ-ਂਦੀ ਕੀਤੀ। ਗੁਰੂ ਰਾਮਦਾਸ ਜੀ ਦੁਆਰਾ 1577 ਵਿਚ ਬਣਵਾਏ ਗਏ ਸਰੋਵਰ ਤੇ ਉਸਾਰਿਆ ਗਿਆ। ਇਸਦੀ ਨੀਂਹ 28 ਦਸੰਬਰ 1588 ਨੂੰ ਸੂਫੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ ਗਈ। ਜੋ ਧਰਮ ਨਿਰਪੱਖਤਾ ਦਾ ਆਦਰਸ਼ ਪੇਸ਼ ਕਰਦੀ ਹੈ। ਇਸ ਸਮੇਂ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜ੍ਹਾਅ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਜੀ ਨੇ ਇਸਨੂੰ ਜ਼ਮੀਨੀ ਹੇਠਲੇ ਪੱਧਰ 'ਤੇ ਬਣਵਾਇਆ। ਇਸਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬ ਦੇ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸ਼ਾਂ ਪ੍ਰਦੇਸ਼ਾਂ ਤੋਂ ਰੋਜ਼ਾਨਾ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ ਲੱਗਭੱਗ 1604 ਨੂੰ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਿਮੰਦਰ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸਦੀ ਕਲਾਕ੍ਰਿਤੀ ਬਣਤਰ ਅਤੇ ਹੁਨਰ ਅਦੁੱਤੀ ਹੈ। ਜੋ ਵਿਸ਼ਵ ਪ੍ਰਸਿੱਧ ਮਿਸਾਲ ਹੈ। ਇਹ ਇਕ ਵਿਲੱਖਣ ਧਾਰਮਿਕ ਕੇਂਦਰ ਹੈ, ਜਿਹਨਾਂ ਨੇ ਵੀ ਇਸ ਧਾਰਮਿਕ ਸਥਾਨ ਦੇ ਦਰਸ਼ਨ ਕੀਤੇ ਹਨ, ਕਹਿ ਉੱਠਦੇ ਹਨ 'ਡਿਠੈ ਸਭੇ ਥਾਵ ਨਹੀਂ ਤੁਧ ਜੇਹਿਆ- ਅੰਗ 1362

ਅੰਮ੍ਰਿਤਸਰ ਦਾ ਪਹਿਲਾ ਨਾਂ 'ਚੱਕ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਂ ਅਮਰਸਰ ਸੀ' ਜਿਸਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਕੀਤਾ। ਇੱਥੇ ਪਹਿਲਾਂ ਇਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ, ਜਿੱਥੇ ਅੱਠੇ ਪਹਿਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨ ਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਕ ਰੱਖੀ। ਸਿੱਖੀ ਦੀ ਹਸਤੀ ਨੂੰ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਜੋ ਹਰਿ-ਮੰਦਰ ਸਾਹਿਬ ਤੋਂ ਮਿਲਦੀ ਹੈ। ਮੁਗਲਾਂ ਦੀ ਸਾਜ਼ਿਸ਼ ਸੀ ਕਿ ਪਹਿਲਾਂ 1733 ਵਿਚ ਸਿੱਖਾਂ ਦੇ ਕਪੂਰ ਸਿੰਘ ਨੂੰ ਨਵਾਬੀ ਦਿੱਤੀ ਤੇ 1735 ਵਿਚ ਵਾਪਸ ਲੈ ਲਈ ਤਾਂ ਸਿੱਖਾਂ ਨੂੰ ਫਿਰ ਜੰਗਲਾਂ ਵਿਚ ਸ਼ਰਨ ਲੈਣੀ ਪਈ। ਭਾਈ ਮਨੀ ਸਿੰਘ ਜੀ 1737 ਵਿਚ ਸ਼ਹੀਦ ਕਰ ਦਿੱਤਾ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ। ਉਸਨੇ ਸਰੋਵਰ ਦੀ ਪਵਿੱਤਰਤਾ ਭੰਗ ਕਰਦਿਆਂ ਸਰੋਵਰ ਹੀ ਪੂਰ ਦਿੱਤਾ। ਤੇ ਹਰਿਮੰਦਰ ਨੂੰ ਆਪਣੀ ਐਸ਼-ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸੇ ਰੰਗੜ ਦਾ ਸਿਰ ਜਾ ਵੱਢਿਆ। ਜਦ ਅੰਮ੍ਰਿਤਸਰ ਦਾ ਇਲਾਵਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸ. ਗੁਰਬਖਸ਼ ਸਿੰਘ ਤੇ 30 ਸਿੰਘ ਸ਼ਹੀਦ ਹੋਏ। ਸਿੰਘਾਂ ਨੇ ਪੈਸਾ ਇਕੱਠਾ ਕਰਕੇ ਹਰਿਮੰਦਰ ਸਾਹਿਬ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਜੀ ਨੇ ਆਪਣੇ 6 ਸਾਲ ਦੇ ਗੁਰੂ ਕਾਲ ਵਿਚ ਦਿਨ ਰਾਤ ਇਕ ਕਰਕੇ ਇਸ ਪਵਿੱਤਰ ਅਸਥਾਨ ਨੂੰ ਵਿਕਸਤ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖਤ ਸਾਹਿਬ ਅਤੇ ਲੋਹਗੜ੍ਹ ਦੀ ਸਥਾਪਨਾ ਕਰਕੇ ਇਸਨੂੰ ਹੋਰ ਵਿਸ਼ਾਲ ਅਤੇ ਆਜ਼ਾਦ ਬਣਾ ਦਿੱਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਦੂਰ-ਦੂਰ ਤੋਂ ਵੱਖ ਵੱਖ ਧੰਦਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ ਗਿਆ। ਜਿਸ ਨਾਲ ਇਹ ਇਕ ਅਜਿਹਾ ਸ਼ਹਿਰ ਬਣ ਗਿਆ ਕਿ ਇਸਦੀ ਸ਼ੋਭਾ ਦੇਸ਼ਾਂ-ਵਿਦੇਸ਼ਾਂ ਵਿਚ ਹੋਣ ਲੱਗੀ। ਇੱਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵੱਸੇ। ਦਰਸ਼ਕਾਂ ਦਾ ਇਸ ਸ਼ਾਂਤ ਵਾਤਾਵਰਣ ਵਿਚ ਆਉਣਾ ਜਾਣਾ ਹੋ ਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ। ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੂੰ ਸੇਵਾ ਸੌਂਪ ਕੇ ਆਪ ਸਤੰਬਰ 1, 1581 ਨੂੰ ਗੋਇੰਦਵਾਲ ਜਾ ਕੇ ਜੋਤੀ ਜੋਤ ਸਮਾ ਗਏ।

ਇਸ ਮਹਾਨ ਸਿੱਖਾਂ ਦੇ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ। ਜੋ ਹੁਣ ਜਰਨੈਲੀ ਸੜਕ 'ਤੇ ਹੈ। ਪਹਿਲੇ ਸਮਿਆਂ ਵਿਚ ਕਦੀ ਸੜਕ ਤਰਨਤਾਰਨ ਤੋਂ ਗੋਇੰਦਵਾਲ ਹੋ ਕੇ ਲੰਘਦੀ ਸੀ। ਇੱਥੋਂ ਲੰਘ ਕੇ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਜਾ ਧਾਵਾ ਬੋਲਦੇ ਸਨ। ਗੁਰੂ ਸਾਹਿਬਾਨ ਨੇ ਰੱਖਿਆ ਲਈ ਇਸ ਮਾਰਗ ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਅਸਥਾਨ ਬਣਾਉਣਾ ਚਾਹੁੰਦੇ ਸਨ। ਧਾਰਮਿਕ ਸੁਤੰਤਰਤਾ ਕਾਇਮ ਰੱਖਣ ਲਈ ਤਰਨਤਾਰਨ ਖਡੂਰ ਸਾਹਿਬ ਗੋਇੰਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇਸੇ ਕਰਕੇ ਹੀ ਤਾਂ ਸਿੰਘਾਂ ਨੇ ਸਿਕੰਦਰ ਦੀਆਂ ਫੌਜਾਂ ਅਤੇ ਅਹਿ-ਮਦਸ਼ਾਹ ਅਬਦਾਲੀ ਦੀਆਂ ਫੌਜਾਂ ਦਾ ਮੁਕਾਬਲਾ ਕਰਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਭਗਤੀ ਅਤੇ ਸ਼ਕਤੀ ਨੇ ਸਿੰਘਾਂ 'ਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸ. ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਬਾਬਾ ਦੀਪ ਸਿੰਘ ਜਿਹੇ ਬਹਾਦਰਾਂ ਨੇ ਜਾਲਮ ਦੇ ਮੂੰਹ ਮੋੜ ਦਿੱਤੇ। ਇਸ ਰੂਹਾਨੀ ਸ਼ਕਤੀ ਦੀ ਪ੍ਰੇਰਨਾ ਗੁਰਬਾਣੀ ਪ੍ਰਵਾਹ ਤੇ ਹਰਿਮੰਦਰ ਅੰਮ੍ਰਿਤਸਰ ਤੋਂ ਮਿਲੀ ਹੈ, ਜਿਸ ਵਿਚ ਬੱਚੇ-ਬੁੱਢੇ, ਔਰਤਾਂ-ਮਰਦਾਂ ਨੇ ਧਰਮ ਯੁੱਧ ਲਈ ਕੁਰਬਾਨੀਆਂ ਦਿੱਤੀਆਂ ਅਤੇ ਗਾਉਂਦੇ ਰਹੇ- ਸਿਰ ਜਾਏ ਤਾਂ ਜਾਏ ਮੇਰੀ ਸਿਖੀ ਸਿਦਕ ਨਾ ਜਾਏ।

ਅਫਗਾਨੀ, ਮੁਗਲਾਂ ਤੇ ਅੰਗਰੇਜ਼ਾਂ ਨੇ ਸਮੇਂ-ਸਮੇਂ ਅੰਮ੍ਰਿਤਸਰ 'ਤੇ ਕਈ ਵਾਰ ਹਮਲੇ ਕੀਤੇ। ਇਸਦੀ ਇਮਾਰਤ ਨੂੰ ਨਸ਼ਟ ਕੀਤਾ। ਹਰ ਵਾਰੀ ਇਸਨੂੰ ਮੁਕਤ ਕਰਾਉਣ ਲਈ ਅਤੇ ਇਸਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰੇ ਸਹੇੜਨੇ ਪਏ, ਜਿਹਨਾਂ ਵਿਚ ਸਿੰਘਾਂ ਨੂੰ ਤਸ਼ੱਦਦ ਸਹਿਣੇ ਪਏ।

ਪਰ ਸਿੰਘਾਂ ਨੇ ਹਮੇਸ਼ਾ ਡੱਟ ਕੇ ਮੁਕਾਬਲਾ ਕੀਤਾ। ਅਸਾਵੀਆਂ ਜੰਗਾਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿਚ ਗੁਰਦੁਆਰਾ ਐਕਟ ਬਣਨ ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫੌਜ ਨੇ 'ਨੀਲਾ ਤਾਰਾ' ਸਾਕਾ ਹੇਠ ਇਸ 'ਤੇ ਹਮਲਾ ਕੀਤਾ। ਇਮਾਰਤੀ ਨੁਕਸਾਨ, ਸਿੱਖ ਸਾਹਿਤ ਅਤੇ ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਵੈਰੀਆਂ ਦੀਆਂ ਲੱਖਾਂ ਕੋ-ਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੱਖਾ ਨਾਲ ਟੱਕਰ ਲਈ ਪਰ ਸਿੱਖੀ ਦੇ ਗੁਰਧਾਮ ਵੱਸਦੇ ਰਹੇ।

ਝੂਲਤੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ- ਨਿੱਤ ਮੁਹਿੰਮਾਂ ਨੂੰ ਝੱਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਵਿਚ ਚੜ੍ਹਦੀ ਕਲਾ ਵਿਚ ਰਹੇ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਦੁਆਰਾ ਸਥਾਪਤ ਕਰਕੇ ਉਨਤੀ ਕਰ ਰਹੇ ਹਨ। ਜਿਸ ਨਾਲ ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਹਿਚਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ ਧਰਮ ਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਸੋਝੀ ਜੀਵਨ ਜਾਚ ਪ੍ਰਦਾਨ ਕਰਦਾ ਹੈ। ਗੁਰਦੁਆਰਿਆਂ ਰਾਹੀਂ ਗੁਰਬਾਣੀ ਨਾਲ ਜੁੜ ਕੇ ਸੋਝੀ ਪ੍ਰਾਪਤ ਹੁੰਦੀ ਹੈ।

ਕੈਨੇਡਾ ਦਾ ਸਟਾਰਟ-ਅਪ ਵੀਜ਼ਾ ਪ੍ਰੋਗਰਾਮ ਕਿਵੇਂ ਪੀਆਰ ਦੇ ਰਾਹ ਖੋਲ੍ਹ ਰਿਹਾ, ਪਰ ਇਸ ਕਤਾਰ 'ਚ ਪੰਜਾਬੀ ਘੱਟ ਕਿਉਂ

ਸਟਡੀ ਵੀਜ਼ਾ, ਟੂਰਿਸਟ ਵੀਜ਼ਾ, ਵਰਕ ਵੀਜ਼ਾ, ਸਪਾਊਸ ਵੀਜ਼ਾ, ਕੈਨੇਡਾ ਜਾਣ ਲਈ ਇਹ ਵੀਜ਼ਾ ਤਾਂ ਕਾਫ਼ੀ ਪੰਜਾਬੀਆਂ ਦੀ ਪਹਿਲੀ ਪਸੰਦ ਹਨ ਪਰ ਪਿਛਲੇ ਦਿਨਾਂ 'ਚ ਕੈਨੇਡਾ ਸਣੇ ਕਈ ਮੁਲਕਾਂ ਵੱਲੋਂ ਵੀਜ਼ੇ ਦੀਆਂ ਸ਼ਰਤਾਂ ਤੇ ਨਿਯਮ ਬਦਲੇ ਜਾ ਰਹੇ ਹਨ। ਸਮਝਿਆ ਜਾ ਰਿਹਾ ਹੈ ਕਿ ਇਹ ਸਭ ਕੁਝ ਇਮੀਗ੍ਰੇਸ਼ਨ ਨੂੰ ਸੀਮਿਤ ਕਰਨ ਦਾ ਤਰੀਕਾ ਹੈ। ਪਰ ਇੱਥੇ ਅਸੀਂ ਇੱਕ ਅਜਿਹੇ ਪ੍ਰੋਗਰਾਮ ਦਾ ਜ਼ਿਕਰ ਰਹੇ ਹਾਂ ਜੋ ਕੈਨੇਡਾ ਵਸਣ ਦੇ ਚਾਹਵਾਨਾਂ ਲਈ ਚੰਗਾ ਬਦਲ ਹੋ ਸਕਦਾ ਹੈ। ਜੇਕਰ ਤੁਹਾਡੇ ਕੋਲ ਕਾਰੋਬਾਰ ਦਾ ਇੱਕ ਪੁਖ਼ਤਾ ਆਈਡਿਆ ਹੈ ਤਾਂ ਤੁਹਾਡੇ ਲਈ ਹੋਰ ਮੌਜੂਦਾ ਬਦਲਾਂ ਚੋਂ ਇੱਕ ਹੈ ਸਟਾਰਟ-ਅਪ ਵੀਜ਼ਾ। ਪਰ ਇਹ ਵੀਜ਼ਾ ਕੀ ਹੈ, ਇਸ ਲਈ ਕੌਣ-ਕੌਣ ਅਪਲਾਈ ਕਰ ਸਕਦਾ ਹੈ ਅਤੇ ਤੁਹਾਨੂੰ ਇਸ ਲਈ ਚਾਹੀਦਾ ਕੀ ਹੈ, ਇਹ ਸਭ ਜਾਣਕਾਰੀ ਅਸੀਂ ਤੁਹਾਡੇ ਨਾਲ ਇਸ ਲੇਖ ਵਿੱਚ ਸਾਂਝੀ ਕਰਾਂਗੇ।

ਕੈਨੇਡਾ ਦਾ ਸਟਾਰਟ ਅਪ ਵੀਜ਼ਾ ਪ੍ਰੋਗਰਾਮ ਹੈ ਕੀ?

ਕੈਨੇਡਾ ਦਾ ਸਟਾਰਟ ਅਪ ਵੀਜ਼ਾ ਯੋਗ ਉੱਦਮੀਆਂ ਦਾ 'ਪਰਮਾਨੈਂਟ ਰੈਜ਼ੀਡੈਂਸ' ਯਾਨਿ ਪੀਆਰ ਦਾ ਸੁਪਨਾ ਪੂਰਾ ਕਰ ਸਕਦਾ ਹੈ। ਅਧਿਕਾਰਤ ਤੌਰ 'ਤੇ ਇਸ ਨੂੰ ਕੈਨੇਡਾ ਸਟਾਰਟ ਅਪ ਕਲਾਸ ਕਿਹਾ ਜਾਂਦਾ ਹੈ ਪਰ ਆਮ ਬੋਲਚਾਲ ਦੀ ਭਾਸ਼ਾ 'ਚ ਇਸ ਨੂੰ ਸਟਾਰਟ ਅਪ ਵੀਜ਼ਾ ਪ੍ਰੋਗਰਾਮ ਯਾਨੀ ੍ਹੜ ਕਹਿੰਦੇ ਹਨ। ਇਸ ਪ੍ਰੋਗਰਾਮ ਦਾ ਮੰਤਵ ਸਿਰਜਨਾਤਮਕ ਉੱਦਮੀਆਂ ਨੂੰ ਇੱਕ ਮੰਚ ਦੇਣਾ ਹੈ। ਇਸ ਤਹਿਤ ਇਨ੍ਹਾਂ ਉੱਦਮੀਆਂ ਨੂੰ ਕੈਨੇਡਾ ਦੇ ਨਿਜੀ ਸੈਕਟਰ ਦੇ ਨਿਵੇਸ਼ਕਾਂ ਨਾਲ ਜੋੜਿਆ ਜਾਂਦਾ ਹੈ ਤਾਂਕਿ ਉਹ ਆਪਣਾ ਸਟਾਰਟ-ਅਪ ਬਿਜ਼ਨੇਸ ਸ਼ੁਰੂ ਕਰ ਸਕਣ। ਪਹਿਲਾਂ ਇਹ ਉੱਦਮੀ, ਕੈਨੇਡੀਅਨ ਨਿਵੇਸ਼ਕਾਂ ਦੇ ਸਹਿਯੋਗ ਨਾਲ ਵਰਕ ਪਰਮਿਟ 'ਤੇ ਕੈਨੇਡਾ ਆਉਂਦੇ ਹਨ ਅਤੇ ਫਿਰ ਜਦੋਂ ਉਨ੍ਹਾਂ ਦਾ ਸਟਾਰਟ-ਅਪ ਬਿਜ਼ਨੇਸ ਖੜ੍ਹਾ ਹੋ ਜਾਂਦਾ ਹੈ ਅਤੇ ਲੋੜੀਂਦੇ ਮਾਪਦੰਡਾਂ ਨੂੰ ਪੂਰਾ ਕਰ ਲੈਂਦਾ ਹੈ, ਤਾਂ ਉਨ੍ਹਾਂ ਨੂੰ ਪਰਮਾਨੈਂਟ ਰੈਜ਼ੀਡੈਂਸ ਯਾਨਿ ਪੀਆਰ ਮਿਲ ਜਾਂਦੀ ਹੈ।

ਸਟਾਰਟ ਅਪ ਵੀਜ਼ਾ ਪ੍ਰੋਗਰਾਮ ਲਈ ਯੋਗਤਾ ਕੀ ਹੈ?

ਕੈਨੇਡਾ ਦੀ ਸਰਕਾਰੀ ਵੈੱਬਸਾਈਟ ਦੇ ਮੁਤਾਬਕ, ਤੁਹਾਡਾ ਬਿਜ਼ਨੇਸ ਆਇਡੀਆ ਪ੍ਰੋਗਰਾਮ ਲਈ ਯੋਗ ਹੋਣਾ ਚਾਹੀਦਾ ਹੈ। ਜਿਸ ਕੈਨੇਡੀਅਨ 'ਡੈਜ਼ੀਗਨੇਟਿਡ ਐਨਟਿਟੀ' ਯਾਨੀ ਨਿਵੇਸ਼ ਕਰਨ ਵਾਲੀ ਕੰਪਨੀ ਦਾ ਸਹਿਯੋਗ ਲਿਆ ਜਾ ਰਿਹਾ ਹੈ, ਉਸ ਵੱਲੋਂ ਦਿੱਤਾ ਗਿਆ 'ਕਮਿਟਮੈਂਟ ਸਰਟੀਫਿਕੇਟ' ਅਤੇ 'ਲੈਟਰ ਆਫ਼ ਸਪੋਰਟ' ਹੋਣਾ ਚਾਹੀਦਾ ਹੈ। ਲੋੜੀਂਦੇ ਉਪਲਬਧ ਅਤੇ ਤਬਾਦਲੇਯੋਗ ਸੈਟਲਮੈਂਟ ਫੰਡ ਹੋਣੇ ਚਾਹੀਦੇ ਹਨ। ਅੰਗਰੇਜ਼ੀ ਜਾਂ ਫ੍ਰੈਂਚ ਭਾਸ਼ਾ 'ਚ ਘੱਟੋ-ਘੱਟ ਕੈਨੇਡਾ ਦੇ ਭਾਸ਼ਾ ਬੈਂਚਮਾਰਕ ਦਾ ਪੱਧਰ 5 ਪਾਸ ਹੋਣਾ ਚਾਹੀਦਾ ਹੈ।

ਡੇਜ਼ਿਗਨੇਟਡ ਐਨਟੀਟੀ (Deisgnated Enitty) ਕੀ ਹੈ?-

ਅਸੀਂ ਜਦੋਂ ਯੋਗਤਾ ਬਾਰੇ ਦੱਸ ਰਹੇ ਸੀ ਤਾਂ ਅਸੀਂ ਇੱਕ ਟਰਮ ਲਿਖੀ ਡੇਜ਼ਿਗਨੇਟਡ ਐਨਟੀਟੀ।ਆਓ ਜਾਣੀਏ ਕੀ ਇਹ ਕੀ ਹੁੰਦਾ ਹੈ। ਦਰਅਸਲ ਡੇਜ਼ਿਗਨੇਟਿਡ ਐਨਟੀਟੀ ਮੋਟੇ ਤੌਰ ਉੱਤੇ ਉਹ ਅਦਾਰਾ ਹੈ, ਜਿਸ ਨੇ ਤੁਹਾਡੇ ਆਈਡੀਆ ਵਿੱਚ ਪੈਸਾ ਲਗਾਉਣਾ ਹੈ। ਕੈਨੇਡਾ ਦੇ ਪ੍ਰਾਈਵੇਟ ਸੈਕਟਰ ਵਿੱਚ ਇਹ ਮੁੱਖ ਤੌਰ ਉੱਤੇ ਤਿੰਨ ਤਰੀਕੇ ਦੇ ਹੁੰਦੇ ਹਨ। ਪਹਿਲਾ 'ਏਂਜਲ ਇਨਵੈਸਟਰ' ਦੂਜਾ 'ਵੈਨਚਰ ਕੈਪੀਟਲ ਫੰਡ' ਅਤੇ ਤੀਜਾ 'ਬਿਜ਼ਨੇਜ਼ ਕਿਊਬੇਟਰ' ਹੁਣ ਇਨ੍ਹਾਂ ਤਿੰਨਾਂ ਬਾਰੇ ਜਾਣ ਵੀ ਲੈਂਦੇ ਹਾਂ। ਏਂਜਲ ਇਨਵ

ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ

'ਲੰਬੜਾਂ ਦਾ ਲਾਣਾ' ਸਾਰਾ ਗੁਰਪਾਲ ਦੇ ਨਾਲ

ਕੋਈ ਸ਼ੱਕ ਨਹੀਂ ਕਿ ਸਾਰਾ ਗੁਰਪਾਲ ਸੋਹਣੀ ਰੱਜ ਕਿ ਹੈ ਤੇ ਇਸ ਵਿੱਚ ਵੀ ਦੂਜੀ ਰਾਏ ਨਹੀਂ ਕਿ ਇਹ ਨਾਇਕਾ ਅਭਿਨੈ ਦੀ ਮਾਹਿਰ ਹੈ। ਨਿਰਦੇਸ਼ਕ ਤਾਜ ਦੀ ਫ਼ਿਲਮ 'ਲੰਬੜਾਂ ਦਾ ਲਾਣਾ' ਨਾਲ 2024 ਵਿੱਚ ਪਰਦੇ ਤੇ ਸਾਰਾ ਗੁਰਪਾਲ ਬਬਲ ਰਾਏ ਨਾਲ ਆ ਰਹੀ ਹੈ। ਸਾਰਾ ਨੇ ਕਿਹਾ ਕਿ ਇਹ ਮਜ਼ਾਹੀਆ ਤੇ ਰੋਮਾਂਟਿਕ ਮਨਰੰਜਨ ਨਾਲ ਭਰੀ ਫ਼ਿਲਮ ਹੈ ਤੇ ਸਟਾਰ ਕਲਾਕਾਰ ਫ਼ਿਲਮ ਦਾ ਹਿੱਸਾ ਹਨ । ਸਾਰਾ ਗੁਰਪਾਲ ਨੂੰ ਸੌ ਪ੍ਰਤੀਸ਼ਤ ਉਮੀਦ ਐ ਕਿ 'ਲੰਬੜਾਂ ਦਾ ਲਾਣਾ' ਓਸ ਦੀ ਗੱਡੀ ਲੀਹ ਤੇ ਲਿਆਏਗਾ ਤੇ ਇਹ ਫ਼ਿਲਮ ਚਲ ਗਈ ਤਾਂ ਸਾਰਾ ਪਾਲੀਵੁੱਡ ਸਾਰਾ। ਸਾਰਾ ਕਰੇਗਾ। ਸਾਬਾਸ਼! ਸਾਰਾ ਗੁਰਪਾਲ ਕਰਦੇ ਕਮਾਲ– ਇਸ ਨਵੇਂ ਸਾਲ।

ਰਮੇਸ਼ ਨੁੱਸੀਵਾਲ – ਬਣਿਆ ਕਾਮਯਾਬ ਨਿਰਮਾਤਾ

ਗਾਇਕੀ ਵਿੱਚ ਜਿਸ ਸਕਸ਼ ਨੇ ਹੰਸ ਰਾਜ ਹੰਸ, ਸਾਬਰਕੋਟੀ ਨਾਲ ਸਟੇਜਾਂ ਸਾਂਝੀਆਂ ਕੀਤੀਆਂ ਹੋਣ ਓਸ ਦੀ ਬੱਲੇ ਬੱਲੇ ਤਾਂ ਪੱਕੀ ਹੁੰਦੀ ਹੈ ਤੇ ਰਮੇਸ਼ ਨੁੱਸੀਵਾਲ ਓਹ ਗਾਇਕ ਏ ਜਿਸਨੇ ਇਹਨਾਂ ਮਹਾਂਰਥੀਆਂ ਦੇ ਹੁੰਦਿਆਂ ਆਪਣਾ ਨਾਮ ਬਣਾਇਆ। ਅੱਜ ਵੀ ਓਸ ਦੀ ਗਾਇਕੀ ਸੂਫ਼ੀ ਰੰਗ ਨੂੰ ਪੇਸ਼ ਕਰਦੀ ਹੈ।

ਰਮੇਸ਼ ਹੁਣ ਟੀਵੀ ਪ੍ਰੋਗਰਾਮਾਂ ਦਾ ਨਿਰਮਾਤਾ ਬਣ ਨਵੇਂ ਰੂਪ ਨਾਲ ਸਾਹਮਣੇ ਆਏ ਹਨ ਹੁਣੇ ਹੀ ਡੀ ਡੀ ਪੰਜਾਬੀ ਤੇ 'ਜੀ ਆਇਆਂ ਨੂੰ 2024' ਬਣਾ ਪੇਸ਼ ਕੀਤਾ ਤੇ ਹੁਣ ਵਿਸਾਖੀ ਤੇ ਓਹ ਪ੍ਰੋਗਰਾਮ ਬਣਾ ਰਹੇ ਹਨ । ਹੁਣ ਗਾਇਕੀ ਦੇ ਨਾਲ ਨਵੀਂ ਤੇ ਨਾਮਵਰ ਗਾਇਕੀ ਲੋਕਾਂ ਸਨਮੁੱਖ ਕਰਨ ਦੀ ਜਿੰਮੇਵਾਰੀ ਓਹਨਾਂ ਸੰਭਾਲੀ ਹੈ। ਇੱਕ ਗੱਲ ਹੋਰ ਇਹ ਵਿਚਾਰ ਰਮੇਸ਼ ਨੂੰ ਓਸ ਦੀ ਧਰਮ ਪਤਨੀ ਨੇ ਦਿੱਤਾ ਸੀ ਕਿ ਨਿਰਮਾਤਾ ਬਣ ਸੰਗੀਤ ਗਾਇਕੀ ਦੀ ਸੇਵਾ ਕਰਨ ਦਾ ਨਜ਼ਾਰਾ ਵੀ ਹੋਰ ਹੈ।

ਸਾਵਨ ਰੂਪੋਵਾਲੀ– ਕਾਮਯਾਬੀ ਦਾ ਸਾਵਨ ਵਰਨ੍ਹ ਲੱਗਾ

ਅੰਮ੍ਰਿਤਸਰੀ ਕੁੜੀ ਸਾਵਨ ਰੂਪੋਵਾਲੀ ਇਸ ਸਾਲ ਪੰਜਾਬੀ ਫ਼ਿਲਮਾਂ ਵਿੱਚ ਸਰਗਰਮ ਰਹੇਗੀ। 'ਚੰਡੀਗੜ੍ਹ ਕਰੇ ਆਸ਼ਕੀ', 'ਗੁੜੀਆ' ਤੇ 'ਹਰਜੀਤਾ' ਫ਼ਿਲਮਾਂ ਦੀ ਇਹ ਨਾਇਕਾ ਵੱਡੇ ਸਟਾਰ ਲੋਕਾਂ ਨਾਲ ਨਾਇਕਾ ਬਣ ਆ ਚੁੱਕੀ ਹੈ ।ਹਿੰਦੀ ਫ਼ਿਲਮਾਂ ਵੱਲ ਦੌੜਨ ਦੀ ਥਾਂ ਸਾਵਨ ਰੂਪੋਵਾਲੀ ਨੇ ਪਾਲੀਵੁੱਡ ਵਿੱਚ ਆਪਣਾ ਅਧਾਰ ਹੋਰ ਮਜ਼ਬੂਤ ਕਰਨਾ ਹੈ। ਸਾਵਨ ਮੰਨਦੀ ਹੈ ਕਿ ਹੁਣ ਮਿਹਨਤ ਤੇ ਝੱਟ ਪੱਟ ਕੰਮ ਕਰਨ ਦਾ ਵਕਤ ਹੈ ਤੇ ਪਿੱਛੇ ਦੇਖਣ ਦੀ ਥਾਂ ਅੱਗੇ ਵਧਣ ਲਈ ਓਸ ਨੂੰ ਹੋਰ ਚੁਸਤੀ ਫੁਰਤੀ ਦਿਖਾਉਣੀ ਪੈਣੀ ਹੈ ਤੇ ਸਾਵਨ ਰੂਪੋਵਾਲੀ ਬਣ ਕਾਮਯਾਬੀ ਦਾ ਸਾਵਨ ਬਰਸਣ ਲਈ ਤਿਆਰ ਹੈ। ਰੂਪ ਪੱਖੋਂ ਘਾਟ ਨਹੀਂ, ਐਕਟਿੰਗ ਵੱਲੋਂ ਨੰਬਰ ਮੈਰਿਟ ਵਾਲੇ ਨੇ ਤੇ ਕਿਸਮਤ ਵੀ ਸਾਥ ਦੇ ਰਹੀ ਹੈ, ਫਿਰ ਸਾਵਨ ਲਈ ਸਾਲ 24 ਵਧੀਆ ਹੀ ਲੱਗਦਾ ਹੈ।



ਗੁਰਦੀਪ ਸੰਧੂ ਦੀਆਂ ਹੀਰੋਇਨਾਂ ਹੁੰਦੀਆਂ ਨੇ ਕਾਮਯਾਬ

ਕਰਮਾਂ ਵਾਲਾ ਹੀਰੋ ਟੀਵੀ ਵਾਲੇ ਗੁਰਦੀਪ ਸੰਧੂ ਨੂੰ ਆਖਦੇ ਨੇ ਤੇ ਗੀਤ ਸੰਗੀਤ ਤੇ ਫ਼ਿਲਮੀ ਸਿਤਾਰਿਆਂ ਦੀ ਦੁਨੀਆਂ ਵੀ ਮੰਨਦੀ ਹੈ ਕਿ ਹੂ ਬ੍ਹ ਹੂ ਜਤਿੰਦਰ ਦੀ ਸ਼ਕਲ। ਓਸ ਜਿਹੇ ਅੰਦਾਜ਼ ਓਸ ਨੂੰ ਕਾਮਯਾਬ ਨਾਇਕ ਦਾ ਰੁਤਬਾ ਦਿਵਾ ਦੇਣਗੇ। ਇੱਕ ਹੋਰ ਅਹਿਮ ਗੱਲ ਗੁਰਦੀਪ ਬਾਬਤ ਇਹ ਕਿ ਓਸ ਨਾਲ ਜਿੰਨੀਆਂ ਹੀਰੋਇਨਾਂ ਨੇ ਕੰਮ ਕੀਤਾ ਸਾਰੀਆਂ ਦੀ ਕਿਸਮਤ ਖੁੱਲ੍ਹ ਗਈ। ਸ਼ੈਲਾ ਦੀ ਪਰਿਵਾਰਕ ਕਿਸਮਤ ਖੁਸ਼ ਗਵਾਰ ਹੋਈ ਤੇ ਸ਼ਵੇਤਾ ਨੂੰ ਮਾਡਲ ਵਜੋਂ ਤਰੱਕੀ ਮਿਲੀ।ਰਾਪਾਲੀ, ਨੀਤੂ ਤੇ ਭੁਪਿੰਦਰ ਟੀਵੀ ਸਟਾਰ ਬਣੀਆਂ ਹਨ। ਗੁਰਦੀਪ ਸੰਧੂ ਨਾਲ ਹੀਰੋਇਨਾਂ ਆਈਆਂ ਵਿਚੋਂ ਜੈਨੀਫਰ ਰਿਮਿਕਸ ਸਟਾਰ ਬਣੀ ਹੈ। ਇਸ ਤੇ ਗੁਰਦੀਪ ਸੰਧੂ ਨੇ ਕਿਹਾ ਕਿ ਚਲੋ ਮੇਰੀ ਮੌਜੂਦਗੀ ਕਿਸੇ ਦੇ ਸਿਤਾਰੇ ਚਮਕਾ ਦੇਵੇ ਤਾਂ ਭਲਾ ਹੀ ਹੈ। ਵੈਸੇ ਸੰਧੂ ਦੀਆਂ ਵੀ ਚਾਰ ਫ਼ਿਲਮਾਂ ਤਿਆਰ ਹਨ।

ਕਰਮ ਕੌਰ ਦੇ ਕਰਮਾਂ ਨਾਲ ਕੋਈ ਰਲਿਆ– ਕੋਈ ਨਾ

ਕਰਮ ਕੌਰ ਦੇ ਕਰਮ ਨੀਲੀ ਛੱਤ ਵਾਲੇ ਨੇ ਸੋਹਣੇ ਲਿਖੇ ਕਿ ਹਰ ਨਵੇਂ ਦਿਨ ਨਵਾਂ ਕੰਮ ਇਸ ਕਰਮਾਂ ਵਾਲੀ ਕੋਲ ਹੁੰਦਾ ਹੈ।ਹੁਣੇ ਹੀ ਸ਼ਾਹਬਾਜ਼ ਖਾਂ ਨਾਲ 'ਕਰਮੋਂ ਕਾ ਫਲ' ਹਿੰਦੀ ਫ਼ਿਲਮ ਆਈ ਤੇ ਨਾਲ ਹੀ ਰਮਨ ਪੰਨੂ ਨਾਲ 'ਸੂਟ ਚੱਕਵੇਂ" ਗਾਣਾ ਆ ਗਿਆ ਹੈ। ਮਾਡਲ ਬਣ ਨੇਰੀ ਲਿਆ ਰਹੀ ਚੰਡੀਗੜ ਵਾਲੀ ਕਰਮ ਨੇ ਟੀਵੀ ਤੇ ਵੀ ਭਾਰਤ ਭਰ ਵਿੱਚ 'ਉਡਾਰੀਆਂ' ਨਾਲ ਉਡਾਰੀ ਮਾਰੀ ਹੈ ਤੇ ਪੰਜਾਬੀ ਫ਼ਿਲਮਾਂ ਵੀ ਕਰ ਰਹੀ ਹੈ। ਪਤਲੋ ਜਿਹੀ ਇਹ ਸਾਂਵਲੀ ਸਲੋਨੀ ਨੇ ਗਲੈਮਰ ਦੁਨੀਆਂ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਨਹੀਂ ਰੀਸਾਂ ਕਰਮ ਦੇ ਕਰਮਾਂ ਦੀਆਂ ਤੇ ਕਰਮ ਕੌਰ ਦੀ ਕਰਮ ਰੇਖਾ ਓਸ ਤੇ ਮਿਹਰਬਾਨ।

ਦੀਪਕ ਬਾਲੀ ਹੈ ਤੇ ਪੰਜਾਬੀ ਮਨੋਰੰਜਨ ਜ਼ਿੰਦਾਬਾਦ

ਮਨਮੋਹਨ ਵਾਰਿਸ ਨੇ ਅਜੇ ਦੇਵਗਨ ਦੀ ਫ਼ਿਲਮ ਲਈ ਗਾ ਲਿਆ ਤੇ ਵਾਰਿਸ ਭਰਾਵਾਂ ਦੀ ਕਾਮਯਾਬੀ ਲਈ ਪਰਦੇ ਪਿੱਛੇ ਰਹਿ ਕਿ ਹੀਰੋ ਦਾ ਕਿਰਦਾਰ ਦੀਪਕ ਬਾਲੀ ਨੇ ਅਦਾ ਕੀਤਾ ਹੈ।ਦੀਪਕ ਬਾਲੀ ਨੇ ਸੰਗੀਤ ਟਰੈਕ 'ਨਵੀਂ ਕ੍ਰਾਂਤੀ' ਵਾਰਿਸ ਦੀ ਮੌਜੂਦਗੀ ਵਿੱਚ ਲੋਕ ਅਰਪਣ ਕੀਤਾ ।ਖਾਸ ਗੱਲ ਕਿ ਪੰਜਾਬੀ ਫ਼ਿਲਮਾਂ, ਗਾਇਕੀ ਤੇ ਸੰਗੀਤ ਲਈ ਸਪੀਕਰ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਤੋਂ ਵੀ ਪੰਜਾਬੀ ਮਨੋਰੰਜਨ ਸੰਸਾਰ ਦੇ ਵਿਕਾਸ ਲਈ ਸਹੂਲਤਾਂ ਦਾ ਪਿਟਾਰਾ ਖੁਲਵਾ ਲਿਆ ।ਪੰਜਾਬੀ ਮਾਂ ਬੋਲੀ ਨੂੰ ਨਾਜ਼ ਏ ਆਪਣੇ ਸ਼ਰਵਨ ਪੁੱਤਰ ਦੀਪਕ ਬਾਲੀ ਤੇ ਸਾਬਾਸ਼! ਦੀਪਕ ਬਾਲੀ ਪੰਜਾਬੀ ਫ਼ਿਲਮਾਂ,ਸੰਗੀਤ ਤੇ ਕਲਾ ਲਈ ਸਭ ਨੂੰ ਜੋੜਨਾ ਤੇ ਵਿਕਾਸ ਲਈ ਸਰਗਰਮੀ ਜਵਾਬ ਨਹੀਂ ਤੁਹਾਡਾ ਬਾਲੀ ਸਾਬ।

ਇੰਦਰ ਕੁਮਾਰ– ਜਨਮ ਪੰਜਾਬ ਦਾ, ਨਾਗਰਿਕ ਅਮਰੀਕਨ ਤੇ ਫ਼ਿਲਮਾਂ ਕਰੇ ਹਾਲੀਵੁੱਡ ਦੀਆਂ

160 ਤੋਂ ਜਿਆਦਾ ਤੇ ਓਹ ਵੀ ਹਾਲੀਵੁੱਡ ਦੀਆਂ ਫ਼ਿਲਮਾਂ ਕਰ ਲੈਣੀਆਂ ਇੱਕ ਪੰਜਾਬ ਦੇ ਜੰਮਪਲ ਵੱਲੋਂ ਅੱਜ ਤੱਕ ਦੇ ਫਿਲਮੀ ਇਤਿਹਾਸ ਵਿੱਚ ਕਿਸੇ ਪੰਜਾਬੀ ਦਾ ਪਹਿਲਾ ਤੇ ਸ਼ਾਇਦ ਭਾਰਤੀ ਵੀ ਦਾ ਪਹਿਲਾ ਇਹ ਕਾਰਨਾਮਾ ਹੈ।ਓਹ ਹੈ ਇੰਦਰ ਕੁਮਾਰ ਜਿਸ ਨੇ ਹੋਰ ਅੱਗੇ ਜਾਂਦੇ ਹੋਏ 2 ਫ਼ਿਲਮਾਂ ਦਾ ਨਿਰਮਾਣ ਵੀ ਹਾਲੀਵੁੱਡ ਫ਼ਿਲਮਾਂ ਦਾ ਕੀਤਾ ਹੈ ।ਇੰਦਰ ਕੁਮਾਰ ਦੀਆਂ ਚਰਚਿਤ ਫ਼ਿਲਮਾਂ ਵਿੱਚ "ਯੰਗ ਵਾਰ" ਤੇ "ਕੈਪਟਨ ਅਮਰੀਕਾ "ਸ਼ਾਮਿਲ ਹਨ।ਇੰਦਰ ਨੇ ਵਿਨ ਮੁਰਾਲੇ ਤੋਂ ਇਲਾਵਾ ਹਾਲੀਵੁੱਡ ਦੇ ਹਰ ਸਟਾਰ ਨਾਲ ਵੱਖ ਵੱਖ ਕਿਰਦਾਰ ਨਿਭਾਏ ਹਨ।ਇੰਦਰ ਕੁਮਾਰ ਬਹੁਤ ਦੇਰ ਤੋਂ ਯੂ ਐਸ ਏ ਰਹਿ ਰਹੇ ਹਨ। ਓਹ ਦੱਸਦੇ ਨੇ ਕਿ ਐਕਟਿੰਗ ਦੇ ਨਾਲ ਓਹ ਹਾਲੀਵੁੱਡ ਫ਼ਿਲਮਾਂ ਲਈ ਸਟੰਟ ਵੀ ਕਰਦੇ ਹਨ। ਓਹਨਾਂ ਦੱਸਿਆ ਕੀ ਸ਼ੌਂਕ ਫ਼ਿਲਮੀ ਸੀ ਪਰ ਕੁਦਰਤ ਦੇਖੋ ਅੰਗਰੇਜ਼ੀ ਵਿੱਚ ਮੁਹਾਰਿਤ ਹੋਣ ਕਾਰਣ ਅੰਗਰੇਜ਼ੀ ਫ਼ਿਲਮਜ਼ ਤੋਂ ਓਹਨਾਂ ਸ਼ੌਂਕ ਪੂਰੇ ਕਰਦੇ ਕਰਦੇ ਹਾਲੀਵੁੱਡ ਵਿੱਚ ਆਪਣਾ ਨਾਮ ਚਰਚਿਤ ਐਕਟਰ ਵੱਜੋਂ ਬਣਾ ਲਿਆ। ਇੰਦਰ ਕੁਮਾਰ ਹੁਣ "ਕਿਸ ਮੀ ਕੋਰਸ" ਹਾਲੀਵੁੱਡ ਫ਼ਿਲਮ ਆਪ ਬਣਾ ਰਹੇ ਹਨ। ਇਹ ਇੱਕ ਸ਼ਾਨਦਾਰ ਪ੍ਰੇਮ ਕਹਾਣੀ ਹੋਏਗੀ। ਇੰਦਰ ਕੁਮਾਰ ਨੇ ਆਪਣੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਹ ਅੰਮ੍ਰਿਤਸਰ ਜ਼ਿਲੇ ਦੇ ਮਸ਼ਹੂਰ ਕਸਬੇ ਬਿਆਸ ਦੇ ਹਨ।ਓਹਨਾਂ ਦੇ ਪਿਤਾ ਡਾਕਟਰ ਭਾਰਦਵਾਜ ਪੰਜਾਬ ਦੇ ਵਿਧਯਾਕ ਰਹੇ ਹਨ ਪਰ ਸ਼ੌਂਕ ਓਹ ਰਾਜਨੇਤਾ ਨਹੀਂ ਅਭਿਨੇਤਾ ਬਣੇ ਹਨ। ਨਾਲ ਹੀ ਅਮਰੀਕਾ ਵਿੱਚ ਓਹਨਾਂ ਨੇ ਆਪਣੇ ਮਿੱਤਰ ਮੰਡਲ ਨਾਲ ਮਿਲ ਪੰਜਾਬੀ ਗਾਇਕਾਂ ਦੇ ਪ੍ਰੋਗਰਾਮ ਕਰਵਾ ਕਿ ਸੰਗੀਤ ਤੇ ਸੱਭਿਆਚਾਰ ਨੂੰ ਉਤਸ਼ਾਹ ਦਿੱਤਾ ਹੈ। ਪੰਜਾਬੀ ਗਾਇਕ ਕਾਕਾ ਤੇ ਬਾਲੀਵੁੱਡ ਦੇ ਬੀ ਪ੍ਰਾਕ ਦੇ ਸ਼ੋ ਅਮਰੀਕਾ ਦੀ ਜ਼ਮੀਨ ਤੇ ਇੰਦਰ ਕੁਮਾਰ ਨੇ ਕਰਵਾਏ ਹਨ।ਗੱਲ ਹਿੰਦੀ ਫ਼ਿਲਮਾਂ ਦੀ ਤਾਂ ਸਮਾਂ ਹੀ ਹਾਲੀਵੁੱਡ ਨੂੰ ਦਿੱਤਾ ਤੇ ਭਾਰਤ ਆਓਣ ਜਾਣ ਸਿਮਟ ਕਿ ਰਹਿ ਜਾਂਦਾ ਏ ਤੇ ਹਾਂ ਕਦੇ ਮੌਕਾ ਮਿਲਿਆ ਤਾਂ ਓਹ ਜ਼ਰੂਰ ਬਾਲੀਵੁੱਡ ਤੇ ਹਾਲੀਵੁੱਡ ਸਟਾਰ ਇੱਕਠੇ ਕਰ ਫ਼ਿਲਮ ਬਣਾ ਸਕਦੇ ਹਨ।ਇਸ ਤਰਾਂ ਹੀ ਓਹ ਪੰਜਾਬੀ ਫ਼ਿਲਮ ਵੀ ਕਰਨੀ ਚਾਹੁੰਦੇ ਹਨ ਪਰ ਹਾਲੀਵੁੱਡ ਤੋਂ ਸਮਾਂ ਨਹੀਂ ਮਿਲ ਰਿਹਾ। ਹੁਣ ਤੇ ਇਹੀ ਉਮੀਦ ਐ ਕਿ ਓਹ ਕਿਸੇ ਹਾਲੀਵੁੱਡ ਫ਼ਿਲਮ ਲਈ "ਆਸਕਰ ਐਵਾਰਡ" ਪ੍ਰਾਪਤ ਕਰਨ।ਇੰਦਰ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਜਨਮ ਲਿਆ ਤੇ ਹਾਲੀਵੁੱਡ ਦੀਆਂ 200 ਫ਼ਿਲਮਜ਼ ਤੱਕ ਕਰ ਲੈਣੀਆਂ ਇੱਕ ਆਪਣੇ ਆਪ ਵਿੱਚ ਵੱਖਰਾ ਇਤਿਹਾਸ ਏ ਤੇ ਇਹ ਮੌਕਾ ਕਦੇ ਹੀ ਕਿਸੇ ਨੂੰ ਖਾਸ ਕਰ ਪੰਜਾਬੀ ਜਾਂ ਭਾਰਤੀ ਨੂੰ ਮਿਲਿਆ ਹੋਏ। ਇੰਦਰ ਕੁਮਾਰ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਤੇ ਆਸ ਕਿ ਹਾਲੀਵੁੱਡ ਕਲਾਕਾਰਾਂ ਨਾਲ ਓਹ ਆਪਣੀ ਬੋਲੀ ਪੰਜਾਬੀ ਦੀ ਇੱਕ ਫ਼ਿਲਮ ਜਰੂਰ ਬਣਾਉਣ।

ਇੰਦਰ ਕੁਮਾਰ ਦਾ ਸ਼ੌਂਕ ਤੇਜ਼ ਹਵਾਈ ਜਹਾਜ ਉਡਾਉਣਾ ਤੇ ਕਾਰਾਂ ਦੇ ਖਤਰਨਾਕ ਸਟੰਟ ਹਨ ।ਇੰਦਰ ਦੀ ਆਦਤ ਨੇਕੀ ਤੇ ਨਸ਼ਾ ਰਹਿਤ ਰਹਿਣਾ ਹੈ ਤੇ ਸੁਭਾਅ ਮਿਲਵਰਤਨ ਵਾਲਾ ਹੈ ਤੇ ਹਾਂ ਹਾਲੀਵੁੱਡ ਦੀਆਂ ਚੋਟੀ ਦੀਆਂ ਅਭਿਨੇਤਰੀਆਂ ਦੇ ਪ੍ਰੇਮ ਜਾਲ ਤੋਂ ਓਹ ਬਚ ਕਿ ਹੀ ਰਿਹਾ ਹੈ ਕਯੋਂ ਕਿ ਜਿੰਨਾ ਨੇ ਕੁੱਝ ਬਣ ਕਿ ਦਿਖਾਉਣਾ ਹੁੰਦਾ ਏ ਓਹ ਫਾਲਤੂ ਕੰਮ ਤੋਂ ਪਰਹੇਜ਼ ਕਰਦੇ ਹਨ ।ਇਹ ਏ ਇੰਦਰ ਕੁਮਾਰ ਦਾ ਅਭਿਨੈ ਲਈ ਸਮਰਪਣ ਜਿਹੜਾ ਓਸ ਦੀ ਸਫਲਤਾ ਦਾ ਰਾਜ ਹੈ।

– ਅੰਮ੍ਰਿਤ ਪਵਾਰ